ਸੋਮਵਾਰ, 10 ਫਰਵਰੀ, 2025
28 ਮਾਘ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 251

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 10 FEBRUARY, 2025 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਛੱਤੀਸਗੜ੍ਹ ’ਚ 31 ਨਕਸਲੀ ਮਾਰੇ

## ਦੋ ਜਵਾਨਾਂ ਦੀ ਵੀ ਜਾਨ ਗਈ, 650 ਤੋਂ ਵੱਧ ਜਵਾਨਾਂ ਨੇ ਚਲਾਇਆ ਅਪ੍ਰੇਸ਼ਨ



**ਰਾਇਪੁਰ** : ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਦੇ ਜੰਗਲ ’ਚ ਪੁਲਸ ਨੇ ਐਤਵਾਰ 31 ਨਕਸਲੀ ਮਾਰ ਦਿੱਤੇ। ਦੋ ਜਵਾਨ ਵੀ ਮਾਰੇ ਗਏ ਤੇ ਦੋ ਜ਼ਖਮੀ ਹੋ ਗਏ।

ਉਪ ਮੁੱਖ ਮੰਤਰੀ ਵਿਜੇ ਸ਼ਰਮਾ ਨੇ ਦੱਸਿਆ ਕਿ 650 ਤੋਂ ਵੱਧ ਜਵਾਨਾਂ ਨੇ ਇੰਦਰਾਵਤੀ ਨੈਸ਼ਨਲ ਪਾਰਕ ਏਰੀਏ ਵਿੱਚ ਕਈ ਪਾਸਿਆਂ ਤੋਂ ਦਾਖਲ ਹੋ ਕੇ 31 ਨਕਸਲੀਆਂ ਨੂੰ ਉਨ੍ਹਾਂ ਦੇ ਘੁਰਨੇ ’ਚ ਖਤਮ ਕਰ ਦਿੱਤਾ। ਮੁੱਖ ਮੰਤਰੀ ਵਿਸ਼ਣੂ ਦਿਓ ਸਾਏ ਨੇ ਕਿਹਾ ਕਿ ਸੂਬੇ ਤੇ ਦੇਸ਼ ਵਿੱਚ ਨਕਸਲਵਾਦ ਦਾ ਖਾਤਮਾ ਯਕੀਨੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਵਿੱਚ ਸੂਬਾ ਮਾਰਚ 2026 ਤੱਕ ਨਕਸਲ-ਮੁਕਤ ਹੋ ਜਾਵੇਗਾ। ਸੁਰੱਖਿਆ ਬਲਾਂ ਨੂੰ ਲਗਾਤਾਰ ਸਫਲਤਾ ਮਿਲ ਰਹੀ ਹੈ। ਕੈਂਸਰ ਰੂਪੀ ਨਕਸਲਵਾਦ ਯਕੀਨਨ ਖਤਮ ਕਰ ਦਿੱਤਾ ਜਾਵੇਗਾ।

ਇਨ੍ਹਾਂ 31 ਨਕਸਲੀਆਂ ਨੂੰ ਮਾਰਨ ਦੇ ਨਾਲ ਸੁਰੱਖਿਆ ਬਲ ਮੁਕਾਬਲਿਆਂ ਵਿੱਚ ਇਸ ਸਾਲ ਹੁਣ ਤਕ 81 ਨਕਸਲੀਆਂ ਨੂੰ ਮਾਰ ਚੁੱਕੇ ਹਨ। ਇਨ੍ਹਾਂ ਵਿੱਚੋਂ 65 ਬਸਤਰ ਡਵੀਜ਼ਨ ਵਿੱਚ ਮਾਰੇ ਗਏ ਹਨ। ਪਿਛਲੇ ਸਾਲ 219 ਨਕਸਲੀ ਮਾਰੇ ਗਏ ਸਨ। ਚਾਰ ਅਕਤੂਬਰ ਨੂੰ ਬਸਤਰ ਖੇਤਰ ’ਚ ਨਾਰਾਇਣਪੁਰ-ਦਾਂਤੇਵਾੜਾ ਜ਼ਿਲ੍ਹਿਆਂ ਦੀ ਹੱਦ ’ਤੇ 38 ਨਕਸਲੀ ਮਾਰੇ ਗਏ ਸਨ।

ਬਸਤਰ ਰੇਂਜ ਦੇ ਆਈ ਜੀ ਪੁਲਸ ਸੁੰਦਰਰਾਜ ਨੇ ਦੱਸਿਆ ਕਿ ਜਦੋਂ ਐਂਟੀ-ਨੈਕਸਲਾਈਟ ਅਪ੍ਰੇਸ਼ਨ ਤਹਿਤ ਜਵਾਨ ਸਵੇਰੇ ਪਾਰਕ ਦੇ ਇੱਕ ਜੰਗਲ ’ਚ ਦਾਖਲ ਹੋਏ ਤਾਂ ਗੋਲੀਬਾਰੀ ਸ਼ੁਰੂ ਹੋ ਗਈ। ਅਪ੍ਰੇਸ਼ਨ ’ਚ ਡਿਸਟ੍ਰਿਕਟ ਰਿਜ਼ਰਵ ਗਾਰਡ (ਡੀ ਆਰ ਜੀ), ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਤੇ ਬਸਤਰ ਫਾਈਟਰਜ਼ ਦੇ ਜਵਾਨ ਸ਼ਾਮਲ ਸਨ। ਇਹ ਸਭ ਸੂਬਾਈ ਪੁਲਸ ਦੇ ਯੂਨਿਟ ਹਨ। ਇੱਕ ਅਧਿਕਾਰੀ ਨੇ ਦੱਸਿਆ ਕਿ ਗੋਲੀਬਾਰੀ ਤੋਂ ਬਾਅਦ ਸਰਚ ਦੌਰਾਨ ਵਰਦੀਧਾਰੀ 31 ਨਕਸਲੀਆਂ ਦੀਆਂ ਲਾਸ਼ਾਂ ਮਿਲੀਆਂ। ਏ ਕੇ-47, ਇਨਸਾਸ, ਐੱਸ ਐੱਲ ਆਰ, ਥ੍ਰੀ ਨਾਟ ਥ੍ਰੀ ਰਾਈਫਲਾਂ ਤੇ ਬੈਰਲ ਗ੍ਰੇਨੇਡ ਲਾਂਚਰਾਂ (ਬੀ ਜੀ ਐੱਲ) ਵਰਗੇ ਕਾਫੀ ਹਥਿਆਰ ਤੇ ਬੰਬ ਵੀ ਬਰਾਮਦ ਹੋਏ। ਡੀ ਆਰ ਜੀ ਤੇ ਐੱਸ ਟੀ ਐੱਫ ਦੇ ਇੱਕ-ਇੱਕ ਜਵਾਨ ਦੀ ਜਾਨ ਗਈ ਤੇ ਦੋ ਹੋਰ ਜ਼ਖਮੀ ਹੋ ਗਏ, ਜਿਹੜੇ ਖਤਰੇ ਤੋਂ ਬਾਹਰ ਹਨ। ਇਲਾਕੇ ਵਿੱਚ ਹੋਰ ਨਫਰੀ ਘੱਲੀ ਗਈ ਹੈ ਤੇ ਸਰਚ ਅਪ੍ਰੇਸ਼ਨ ਜਾਰੀ ਹੈ।

# ਟਰੰਪ ਗੁੱਸਾ ਖਾ ਗਿਆ




**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਦੇ ਰੈਜ਼ੋਲਯੂਟ ਡੈੱਸਕ ਪਿੱਛੇ ਬੈਠੇ ਖਰਬਾਂਪਤੀ ਐਲਨ ਮਸਕ ਦੀ ਸਰਵਰਕ ’ਤੇ ਫੋਟੋ ਛਾਪ ਕੇ ਪੰਦਰਵਾੜਾ ‘ਟਾਈਮ’ ਰਸਾਲੇ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਗੁੱਸੇ ਕਰ ਦਿੱਤਾ ਹੈ। ਟਰੰਪ ਨੇ ਸਰਕਾਰੀ ਖਰਚੇ ਘਟਾਉਣ ਲਈ ਨਵੇਂ ਬਣਾਏ ਵਿਭਾਗ ‘ਡਿਪਾਰਟਮੈਂਟ ਆਫ ਗਵਰਮੈਂਟ ਐਫੀਸ਼ੀਐਂਸੀ’ (ਡੀ ਓ ਜੀ ਈ) ਦਾ ਮੁਖੀ ਮਸਕ ਨੂੰ ਬਣਾਇਆ ਹੈ। ਜਦੋਂ ਇਕ ਰਿਪੋਰਟਰ ਨੇ ਟਰੰਪ ਨੂੰ ਇਸ ਤਸਵੀਰ ਬਾਰੇ ਪੁੱਛਿਆ ਤਾਂ ਟਰੰਪ ਨੇ ਕਿਹਾ ਕਿ ਟਾਈਮ ਰਸਾਲਾ ਅਜੇ ਵੀ ਨਿਕਲ ਰਿਹਾ ? ਉਸ ਨੇ ਦੇਖਿਆ ਨਹੀਂ। ਇਹ ਉਹੀ ਟਰੰਪ ਹਨ, ਜਿਨ੍ਹਾਂ ਦੀ 2024 ਵਿੱਚ ਰਾਸ਼ਟਰਪਤੀ ਚੋਣ ਜਿੱਤਣ ’ਤੇ ਟਾਈਮ ਨੇ ‘ਸਾਲ 2024 ਦੀ ਸ਼ਖਸੀਅਤ’ ਵਜੋਂ ਤਸਵੀਰ ਛਾਪੀ ਸੀ। ਟਾਈਮ ਨੇ 2016 ਦੀ ਰਾਸ਼ਟਰਪਤੀ ਚੋਣ ਵਿੱਚ ਹਿਲੇਰੀ ਕਲਿੰਟਨ ਨੂੰ ਹਰਾਉਣ ਤੋਂ ਬਾਅਦ ਟਰੰਪ ਨੂੰ ਵਰ੍ਹੇ ਦੀ ਸ਼ਖਸੀਅਤ ਦੱਸਿਆ ਸੀ। ਟਾਈਮ ਨੇ ਨਵੀਂ ਤਸਵੀਰ ਵਿੱਚ ਮਸਕ ਨੂੰ ਰਾਸ਼ਟਰਪਤੀ ਦੇ ਝੰਡੇ ਤੇ ਅਮਰੀਕੀ ਝੰਡੇ ਵਿਚਾਲੇ ਕੌਫੀ ਦੇ ਮੱਗ ਨਾਲ ਦਿਖਾਇਆ ਹੈ। ਰਸਾਲੇ ਨੇ ਇਸ ਨਾਲ ਸਿਮੋਨ ਸ਼ੁਸਟਰ ਤੇ ਬ੍ਰੀਅਨ ਬੈਨੇਟ ਦਾ ਲੇਖ ਛਾਪਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਟਰੰਪ ਨੇ ਆਪਣੇ ਹੱਕ ਵਿੱਚ ਪ੍ਰਚਾਰ ਕਰਨ ਵਾਲੇ ਮਸਕ ਨੂੰ ਸਰਕਾਰ ਨੂੰ ਆਪਣੇ ਏਜੰਡੇ ਮੁਤਾਬਕ ਚਲਾਉਣ ਦੀਆਂ ਤਾਕਤਾਂ ਦੇ ਦਿੱਤੀਆਂ ਹਨ। (ਰੈਜ਼ੋਲਯੂਟ ਡੈੱਸਕ ਜਹਾਜ਼ ਐੱਚ ਐੱਮ ਐੱਸ ਰੈਜ਼ੋਲਯੂਟ ਵਿੱਚ ਲੱਗੀ ਓਕ ਦੀ ਲੱਕੜੀ ਦਾ ਬਣਿਆ ਹੈ ਅਤੇ ਬਰਤਾਨੀਆ ਦੀ ਮਹਾਰਾਣੀ ਵਿਕਟੋਰੀਆ ਨੇ 1880 ਵਿੱਚ ਅਮਰੀਕੀ ਰਾਸ਼ਟਰਪਤੀ ਰਦਰਫੋਰਡ ਬੀ ਹੇਸ ਨੂੰ ਤੋਹਫੇ ਵਿੱਚ ਦਿੱਤਾ ਸੀ। ਉਦੋਂ ਤੋਂ ਅਮਰੀਕੀ ਰਾਸ਼ਟਰਪਤੀ ਇਸ ਨੂੰ ਵਰਤਦੇ ਆ ਰਹੇ ਹਨ, ਪਰ ਲਿੰਡਨ ਬੀ ਜੌਨਸਨ, ਰਿਚਰਡ ਨਿਕਸਨ ਤੇ ਗੇਰਾਲਡ ਆਰ ਫੋਰਡ ਨੇ ਨਹੀਂ ਵਰਤਿਆ। ਟਰੰਪ ਨੇ ਚੋਣ ਪ੍ਰਚਾਰ ਦੌਰਾਨ ਕਿਹਾ ਸੀ ਕਿ ਉਹ ਇਸ ਡੈੱਸਕ ਨੂੰ ਨਹੀਂ ਵਰਤਣਗੇ ਕਿਉਂਕਿ ਰਾਸ਼ਟਰਪਤੀ ਜੋਅ ਬਾਇਡੇਨ ਨੇ ਉਸ ਨੂੰ ਗੰਦਾ ਕਰ ਦਿੱਤਾ ਹੈ।)

# ਸੰਤ ਨਿਰੰਜਣ ਦਾਸ ਦੀ ਅਗਵਾਈ ’ਚ 1500 ਸ਼ਰਧਾਲੂ ਕਾਸ਼ੀ ਲਈ ਰਵਾਨਾ



**ਜਲੰਧਰ (ਸੁਰਿੰਦਰ ਕੁਮਾਰ)**-ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਡੇਰਾ ਬੱਲਾਂ ਦੇ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਦੀ ਅਗਵਾਈ ਵਿੱਚ ਲਗਪਗ 1500 ਸ਼ਰਧਾਲੂ ਐਤਵਾਰ ਬਾਅਦ ਦੁਪਹਿਰ ਬੇਗ਼ਮਪੁਰਾ ਐਕਸਪ੍ਰੈਸ ਰਾਹੀਂ ਇੱਥੋਂ ਕਾਸ਼ੀ ਲਈ ਰਵਾਨਾ ਹੋਏ। ਇਨ੍ਹਾਂ ਵਿੱਚ 800 ਐੱਨ ਆਰ ਆਈਜ਼ ਵੀ ਸਨ। 24 ਬੋਗੀਆਂ ਵਾਲੀ ਗੱਡੀ 10 ਫਰਵਰੀ ਨੂੰ ਬਨਾਰਸ ਪਹੁੰਚੇਗੀ ਅਤੇ ਪ੍ਰਕਾਸ਼ ਪੁਰਬ ਸਮਾਗਮਾਂ ਦੀ ਸਮਾਪਤੀ ਤੋਂ ਬਾਅਦ 13 ਫਰਵਰੀ ਨੂੰ ਰਵਾਨਾ ਹੋ ਕੇ 14 ਫਰਵਰੀ ਨੂੰ ਜਲੰਧਰ ਰੇਲਵੇ ਸਟੇਸ਼ਨ ਪਹੁੰਚੇਗੀ।

# ਭਾਜਪਾ ਤੋਂ ਵਾਅਦੇ ਪੂਰੇ ਕਰਵਾਵਾਂਗੇ : ਆਤਿਸ਼ੀ

**ਨਵੀਂ ਦਿੱਲੀ** : ਦਿੱਲੀ ਵਿੱਚ ਸੱਤਾ ਤੋਂ ਬਾਹਰ ਹੋਣ ਤੋਂ ਇੱਕ ਦਿਨ ਬਾਅਦ ਐਤਵਾਰ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਐਤਵਾਰ ਆਪਣੇ ਨਿਵਾਸ ਸਥਾਨ ’ਤੇ 22 ਨਵੇਂ ਚੁਣੇ ਗਏ ਵਿਧਾਇਕਾਂ ਨਾਲ ਮੁਲਾਕਾਤ ਕੀਤੀ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਅਹੁਦਾ ਛੱਡਣ ਵਾਲੀ ਮੁੱਖ ਮੰਤਰੀ ਆਤਿਸ਼ੀ ਨੇ ਕਿਹਾ ਕਿ ਪਾਰਟੀ ਇੱਕ ਉਸਾਰੂ ਵਿਰੋਧੀ ਧਿਰ ਦੀ ਭੂਮਿਕਾ ਨਿਭਾਏਗੀ ਅਤੇ ਇਹ ਯਕੀਨੀ ਬਣਾਏਗੀ ਕਿ ਭਗਵਾ ਪਾਰਟੀ 8 ਮਾਰਚ ਤੱਕ ਔਰਤਾਂ ਨੂੰ 2,500 ਰੁਪਏ ਪ੍ਰਤੀ ਮਹੀਨਾ ਅਦਾ ਕਰੇ, ਜਿਵੇਂ ਕਿ ਉਸਨੇ ਵਾਅਦਾ ਕੀਤਾ ਸੀ, 300 ਯੂਨਿਟ ਮੁਫਤ ਬਿਜਲੀ ਦੇਵੇ ਅਤੇ ਲੋਕਾਂ ਲਈ ਹੋਰ ਸਹੂਲਤਾਂ ਜਾਰੀ ਰੱਖੇ। ਇਸ ਤੋਂ ਪਹਿਲਾਂ ਮੁੱਖ ਮੰਤਰੀ ਆਤਿਸ਼ੀ ਨੇ ਉਪ ਰਾਜਪਾਲ ਵੀ ਕੇ ਸਕਸੈਨਾ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ।

ਉੱਧਰ ਦਿੱਲੀ ਅਸੈਂਬਲੀ ਚੋਣਾਂ ਵਿੱਚ ਭਾਜਪਾ ਨੂੰ 48 ਸੀਟਾਂ ਨਾਲ ਮਿਲੀ ਸ਼ਾਨਦਾਰ ਜਿੱਤ ਮਗਰੋਂ ਹੁਣ ਸਭ ਦੀਆਂ ਨਜ਼ਰਾਂ ਅਗਲੇ ਮੁੱਖ ਮੰਤਰੀ ਚਿਹਰੇ ’ਤੇ ਹਨ।

ਭਾਜਪਾ ਪਿਛਲੇ ਦਸ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਕੇਂਦਰ ਦੀ ਸੱਤਾ ’ਤੇ ਕਾਬਜ਼ ਹੈ, ਪਰ ਦਿੱਲੀ ਵਿੱਚ ਸਰਕਾਰ ਬਣਾਉਣ ’ਚ ਨਾਕਾਮ ਰਹੀ। ਇਹੀ ਨਹੀਂ, ਭਾਜਪਾ ਪਿਛਲੇ 25 ਸਾਲਾਂ ਵਿਚ ਸੀ ਐੱਮ ਦੇ ਅਹੁਦੇ ਲਈ ਕੋਈ ਮਕਬੂਲ ਚਿਹਰਾ ਵੀ ਨਹੀਂ ਦੇ ਸਕੀ।

● ਬਾਕੀ ਸਫ਼ਾ 2 ’ਤੇ

# ਦਿੱਲੀ ’ਚ ਭਾਜਪਾ ਦੀ ਜਿੱਤ ਨਹੀਂ, ਚੋਣ ਕਮਿਸ਼ਨ ਨਿਰਪੱਖ ਤੇ ਸੰਵਿਧਾਨਕ ਜ਼ਿੰਮੇਵਾਰੀ ਤੋਂ ਭੱਜਿਆ : ਅਰਸ਼ੀ



**ਬੁਢਲਾਡਾ (ਅਸ਼ੋਕ ਲਾਕੜਾ)**

ਦਿੱਲੀ ਚੋਣਾਂ ਦੌਰਾਨ ਭਾਜਪਾ ਦੀ ਜਿੱਤ ਨਹੀਂ, ਬਲਕਿ ਚੋਣ ਕਮਿਸ਼ਨ ਆਪਣੀ ਨਿਰਪੱਖ ਤੇ ਸੰਵਿਧਾਨਕ ਜ਼ਿੰਮੇਵਾਰੀ ਤੋਂ ਭੱਜਿਆ ਹੈ।ਇੰਝ ਲੱਗਦਾ ਸੀ ਕਿ ਚੋਣ ਕਮਿਸ਼ਨ ਜਿਵੇਂ ਭਾਜਪਾ ਲਈ ਕੰਮ ਕਰ ਰਿਹਾ ਹੋਵੇ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਸਬ ਡਵੀਜ਼ਨ ਬੁਢਲਾਡਾ ਜਨਰਲ ਮੀਟਿੰਗ ਮੌਕੇ ਸੰਬੋਧਨ ਕਰਦਿਆਂ ਕੀਤਾ।ਉਹਨਾਂ ਅਫਸੋਸ ਜ਼ਾਹਰ ਕੀਤਾ ਕਿ ਧਰਮਨਿਰਪੱਖਤਾ ਤੇ ਆਮ ਲੋਕਾਂ ਦੀ ਧਿਰ ਵਜੋਂ ਲੋਕ ਕਚਹਿਰੀ ਵਿੱਚ ਪੇਸ਼ ਹੋਣ ਵਾਲੀ ‘ਆਪ’ ਦੇ ਮੁਖੀ ਅਰਵਿੰਦ ਕੇਜਰੀਵਾਲ ਆਪਣੇ ਆਪ ਨੂੰ ਭ੍ਰਿਸ਼ਟਾਚਾਰ ਮੁਕਤ ਹੋਣ ਸੰਬੰਧੀ ਲੋਕਾਂ ਵਿੱਚ ਵਿਸ਼ਵਾਸ ਨਹੀਂ ਬਣਾ ਸਕੀ।ਅਖੌਤੀ ਗਰੰਟੀਆਂ, ਬੇਲੋੜਾ ਹੰਕਾਰ ਤੇ ਸਰਕਾਰੀ ਧਨ ਦੀ ਦੁਰਵਰਤੋਂ ਆਪ ਦੀ ਹਾਰ ਦਾ ਵੱਡਾ ਕਾਰਨ ਹੈ।

ਕਮਿਊਨਿਸਟ ਆਗੂ ਸਾਥੀ ਅਰਸ਼ੀ ਨੇ ਸੀ ਪੀ ਆਈ ਦੀ 25ਵੀਂ ਪਾਰਟੀ ਕਾਂਗਰਸ ਚੰਡੀਗੜ੍ਹ ਦੀ ਸਫਲਤਾ ਲਈ ਆਗੂਆਂ ਤੇ ਵਰਕਰਾਂ ਨੂੰ ਜ਼ੋਰਦਾਰ ਤਿਆਰੀ ਸੰਬੰਧੀ ਲਾਮਬੰਦੀ ਲਈ ਜੁਟਣ ਦਾ ਸੱਦਾ ਦਿੱਤਾ। ਉਹਨਾਂ ਪਾਰਟੀ ਪ੍ਰੋਗਰਾਮ ਨੂੰ ਘਰ-ਘਰ ਲੈ ਕੇ ਜਾਣ ਲਈ ਮਜ਼ਬੂਤ ਜਥੇਬੰਦਕ ਢਾਂਚੇ ਦੀ ਉਸਾਰੀ ਸਮੇਂ ਦੀ ਮੁੱਖ ਲੋੜ ਦੱਸਿਆ।

ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਤੇ ਸਬ ਡਵੀਜ਼ਨ ਸਕੱਤਰ ਸਾਥੀ ਵੇਦ ਪ੍ਰਕਾਸ਼ ਬੁਢਲਾਡਾ ਨੇ ਇਤਿਹਾਸਕ ਸਫ਼ਲ ਮਾਨਸਾ ਰੈਲੀ ਲਈ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੂਨ ਮਹੀਨੇ ਵਿੱਚ ਬੁਢਲਾਡਾ ਵਿਖੇ ਇਤਿਹਾਸਕ ਰੈਲੀ ਕਰਨ ਦਾ ਫੈਸਲਾ ਕੀਤਾ।ਏਟਕ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੀਤਾ ਰਾਮ ਗੋਬਿੰਦਪੁਰਾ ਨੇ ਕਿਹਾ ਕਿ ਸੂਬੇ ਦੀ ਮਾਨ ਸਰਕਾਰ ਦਲਿਤਾਂ ਤੇ ਗਰੀਬ ਵਿਰੋਧੀ ਫ਼ੈਸਲੇ ਲੈ ਰਹੀ ਹੈ।ਮਨਰੇਗਾ ਕਾਨੂੰਨ, ਬੁਢਾਪਾ ਪੈਨਸ਼ਨ, ਪਲਾਟਾਂ ਆਦਿ ਮੰਗਾਂ ਸੰਬੰਧੀ ਖੇਤ ਮਜ਼ਦੂਰ ਸਭਾ ਤੇ ਏਟਕ ਵੱਲੋਂ 17 ਫਰਵਰੀ ਝੁਨੀਰ, 21 ਫਰਵਰੀ ਮਾਨਸਾ ਸਮੇਤ ਭੀਖੀ, ਸਰਦੂਲਗੜ੍ਹ ਅਤੇ ਬੁਢਲਾਡਾ ਬੀ ਡੀ ਪੀ ਓ ਦਫ਼ਤਰਾਂ ਅੱਗੇ ਰੋਸ ਧਰਨੇ ਤੇ ਪ੍ਰਦਰਸ਼ਨ ਕੀਤੇ ਜਾਣਗੇ।

ਮੀਟਿੰਗ ਕਾਮਰੇਡ ਗੁਰਜੰਟ ਸਿੰਘ ਸਤੀਕੇ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਮਲਕੀਤ ਸਿੰਘ ਮੰਦਰਾਂ, ਮਨਜੀਤ ਕੌਰ ਗਾਮੀਵਾਲਾ, ਕਾਮਰੇਡ ਰਾਏ ਕੇ, ਭੁਪਿੰਦਰ ਸਿੰਘ ਗੁਰਨੇ ਕਲਾਂ, ਰਾਜਵਿੰਦਰ ਸਰਪੰਚ, ਜੱਗਾ ਸਿੰਘ ਸ਼ੇਰ ਖਾਂ ਵਾਲਾ, ਹਰਦਿਆਲ ਬੁਢਲਾਡਾ, ਬੰਬੂ ਸਿੰਘ, ਚਿਮਨ ਲਾਲ ਕਾਕਾ, ਰਾਣਾ, ਮਲਕੀਤ ਬਖਸ਼ੀਵਾਲਾ, ਮੱਖਣ ਰੰਘੜਿਆਲ, ਗਰੀਬੂ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਪੰਜਾਬ ਕੈਬਨਿਟ ਦੀ ਮੀਟਿੰਗ 13 ਤੱਕ ਟਲੀ

**ਚੰਡੀਗੜ੍ਹ** : ਪੰਜਾਬ ਕੈਬਨਿਟ ਦੀ ਸੋਮਵਾਰ ਹੋਣ ਵਾਲੀ ਮੀਟਿੰਗ ਅਚਨਚੇਤ 13 ਫਰਵਰੀ ਤਕ ਲਈ ਮੁਲਤਵੀ ਕਰ ਦਿੱਤੀ ਗਈ।

ਮੁੱਖ ਮੰਤਰੀ ਭਗਵੰਤ ਮਾਨ ਦਿੱਲੀ ਗਏ ਹੋਏ ਹਨ ਅਤੇ ਕੁਝ ਅਹਿਮ ਰੁਝੇਵਿਆਂ ਕਰ ਕੇ ਇਹ ਮੀਟਿੰਗ ਟਾਲੀ ਗਈ ਹੈ। ਕੈਬਨਿਟ ਮੀਟਿੰਗ ਦੀ ਤਰੀਕ ਦਿੱਲੀ ਚੋਣਾਂ ਤੋਂ ਪਹਿਲਾਂ ਹੀ ਤੈਅ ਹੋ ਗਈ ਸੀ। ਕਈ ਮਹੀਨਿਆਂ ਦੇ ਵਕਫੇ ਮਗਰੋਂ ਇਹ ਮੀਟਿੰਗ ਸੋਮਵਾਰ ਨੂੰ ਹੋਣੀ ਸੀ। ਮੀਟਿੰਗ ਲਈ ਪੂਰੀ ਤਿਆਰੀ ਸੀ ਅਤੇ ਦਰਜਨਾਂ ਵਿਭਾਗਾਂ ਦੇ ਏਜੰਡੇ ਵੀ ਲੱਗੇ ਹੋਏ ਸਨ।

# ਚੰਡੀਗੜ੍ਹ ’ਚ ਭਾਜਪਾ ਦਫਤਰ ਵੱਲ ਵਧ ਰਹੇ ਯੂਥ ਕਾਂਗਰਸੀਆਂ ’ਤੇ ਲਾਠੀਚਾਰਜ

**ਚੰਡੀਗੜ੍ਹ** : ਭਾਜਪਾ ਵਿਰੁੱਧ ਐਤਵਾਰ ਰੋਸ ਮੁਜ਼ਾਹਰਾ ਕਰ ਰਹੇ ਚੰਡੀਗੜ੍ਹ ਯੂਥ ਕਾਂਗਰਸੀਆਂ ’ਤੇ ਪੁਲਸ ਵੱਲੋਂ ਲਾਠੀਚਾਰਜ ਕੀਤਾ ਗਿਆ ਹੈ। ਚੰਡੀਗੜ੍ਹ ਯੂਥ ਕਾਂਗਰਸ ਵੱਲੋਂ ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ, ਅਮਰੀਕਾ ਵੱਲੋਂ ਭਾਰਤੀ ਨੌਜਵਾਨਾਂ ਨੂੰ ਬੇਰਹਿਮੀ ਨਾਲ ਡਿਪੋਰਟ ਕਰਨ, ਦੇਸ਼ ਵਿੱਚ ਵਧ ਰਹੀ ਮਹਿੰਗਾਈ ਤੇ ਚੰਡੀਗੜ੍ਹ ਵਿੱਚ ਮੁੜਵਸੇਬਾ ਕਾਲੋਨੀਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਮਾਲਕਾਨਾ ਹੱਕ ਨਾ ਦੇਣ ਅਤੇ ਲਾਲ ਡੋਰੇ ਤੋਂ ਬਾਹਰ ਵਾਲੇ ਘਰਾਂ ਨੂੰ ਤੋੜਨ ਦੀ ਕੋਸ਼ਿਸ਼ ਨੂੰ ਲੈ ਕੇ ਸੈਕਟਰ 35 ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਮੁਜ਼ਾਹਰੇ ਦੀ ਅਗਵਾਈ ਯੂਥ ਕਾਂਗਰਸ ਦੇ ਕੌਮੀ ਪ੍ਰਧਾਨ ਉਦੇ ਭਾਨੂ ਚਿੱਬ, ਚੰਡੀਗੜ੍ਹ ਯੂਥ ਕਾਂਗਰਸ ਪ੍ਰਧਾਨ ਦੀਪਕ ਲੁਬਾਣਾ ਅਤੇ ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਐੱਚ ਐੱਸ ਲੱਕੀ ਕਰ ਰਹੇ ਸਨ। ਉਹ ਸੈਕਟਰ 35 ਵਿੱਚ ਚੰਡੀਗੜ੍ਹ ਟੈਰੀਟੋਰੀਅਲ ਕਾਂਗਰਸ ਭਵਨ ਦੇ ਬਾਹਰ ਇਕੱਠੇ ਹੋ ਕੇ ਸੈਕਟਰ 33 ਵਿੱਚ ਭਾਜਪਾ ਦਫਤਰ ਦਾ ਘਿਰਾਓ ਕਰਨ ਲਈ ਅੱਗੇ ਵਧਣ ਲੱਗੇ ਤਾਂ ਪੁਲਸ ਨੇ ਕੁਝ ਦੂਰੀ ’ਤੇ ਹੀ ਪ੍ਰਦਰਸ਼ਨਕਾਰੀਆਂ ਨੂੰ ਰੋਕ ਦਿੱਤਾ। ਨਾ ਰੁਕਣ ’ਤੇ ਪ੍ਰਦਰਸ਼ਨਕਾਰੀਆਂ ’ਤੇ ਪਹਿਲਾਂ ਪਾਣੀ ਦੀਆਂ ਬੁਛਾੜਾਂ ਮਾਰੀਆਂ ਅਤੇ ਫਿਰ ਲਾਠੀਚਾਰਜ ਕੀਤਾ। ਉਸ ਤੋਂ ਬਾਅਦ ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ।

# ਅੱਜ-ਨਾਮਾ

ਦਿੱਲੀ ਚੋਣਾਂ ਵਿੱਚ ਲੋਕਾਂ ਦਾ ਵੇਖ ਫਤਵਾ,
ਚੱਲਿਆ ਚਰਚਿਆਂ ਦਾ ਤਾਜ਼ਾ ਦੌਰ ਬੇਲੀ।
ਹੋਏ ਕਈ ਹਾਰ ਤੋਂ ਫਿਰ ਹੈਰਾਨ ਫਿਰਦੇ,
ਲੱਗਦੇ ਨੇ ਹੋਏ ਅਸਲੋਂ ਡੌਰ-ਭੌਰ ਬੇਲੀ।
ਨੇੜਲੇ ਆਪ ਦੇ ਦੂਰੀ ਕਈ ਪਾਉਣ ਲੱਗੇ,
ਬਦਲਦੇ ਕਈਆਂ ਦੇ ਪਏ ਆ ਤੌਰ ਬੇਲੀ।
ਸੌਦਾ ਘਾਟੇ ਦਾ ਕਈਆਂ ਨੂੰ ਸਾਂਝ ਲੱਗਦੀ,
ਅਗਲੇ ਦਿਨਾਂ ਦਾ ਕਰਨ ਕਈ ਗੌਰ ਬੇਲੀ।
ਅਸਲੀ ਆੜੀ ਦੀ ਖਾਂਦੇ ਸਨ ਸਹੁੰ ਜਿਹੜੇ,
ਝਟਕਾ ਪਹਿਲਾ ਨਾ ਸਕੇ ਕਈ ਝੱਲ ਬੇਲੀ।
ਜੇਬ ’ਤੇ ਟੰਗਣ ਨੂੰ ਕਮਲ ਦਾ ਫੁੱਲ ਲੱਭਣ,
ਭਾਵੇਂ ਅੱਜ ਮਿਲ ਜਾਏ, ਭਾਵੇਂ ਕੱਲ੍ਹ ਬੇਲੀ।

-ਤੀਸ ਮਾਰ ਖਾਂ

# ਜੰਗ ਰੋਕਣ ਲਈ ਪੁਤਿਨ ਨਾਲ ਗੱਲ ਕੀਤੀ ਹੈ : ਟਰੰਪ

**ਨਿਊ ਯਾਰਕ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਕਰੇਨ ਜੰਗ ਰੋਕਣ ਲਈ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੁਤਿਨ ਨਾਲ ਫੋਨ ’ਤੇ ਗੱਲਬਾਤ ਕੀਤੀ ਹੈ।

‘ਨਿਊ ਯਾਰਕ ਪੋਸਟ’ ਨੇ ਟਰੰਪ ਨਾਲ ਏਅਰ ਫੋਰਸ ਵਨ ਵਿੱਚ ਕੀਤੀ ਇੰਟਰਵਿਊ ਦੇ ਹਵਾਲੇ ਨਾਲ ਉਪਰੋਕਤ ਦਾਅਵਾ ਕੀਤਾ ਹੈ। ਉਂਜ ਇੰਟਰਵਿਊ ਦੌਰਾਨ ਟਰੰਪ ਨੇ ਇਹ ਦਾਅਵਾ ਵੀ ਕੀਤਾ ਕਿ ਉਨ੍ਹਾ ਕੋਲ ਰੂਸ-ਯੂਕਰੇਨ ਜੰਗ ਰੋਕਣ ਲਈ ਠੋਸ ਯੋਜਨਾ ਹੈ। ਟਰੰਪ ਨੇ ਹਾਲਾਂਕਿ ਇਸ ਬਾਰੇ ਬਹੁਤੀ ਤਫਸੀਲ ਦੇਣ ਤੋਂ ਨਾਂਹ ਕਰ ਦਿੱਤੀ।

ਜਦੋਂ ਟਰੰਪ ਨੂੰ ਪੁੱਛਿਆ ਗਿਆ ਕਿ ਉਨ੍ਹਾ ਹੁਣ ਤੱਕ ਕਿੰਨੀ ਵਾਰ ਪੁਤਿਨ ਨਾਲ ਗੱਲ ਕੀਤੀ ਹੈ ਤਾਂ ਅਮਰੀਕੀ ਰਾਸ਼ਟਰਪਤੀ ਨੇ ਕਿਹਾ- ਇਸ ਬਾਰੇ ਕੁਝ ਵੀ ਨਾ ਕਹਿਣਾ ਚੰਗਾ ਹੋਵੇਗਾ, ਪਰ ਪੁਤਿਨ ਹੋਰ ਲੋਕਾਂ ਨੂੰ ਮਰਦੇ ਨਹੀਂ ਦੇਖਣਾ ਚਾਹੁੰਦਾ ਹੈ।



## ਨਗਰ ਕੀਰਤਨ ਸਜਾਇਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਗੁਰੂ ਰਵਿਦਾਸ ਜੀ ਦੇ 648ਵੇਂ ਅਵਤਾਰ ਪੁਰਬ ਦੀ ਖੁਸ਼ੀ ਵਿੱਚ ਪਿੰਡ ਮਾਛੀਕੇ ਚ ਗੁਰੂ ਜੀ ਦੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।ਇਹ ਨਗਰ ਕੀਰਤਨ ਭਗਤ ਰਵਿਦਾਸ ਦੀ ਧਰਮਸ਼ਾਲਾ ਤੋਂ ਅਰੰਭ ਹੋ ਕੇ ਪਿੰਡ ਦੀਆਂ ਗਲੀਆਂ ਵਿੱਚ ਦੀ ਹੁੰਦਾ ਹੋਇਆ ਦੇਰ ਸ਼ਾਮ ਨੂੰ ਇਥੇ ਪਹੁੰਚ ਕੇ ਸਮਾਪਤ ਹੋਇਆ।

## ਬਾਬਾ ਫ਼ਰੀਦ ਸਕੂਲ ਛੱਤਿਆਣਾ 'ਚ ਖੋ-ਖੋ ਚੈਂਪੀਅਨਸ਼ਿਪ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਵਿਖੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਪਰਮਜੀਤ ਕੌਰ ਬਰਾੜ ਦੀ ਅਗਵਾਈ ਵਿੱਚ ਤਿੰਨ ਰੋਜ਼ਾ 55ਵੀਂ ਸੀਨੀਅਰ ਸਟੇਟ ਖੋ-ਖੋ ਚੈਂਪੀਅਨਸ਼ਿਪ ਦੀ ਸ਼ੁਰੂਆਤ ਕਰਾਈ ਗਈ।ਚੈਂਪੀਅਨਸ਼ਿਪ ਦੀ ਰਸ਼ਮੀ ਸ਼ੁਰੂਆਤ ਹਰਜੀਤ ਸਿੰਘ ਬਰਾੜ ਨੇ ਰੀਬਨ ਕੱਟ ਕੇ ਕੀਤੀ। ਉਨ੍ਹਾਂ ਨਾਲ ਉਪਕਾਰ ਸਿੰਘ ਵਿਰਕ ਸੈਕਟਰੀ ਖੋ ਖੋ ਐਸੋਸੀਏਸ਼ਨ, ਰੇਸ਼ਮ ਕੁਮਾਰ ਆਰਗੇਨਾਈਜ਼ਰ ਸੈਕਟਰੀ ਜ਼ਿਲ੍ਹਾ ਖੋਖੋ ਐਸੋਸੀਏਸ਼ਨ ਸ੍ਰੀ ਮੁਕਤਸਰ ਸਾਹਿਬ, ਦਿਨੇਸ਼ ਸ਼ਰਮਾ ਸਟੇਟ ਐਵਾਰਡੀ ਤੇ ਪ੍ਰਬੰਧਕ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਹਰਜੀਤ ਸਿੰਘ ਬਰਾੜ ਨੇ ਕਿਹਾ ਕਿ ਖੇਡਾਂ ਸਾਨੂੰ ਚੰਗੀ ਸਿਹਤ ਪ੍ਰਦਾਨ ਕਰਦੀਆਂ ਹਨ, ਉੱਥੇ ਸਾਨੂੰ ਭਾਈਚਾਰਕ ਸਾਂਝ, ਅਨੁਸ਼ਾਸਨ ਤੇ ਲਗਨ ਨਾਲ ਸਖਤ ਮਿਹਨਤ ਕਰਨ ਲਈ ਵੀ ਪ੍ਰੇਰਿਤ ਕਰਦੀਆਂ ਹਨ।ਗੁਰਮੇਲ ਸਿੰਘ ਡੀਪੀਈ ਤੇ ਗੁਰਜੋਤ ਸਿੰਘ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਕੁੱਲ 28 ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚ 14 ਲੜਕਿਆਂ ਦੀ ਟੀਮਾਂ ਤੇ 14 ਹੀ ਲੜਕੀਆਂ ਦੀਆਂ ਟੀਮਾਂ ਨੇ ਭਾਗ ਲਿਆ ਹੈ, ਜਿਨ੍ਹਾਂ ਵਿੱਚੋਂ ਚੈਂਪੀਅਨ ਦੀ ਸ਼ੁਰੂਆਤ ਸਮੇਂ ਪਹਿਲਾ ਮੈਚ ਲੜਕਿਆਂ ਦੀ ਜਲੰਧਰ ਦੀ ਟੀਮ ਨੇ ਗੁਰਦਾਸਪੁਰ ਦੀ ਟੀਮ ਨੂੰ ਹਰਾਇਆ ਤੇ ਲੜਕੀਆਂ ਦੀ ਤਰਨਤਾਰਨ ਦੀ ਟੀਮ ਨੇ ਫ਼ਾਜ਼ਿਲਕਾ ਨੂੰ ਹਰਾਇਆ।

## 60 ਜ਼ਰੂਰਤਮੰਦ ਪਰਵਾਰਾਂ ਨੂੰ ਸੁੱਕਾ ਰਾਸ਼ਨ ਤਕਸੀਮ ਕੀਤਾ



**ਜਗਰਾਉਂ (ਅਮਿਤ ਖੰਨਾ)**-ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਸੁਸਾਇਟੀ ਵੱਲੋਂ ਕਰਾਏ 56 ਰਾਸ਼ਨ ਵੰਡ ਸਮਾਰੋਹ ਵਿੱਚ 60 ਜ਼ਰੂਰਤਮੰਦ ਪਰਵਾਰਾਂ ਨੂੰ ਸੁੱਕਾ ਰਾਸ਼ਨ ਤਕਸੀਮ ਕੀਤਾ ਗਿਆ।ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਵਿਖੇ ਕਰਵਾਏ ਸਮਾਰੋਹ ਮੌਕੇ ਸੁਸਾਇਟੀ ਦੇ ਚੇਅਰਮੈਨ ਅਮਿਤ ਅਰੋੜਾ ਤੇ ਪ੍ਰਧਾਨ ਰਜਿੰਦਰ ਜੈਨ ਕਾਕਾ ਨੇ ਦੱਸਿਆ ਕਿ ਕਰ ਹੋ ਭਲਾ ਸੁਸਾਇਟੀ ਦਾ ਗਠਨ ਮਾਨਵਤਾ ਦੀ ਸੇਵਾ ਦੇ ਲਈ ਕੀਤਾ ਗਿਆ ਤੇ ਇਸ ਮੰਤਵ ਨੂੰ ਪੂਰਾ ਕਰਨ ਲਈ ਸੁਸਾਇਟੀ ਦੇ ਸਾਰੇ ਮੈਂਬਰ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ 56 ਮਹੀਨੇ ਪਹਿਲਾਂ ਜ਼ਰੂਰਤਮੰਦ ਪਰਵਾਰਾਂ ਨੂੰ ਜਿਹੜਾ ਸੁੱਕਾ ਰਾਸ਼ਨ ਵੰਡਣ ਦਾ ਕੰਮ ਸ਼ੁਰੂ ਕੀਤਾ ਸੀ, ਉਹ ਨਿਰਵਿਘਨ ਜਾਰੀ ਹੈ ਅਤੇ ਅੱਜ 56 ਮਹੀਨਾਵਾਰ ਰਾਸ਼ਨ ਵੰਡ ਸਮਾਰੋਹ ਵਿੱਚ 60 ਜ਼ਰੂਰਤਮੰਦ ਪਰਵਾਰਾਂ ਨੂੰ ਰਾਸ਼ਨ ਦਿੱਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ ਕਈ ਸਮਾਜ ਸੇਵੀ ਪ੍ਰੋਜੈਕਟ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਚਲਾਉਣ ਦੇ ਨਾਲ ਵਿਦਿਅਕ ਸੰਸਥਾਵਾਂ ਤੇ ਹੋਰ ਸੰਸਥਾਵਾਂ ਨੂੰ ਵੀ ਉਨ੍ਹਾਂ ਦੀ ਜ਼ਰੂਰਤ ਮੁਤਾਬਕ ਲੋੜੀਂਦਾ ਸਮਾਨ ਦਿੱਤਾ ਜਾ ਰਿਹਾ ਹੈ।

## ਕਾਂਸ਼ੀ ਲਈ ਨੌਵੀਂ ਬੱਸ ਰਵਾਨਾ



**ਦਿੜ੍ਹਬਾ (ਜਸਵੀਰ ਲਾਡੀ)**-ਪਿੰਡ ਮੌਜੋਵਾਲ ਤੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਸ਼ੀਰ ਗੋਵਰਧਨਪੁਰ ਕਾਂਸ਼ੀ ਉੱਤਰ ਪ੍ਰਦੇਸ਼ ਵਿਖੇ ਨੌਵੀਂ ਬਸ ਯਾਤਰਾ ਸ੍ਰੀ ਗੁਰੂ ਰਵਿਦਾਸ ਪ੍ਰਚਾਰਕ ਕਮੇਟੀ ਦੁਆਰਾ ਰਵਾਨਾ ਕੀਤੀ ਗਈ। ਯਾਤਰਾ ਦੀ ਅਰਦਾਸ ਲਖਵਿੰਦਰ ਸਿੰਘ ਨੇ ਕੀਤੀ ਤੇ ਇਸ ਮੌਕੇ ਯਾਤਰਾ ਨੂੰ ਹਰੀ ਝੰਡੀ ਬਰਾਸ ਫਾਊਂਡੇਸ਼ਨ ਦੇ ਮੈਂਬਰ ਲਾਭ ਸਿੰਘ ਫੌਜੀ ਗੋਬਿੰਦਗੜ੍ਹ ਮਹਿੰਦਰ ਸਿੰਘ ਖੋਖਰ ਖੁਰਦ ਅਜਾਇਬ ਸਿੰਘ ਨੀਲੋਵਾਲ ਤੇ ਨਾਲ ਹੀ ਸਤਿਗੁਰ ਸਿੰਘ ਕੋਹਰੀਆ ਪ੍ਰਧਾਨ ਹਲਕਾ ਸੰਗਰੂਰ ਬਹੁਜਨ ਸਮਾਜ ਪਾਰਟੀ, ਚਮਕੌਰ ਸਿੰਘ ਵੀਰ ਸੂਬਾ ਸਕੱਤਰ ਬਹੁਜਨ ਸਮਾਜ ਪਾਰਟੀ, ਨਿਰਮਲ ਸਿੰਘ ਬਹੁਜਨ ਸਮਾਜ ਪਾਰਟੀ ਨੇ ਦਿੱਤੀ ਗਈ।

## ਸਪਤਾਹਿਕ ਸਤਿਸੰਗ ਪ੍ਰੋਗਰਾਮ ਦਾ ਆਯੋਜਨ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਆਸ਼ਰਮ ਵਿੱਚ ਸਪਤਾਹਿਕ ਸਤਿਸੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਰਵ ਆਸ਼ੂਤੋਸ਼ ਮਹਾਰਾਜ ਦੀ ਪਰਮ ਸ਼ਿਸ਼ ਸਾਧਵੀ ਕ੍ਰਿਸ਼ਨਾ ਭਾਰਤੀ ਨੇ ਸੰਗਤ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਇਨਸਾਨ ਆਪਣੇ ਬਾਹਰੀ ਸਰੂਪ ਭਾਵ ਬਾਹਰੀ ਦਿੱਖ ਨੂੰ ਸੁੰਦਰ ਬਣਾਉਣ ਦੇ ਭਰਪੂਰ ਯਤਨ ਕਰਦਾ ਹੈ।ਇਹ ਸਰੀਰ ਜੋ ਨਾਸ਼ਵਾਨ ਹੈ, ਇੱਕ ਨਾ ਇੱਕ ਦਿਨ ਇਸ ਨੇ ਖਤਮ ਹੋ ਜਾਣਾ ਹੈ। ਇਸ ਨੂੰ ਸੁੰਦਰ ਬਣਾਉਣ ਲਈ ਇਨਸਾਨ ਤਰ੍ਹਾਂ ਤਰ੍ਹਾਂ ਨਾਲ ਯਤਨ ਕਰਦਾ ਰਹਿੰਦਾ ਹੈ, ਪਰ ਜੋ ਸਦਾ ਰਹਿਣ ਵਾਲਾ ਹੈ, ਜਿਸਦਾ ਨਾਸ਼ ਨਹੀਂ ਹੋ ਸਕਦਾ, ਮਨੁੱਖ ਉਸਦੀ ਦੀ ਚਿੰਤਾ ਨਹੀਂ ਕਰਦਾ।ਇਸ ਸਰੀਰ ਨੇ ਤਾਂ ਜਨਮ ਤੋਂ ਮੌਤ ਤੱਕ ਸਾਡੇ ਨਾਲ ਰਹਿਣਾ ਹੀ, ਪਰ ਸਾਡੇ ਕਰਮ ਸਾਡੇ ਨਾਲ ਮੌਤ ਤੋਂ ਬਾਅਦ ਵੀ ਚੱਲਦੇ ਹਨ।ਜੋ ਕੁਝ ਅੱਜ ਅਸੀਂ ਹਾਂ ਜੋ ਸੁੱਖ ਦੁੱਖ ਅੱਜ ਅਸੀਂ ਭੋਗ ਰਹੇ ਹਾਂ, ਉਹ ਸਾਡੇ ਪਿਛਲੇ ਕਰਮਾਂ ਦਾ ਫ਼ਲ਼ ਹੈ।

## ਪੰਜਾਬ ਉਰਦੂ ਅਕੈਡਮੀ ਨੂੰ ਪੰਜ ਲੱਖ ਦਾ ਚੈੱਕ ਭੇਟ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਉਰਦੂ ਅਕੈਡਮੀ ਦੇ ਸਾਲਾਨਾ ਇਨਾਮ ਵੰਡ ਸਮਾਰੋਹ 2023-24 ਦਾ ਆਯੋਜਨ 24 ਫ਼ਰਵਰੀ 2024 ਨੂੰ ਕੀਤਾ ਗਿਆ ਸੀ।ਇਸ ਸੂਬਾ ਪੱਧਰੀ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸ੍ਰ. ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ, ਪ੍ਰਧਾਨਗੀ ਲਈ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਵਿਧਾਇਕ ਮਾਲੇਰਕੋਟਲਾ ਤੇ ਵਾਈਸ ਚੇਅਰਮੈਨ ਪੰਜਾਬ ਉਰਦੂ ਅਕੈਡਮੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਸੀ।ਇਸ ਸਮਾਗਮ 'ਚ ਅਕੈਡਮੀ ਦੀ ਕਾਰਗੁਜ਼ਾਰੀ ਤੇ ਕਾਰਜਸ਼ੀਲਤਾ ਤੋਂ ਪ੍ਰਭਾਵਿਤ ਹੋ ਕੇ ਸ੍ਰ. ਸੰਧਵਾਂ ਨੇ ਆਪਣੇ ਰਾਖਵੇਂ ਫੰਡਾਂ ਵਿੱਚੋਂ ਅਕੈਡਮੀ ਨੂੰ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਸੀ।ਇਹ ਪੰਜ ਲੱਖ ਰੁਪਏ ਦਾ ਚੈੱਕ ਮਾਲੇਰਕੋਟਲਾ ਦੇ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ ਵੱਲੋਂ ਅਕੈਡਮੀ ਦੇ ਇੰਚਾਰਜ ਮੁਹੰਮਦ ਸਾਦਿਕ ਥਿੰਦ ਨੂੰ ਦਿੱਤਾ ਗਿਆ।ਇਹ ਫੰਡ ਅਕੈਡਮੀ ਦੀਆਂ ਜ਼ਰੂਰਤਾਂ ਦੇ ਮੁਤਾਬਿਕ ਖਰਚ ਕੀਤੇ ਜਾਣਗੇ।ਅਕੈਡਮੀ ਦੇ ਮੈਂਬਰਾਂ ਤੇ ਉਰਦੂ ਪ੍ਰੇਮੀਆਂ ਨੇ ਇਸ ਕੰਮ ਲਈ ਪੰਜਾਬ ਸਰਕਾਰ ਖਾਸ ਤੌਰ 'ਤੇ ਸ੍ਰ. ਕੁਲਤਾਰ ਸਿੰਘ ਸੰਧਵਾਂ ਤੇ ਡਾ. ਮੁਹੰਮਦ ਜਮੀਲ ਉਰ ਰਹਿਮਾਨ ਦਾ ਧੰਨਵਾਦ ਕੀਤਾ।

## ਸਪੀਕਰ ਸੰਧਵਾਂ ਨੇ ਧਾਰੀਵਾਲ ਦੀ ਅੰਤਿਮ ਅਰਦਾਸ 'ਚ ਕੀਤੀ ਸ਼ਿਰਕਤ

**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ/ਰਛਪਾਲ ਭੁੱਲਰ)**-ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆ, ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਡੀ ਸੀ ਵਿਨੀਤ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਸ਼ਖਸੀਅਤਾਂ ਨੇ ਸਪੀਕਰ ਸੰਧਵਾਂ ਦੇ ਪੀ ਆਰ ਓ ਸ੍ਰੀ ਮਨਪ੍ਰੀਤ ਸਿੰਘ ਧਾਲੀਵਾਲ ਦੇ ਪਿਤਾ ਸ੍ਰ. ਲਾਭ ਸਿੰਘ, ਜੋਕਿ ਪਿਛਲੇ ਦਿਨੀਂ ਸਵਰਗਵਾਸ ਹੋ ਗਏ ਸਨ, ਦੀ ਅੰਤਿਮ ਅਰਦਾਸ ਵਿੱਚ ਸ਼ਿਰਕਤ ਕੀਤੀ।ਇਸ ਮੌਕੇ ਸ਼ੋਕ ਸਮਾਗਮ ਵਿੱਚ ਵੱਖ ਵੱਖ ਪਾਰਟੀਆਂ ਦੇ ਨੁਮਾਇੰਦਿਆਂ ਤੋਂ ਇਲਾਵਾ ਹੋਰ ਸਿਵਲ ਤੇ ਪੁਲਸ ਅਧਿਕਾਰੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਆਪਣੇ ਸੰਬੋਧਨ ਵਿੱਚ ਸਪੀਕਰ ਸ੍ਰ. ਸੰਧਵਾਂ ਨੇ ਕਿਹਾ ਕਿ ਸਵਰਗੀ ਜਥੇਦਾਰ ਲਾਭ ਸਿੰਘ ਧਾਲੀਵਾਲ ਬਹੁਤ ਹੀ ਧਾਰਮਿਕ, ਸੰਘਰਸ਼ੀ ਤੇ ਨਿਮਾਣੀ ਸ਼ਖ਼ਸੀਅਤ ਸਨ, ਜਿਨ੍ਹਾਂ ਦੀ ਛਵੀ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ ਹੈ।ਉਨ੍ਹਾਂ ਪ੍ਰਮਾਤਮਾ ਅੱਗੇ ਵਿੱਛੜੀ ਰੂਹ ਦੀ ਸ਼ਾਂਤੀ ਤੇ ਪਰਵਾਰ ਨੂੰ ਭਾਣਾ ਮੰਨਣ ਦੀ ਕਾਮਨਾ ਕੀਤੀ।ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਤੇ ਜਥੇਦਾਰ ਲਾਭ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ ਦਿੱਤੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਨਰਭਿੰਦਰ ਸਿੰਘ ਗਰੇਵਾਲ, ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕੀਟ ਕਮੇਟੀ ਫਰੀਦਕੋਟ, ਗੁਰਤੇਜ ਸਿੰਘ ਖੋਸਾ ਚੇਅਰਮੈਨ ਇੰਪਰੂਵਮੈਂਟ ਟਰੱਸਟ, ਸੁਖਜੀਤ ਸਿੰਘ ਢਿੱਲਵਾਂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਸੁਖਜੀਤ ਸਿੰਘ ਪੱਕਾ, ਸਰਬਜੀਤ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ, ਮੰਗੂ ਬਾਂਸਲ ਤਹਿਸੀਲਦਾਰ ਕੋਟਕਪੂਰਾ, ਕਮਲਜੀਤ ਸਿੰਘ, ਹਰਦੀਪ ਸਿੰਘ, ਅਮਨਦੀਪ ਸਿੰਘ, ਪਵਨ ਗੋਇਲ ਕਾਂਗਰਸੀ ਆਗੂ, ਡਾ. ਕਰਨਜੀਤ ਗਿੱਲ ਮੁੱਖ ਖੇਤੀਬਾੜੀ ਅਫਸਰ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ, ਪਰਵਾਰ ਦੇ ਸਨੇਹੀ, ਰਿਸ਼ਤੇਦਾਰ ਹਾਜ਼ਰ ਸਨ।ਇਸ ਮੌਕੇ ਪਰਿਵਾਰ ਵੱਲੋਂ ਸਵਰਗੀ ਜਥੇਦਾਰ ਲਾਭ ਸਿੰਘ ਧਾਲੀਵਾਲ ਦੇ ਬੇਟੇ ਸ੍ਰ. ਮਨਪ੍ਰੀਤ ਸਿੰਘ ਧਾਲੀਵਾਲ ਨੇ ਦੁੱਖ ਦੀ ਘੜੀ ਵਿੱਚ ਪੁੱਜੀਆਂ ਸਮੂਹ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਗਿਆ।ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ।




# ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਸਰਕਾਰ ਤੇ ਮੈਨੇਜਮੈਂਟ ਵਿਰੁੱਧ ਕਰੇਗੀ ਤਿੱਖਾ ਸੰਘਰਸ਼ : ਨਾਹਰ, ਕੈਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਮੋਗਾ ਦੇ ਸ਼ਹਿਰੀ ਤੇ ਦਿਹਾਤੀ ਯੂਨਿਟ ਦੀ ਮਹੀਨਾਵਾਰ ਮੀਟਿੰਗ ਪੈਨਸ਼ਨਰ ਸੀਨੀਅਰ ਨੇਤਾ ਦਿਆਲ ਸਿੰਘ ਕੈਲਾ ਤੇ ਗੁਰਮੇਲ ਸਿੰਘ ਨਾਹਰ ਦੀ ਸਾਂਝੀ ਪ੍ਰਧਾਨਗੀ ਹੇਠ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਦੇ ਸ਼ਹੀਦ ਸਤੀਸ਼ ਲੂੰਬਾ ਭਵਨ ਵਿਖੇ ਹੋਈ।ਇਸ ਮੌਕੇ ਸੂਬਾ ਪੱਧਰੀ ਯੂਨੀਅਨ ਨੇਤਾ ਗੁਰਮੇਲ ਸਿੰਘ ਨਾਹਰ ਸਕੱਤਰ, ਦਿਆਲ ਸਿੰਘ ਕੈਲਾ ਪ੍ਰਧਾਨ, ਗੁਰਮੀਤ ਸਿੰਘ ਧਾਲੀਵਾਲ, ਜਸਵਿੰਦਰ ਸਿੰਘ, ਜੋਗਿੰਦਰ ਸਿੰਘ, ਸਵਰਨਜੀਤ ਸਿੰਘ ਨਾਹਰ, ਤੇਜਾ ਸਿੰਘ ਬਰਾੜ ਤੇ ਯੂਨੀਅਨ ਦੇ ਹੋਰ ਨੇਤਾਵਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ 'ਤੇ ਪੰਜਾਬ ਸਰਕਾਰ ਤੇ ਪਾਵਰਕਾਮ ਟ੍ਰਾਂਸਕੋ ਮੈਨੇਜਮੈਂਟ ਦੀ ਡੰਗ ਟਪਾਊ ਨੀਤੀ ਸਬੰਧੀ ਵਿਰੋਧ ਪ੍ਰਗਟ ਕੀਤਾ ਤੇ ਇਸ ਦੇ ਨਾਲ ਨਾਲ ਪੰਜਾਬ ਸਰਕਾਰ ਤੇ ਮੈਨੇਜਮੈਂਟ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨੂੰ ਵਿਚਾਰਨ ਲਈ ਮੀਟਿੰਗ ਦਾ ਸਮਾਂ ਦੇ ਕੇ ਲੰਬਿਤ ਕਰ ਦਿੱਤਾ ਜਾਂਦਾ ਹੈ।ਇਸ ਤੋਂ ਸਪਸ਼ਟ ਹੈ ਕਿ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਕਰਮਚਾਰੀਆਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਪ੍ਰਤੀ ਗੰਭੀਰ ਨਹੀਂ ਹੈ ਤੇ ਪਿਛਲੇ ਕਾਫੀ ਲੰਬੇ ਸਮੇਂ ਤੋਂ ਟਾਲ ਮਟੋਲ ਦੀ ਨੀਤੀ ਅਪਣਾ ਰਹੀ ਹੈ।ਕਰਮਚਾਰੀ ਤੇ ਪੈਨਸ਼ਨਰਜ਼ ਵੱਲੋਂ ਪੰਜਾਬ ਸਰਕਾਰ ਦੀਆਂ ਪੈਨਸ਼ਨਰਜ਼ ਵਿਰੋਧੀ ਨੀਤੀਆਂ ਤੋਂ ਤੰਗ ਆ ਕੇ ਉੱਚ ਅਦਾਲਤਾਂ ਤੋਂ ਨਿਆ ਪ੍ਰਾਪਤ ਕਰਨ ਲਈ ਰਿੱਟ ਪਟੀਸ਼ਨਾਂ ਦਾਖਲ ਕੀਤੀਆਂ ਜਾ ਰਹੀਆਂ ਹਨ ਤੇ ਮਾਨਯੋਗ ਉੱਚ ਅਦਾਲਤਾਂ ਵੱਲੋਂ ਕਰਮਚਾਰੀਆਂ ਤੇ ਪੈਨਸ਼ਨਰਾਂ ਦੇ ਹੱਕ ਵਿੱਚ ਫੈਸਲਾ ਦੇਣ ਦੇ ਬਾਵਜੂਦ ਪੰਜਾਬ ਸਰਕਾਰ ਇਨ੍ਹਾਂ ਨੂੰ ਲਾਗੂ ਕਰਨ ਦੀ ਬਜਾਏ ਅਗਲੀਆਂ ਉੱਚ ਅਦਾਲਤਾਂ ਵਿੱਚ ਡਬਲ ਬੈਂਚ ਵਿੱਚ ਅਪੀਲਾਂ ਦਾਇਰ ਕਰਕੇ ਸਮਾਂ ਟਪਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਤੋਂ ਸਪਸ਼ਟ ਹੈ ਕਿ ਸਰਕਾਰ ਆਪਣੇ ਕੀਤੇ ਹੋਏ ਵਾਅਦਿਆਂ ਤੇ ਜਾਇਜ਼ ਮੰਗਾਂ ਨੂੰ ਮੰਨਣ ਦੇ ਲਈ ਤਿਆਰ ਨਹੀਂ ਹੈ।ਆਗੂਆਂ ਨੇ ਕਿਹਾ ਕਿ ਉਨ੍ਹਾਂ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਕੇ ਉਨ੍ਹਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਰਮਚਾਰੀ ਤੇ ਪੈਨਸ਼ਨਰਾਂ ਨੂੰ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ, ਜਿਸ ਲਈ ਪੰਜਾਬ ਸਰਕਾਰ ਤੇ ਪਾਵਰਕਾਮ ਟ੍ਰਾਂਸਕੋ ਪੈਨਸ਼ਨਰ ਮੈਨੇਜਮੈਂਟ ਖੁਦ ਜ਼ਿੰਮੇਵਾਰ ਹੋਵੇਗੀ।ਇਸ ਮੌਕੇ ਗੁਰਮੇਲ ਸਿੰਘ ਨਾਹਰ, ਗੁਰਮੀਤ ਸਿੰਘ ਧਾਲੀਵਾਲ ਜੋਗਿੰਦਰ ਸਿੰਘ, ਸਵਰਨਜੀਤ ਸਿੰਘ ਨਾਹਰ, ਜਸਵਿੰਦਰ ਸਿੰਘ, ਵੀ ਪੀ ਸੇਠੀ, ਤੇਜਾ ਸਿੰਘ ਬਰਾੜ, ਬਿੱਕਰ ਸਿੰਘ ਜਸਵੀਰ ਸਿੰਘ, ਬਲਦੇਵ ਸਿੰਘ ਝੰਡਿਆਣਾ, ਗੁਰਨਾਮ ਸਿੰਘ, ਅੰਗਰੇਜ ਸਿੰਘ, ਗੁਰਦੇਵ ਸਿੰਘ, ਗੁਰਸੇਵਕ ਸਿੰਘ, ਤਰਲੋਕ ਸਿੰਘ, ਗੁਰਦੇਵ ਸਿੰਘ, ਦਰਬਾਰਾ ਸਿੰਘ ਡਾਲਾ, ਦਰਸ਼ਨ ਸਿੰਘ, ਸਵਰਨ ਸਿੰਘ, ਬਲਦੇਵ ਸਿੰਘ, ਮਲਕੀਤ ਸਿੰਘ, ਗੁਰਚਰਨ ਸਿੰਘ, ਅਸ਼ੋਕ ਕੁਮਾਰ, ਜਗਜੀਤ ਸਿੰਘ, ਅੰਮ੍ਰਿਤ ਲਾਲ, ਬਲਵੀਰ ਸਿੰਘ, ਗੁਰਮੀਤ ਸਿੰਘ ਕਮਾਲਕੇ, ਰਾਮ ਪ੍ਰਕਾਸ਼, ਅਜਮੇਰ ਸਿੰਘ, ਅਵਤਾਰ ਸਿੰਘ, ਹਰਮੇਲ ਸਿੰਘ, ਕਰਮ ਸਿੰਘ, ਇੰਦਰਜੀਤ ਸਿੰਘ, ਹਰਭਜਨ ਸਿੰਘ, ਗੁਰਦੀਪ ਸਿੰਘ, ਅੰਗਰੇਜ ਸਿੰਘ ਆਦਿ ਉਚੇਚੇ ਤੌਰ 'ਤੇ ਹਾਜ਼ਰ ਰਹੇ।

## ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਚੈੱਕਅਪ ਕੈਂਪ ਲਾਇਆ



**ਜਗਰਾਉਂ (ਅਮਿਤ ਖੰਨਾ)**

ਲੋਕ ਸੇਵਾ ਸੁਸਾਇਟੀ ਵੱਲੋਂ ਮਲਹੋਤਰਾ ਪਰਵਾਰ ਦੇ ਸਹਿਯੋਗ ਨਾਲ ਸਵ: ਓਮ ਪਾਲ ਮਲਹੋਤਰਾ ਦੀ ਯਾਦ ਵਿੱਚ ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਸੀ ਐੱਮ ਸੀ ਦੇ ਡਾਕਟਰਾਂ ਦੇ ਸਹਿਯੋਗ ਨਾਲ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਵਿਖੇ ਲਾਇਆ ਗਿਆ।ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਕੁਲਭੂਸ਼ਨ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਲਾਏ ਦਿਲ ਦੀਆਂ ਬਿਮਾਰੀਆਂ ਦੇ ਮੁਫ਼ਤ ਚੈੱਕਅਪ ਕੈਂਪ ਦਾ ਉਦਘਾਟਨ ਮੁਕੇਸ਼ ਮਲਹੋਤਰਾ ਤੇ ਸੋਨੂੰ ਮਲਹੋਤਰਾ ਨੇ ਆਪਣੇ ਕਰ ਕਮਲਾਂ ਨਾਲ ਕਰਦਿਆਂ ਸੁਸਾਇਟੀ ਵੱਲੋਂ ਲਗਾਤਾਰ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਤਾਰੀਫ਼ ਕੀਤੀ।ਉਨ੍ਹਾਂ ਸੁਸਾਇਟੀ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਵੀ ਦਿੱਤਾ।ਇਸ ਮੌਕੇ ਗਊ ਭਗਤ ਨਵੀਨ ਗੋਇਲ ਤੇ ਧੀਰਜ ਵਰਮਾ ਨੇ ਕਿਹਾ ਕਿ ਬਜ਼ੁਰਗਾਂ ਦੀ ਯਾਦ ਵਿੱਚ ਜ਼ਰੂਰਤਮੰਦਾਂ ਦੀ ਮਦਦ ਲਈ ਕੈਂਪ ਲਾਉਣੇ ਸ਼ਲਾਘਾਯੋਗ ਉਪਰਾਲੇ ਹਨ।ਕੈਂਪ ਵਿੱਚ ਸੀ ਐੱਮ ਸੀ ਡਾਕਟਰ ਹਸਪਤਾਲ ਦੇ ਦਿਲ ਦੇ ਰੋਗਾਂ ਦੇ ਮਾਹਰ ਡਾਕਟਰ ਗੁਰਭੇਜ ਸਿੰਘ ਨੇ 55 ਮਰੀਜ਼ਾਂ ਦੀਆਂ ਦਾ ਚੈੱਕਅਪ ਕਰਦਿਆਂ ਜਿੱਥੇ ਉਨ੍ਹਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਣ ਦੇ ਨੁਕਤੇ ਸਾਂਝੇ ਕੀਤੇ, ਉੱਥੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਮਾਰੀਆਂ ਤੋਂ ਬਚਣ ਲਈ ਸੰਤੁਲਤ ਭੋਜਨ ਅਤੇ ਨਿਰੰਤਰ ਕਸਰਤ ਕਰ ਕੇ ਆਪਣੀ ਸਿਹਤ ਦਾ ਖਿਆਲ ਰੱਖਣ।ਉਨ੍ਹਾਂ ਕਿਹਾ ਕਿ ਇਲਾਜ ਨਾਲੋਂ ਪ੍ਰਹੇਜ਼ ਚੰਗਾ ਹੈ, ਕਹਾਵਤ ਅਨੁਸਾਰ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਬਿਮਾਰੀ ਤੋਂ ਪਹਿਲਾਂ ਹੀ ਬਚਣ ਦੇ ਉਪਾਏ ਕਰਨੇ ਚਾਹੀਦੇ ਹਨ।ਕੈਂਪ ਵਿੱਚ 55 ਮਰੀਜ਼ ਦਿਲ ਦੇ ਰੋਗਾਂ ਦੇ ਮਰੀਜ਼ਾਂ ਦੇ ਚੈੱਕਅਪ ਤੋਂ ਇਲਾਵਾ 52 ਮਰੀਜ਼ਾਂ ਦੀ ਈ ਸੀ ਜੀ ਤੇ ਸ਼ੂਗਰ ਟੈੱਸਟ ਤੇ ਬਲੱਡ ਟੈੱਸਟ ਵੀ ਕੀਤੇ ਗਏ।

## ਮਯੰਕ ਫਾਊਂਡੇਸ਼ਨ ਨੇ ਆਰ ਐੱਸ ਡੀ ਕਾਲਜ 'ਚ ਮਨਾਇਆ ਰਾਸ਼ਟਰੀ ਗਣਿਤ ਦਿਵਸ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਰਾਜ ਵਿਗਿਆਨ ਤੇ ਤਕਨਾਲੋਜੀ ਪ੍ਰੀਸ਼ਦ, ਵਿਗਿਆਨ ਅਤੇ ਤਕਨਾਲੋਜੀ ਵਿਭਾਗ (ਭਾਰਤ ਸਰਕਾਰ) ਤੇ ਐਨਸੀਐਸਟੀਸੀ ਦੁਆਰਾ ਸਪਾਂਸਰ ਕੀਤਾ ਗਿਆ 'ਰਾਸ਼ਟਰੀ ਗਣਿਤ ਦਿਵਸ' ਮਯੰਕ ਫਾਊਂਡੇਸ਼ਨ ਦੁਆਰਾ ਆਰਐੱਸਡੀ ਕਾਲਜ ਦੇ ਆਡੀਟੋਰੀਅਮ ਵਿੱਚ ਅਧਿਆਪਕਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਤੇ ਵਿਦਿਆਰਥੀਆਂ ਵਿੱਚ ਗਣਿਤ ਪ੍ਰਤੀ ਜਨੂੰਨ ਪੈਦਾ ਕਰਨ ਲਈ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਗਣਿਤ ਕੁਇਜ਼, ਰੰਗੋਲੀ, ਪੀਪੀਟੀ ਪੇਸ਼ਕਾਰੀਆਂ ਤੇ ਪ੍ਰਦਰਸ਼ਨੀ ਦੇ ਨਾਲ-ਨਾਲ ਅਧਿਆਪਕਾਂ ਨੂੰ 'ਗਣਿਤ ਦੇ ਰਾਜਦੂਤ' ਸਨਮਾਨ ਸਮੇਤ ਦਿਲਚਸਪ ਅੰਤਰ-ਕਾਲਜ ਮੁਕਾਬਲੇ ਹੋਏ। ਸਮਾਗਮ ਵਿੱਚ ਪ੍ਰੋਫੈਸਰ ਐੱਸਐੱਸ ਸੰਧੂ ਮੁੱਖ ਮਹਿਮਾਨ ਸਨ। ਪ੍ਰੋਫੈਸਰ ਸੰਧੂ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ 42 ਸਾਲ ਫਿਰੋਜ਼ਪੁਰ ਦੇ ਸਕੂਲ-ਕਾਲਜਾਂ ਦੇ ਵਿਦਿਆਰਥੀਆਂ ਨੂੰ ਗਣਿਤ ਪੜ੍ਹਾਉਣ ਲਈ ਸਮਰਪਿਤ ਕੀਤੇ, ਨੇ ਇੱਕ ਪ੍ਰੇਰਨਾਦਾਇਕ ਭਾਸ਼ਣ ਦਿੱਤਾ, ਜਿਸਨੇ ਮੌਜੂਦ ਨੌਜਵਾਨ ਗਣਿਤ ਵਿਗਿਆਨੀਆਂ ਨੂੰ ਪ੍ਰੇਰਿਤ ਕੀਤਾ। ਉਨ੍ਹਾਂ ਦੇ ਸ਼ਬਦਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਦੇ ਨੇਤਾਵਾਂ ਤੇ ਪੇਸ਼ੇਵਰਾਂ ਨੂੰ ਘੜਨ ਵਿੱਚ ਗਣਿਤ ਦੀ ਮਹੱਤਤਾ ਦੀ ਯਾਦ ਦਿਵਾਈ ਅਤੇ ਉਨ੍ਹਾਂ ਨੂੰ ਇਸ ਵਿਸ਼ੇ ਦੀ ਹੋਰ ਪੜਚੋਲ ਕਰਨ ਲਈ ਪ੍ਰੇਰਿਤ ਕੀਤਾ। 7 ਕਾਲਜਾਂ ਤੋਂ ਕੁੱਲ 80 ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ ਤੇ ਗਣਿਤ ਵਿੱਚ ਆਪਣੇ ਗਿਆਨ ਅਤੇ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿੱਚ ਬਹੁਤ ਉਤਸ਼ਾਹ ਦਿਖਾਇਆ ਤੇ ਗਣਿਤ ਦੇ ਸੰਕਲਪਾਂ ਦੀ ਸੁੰਦਰਤਾ ਨੂੰ ਉਜਾਗਰ ਕਰਨ ਵਾਲੀਆਂ ਗਣਿਤ ਕੁਇਜ਼, ਰੰਗੋਲੀ, ਪੀਪੀਟੀ ਪੇਸ਼ਕਾਰੀਆਂ ਅਤੇ ਪ੍ਰਦਰਸ਼ਨੀ ਵਰਗੀਆਂ ਵੱਖ-ਵੱਖ ਸ਼੍ਰੇਣੀਆਂ ਵਿੱਚ ਹਿੱਸਾ ਲਿਆ। ਗਣਿਤ ਦੇ ਖੇਤਰ ਵਿੱਚ ਅਧਿਆਪਕਾਂ ਦੇ ਅਨਮੁੱਲੇ ਯੋਗਦਾਨ ਨੂੰ ਮਾਨਤਾ ਦੇਣ ਲਈ 35 ਕਾਲਜ ਅਤੇ ਸਕੂਲ ਲੈਕਚਰਾਰ, ਪ੍ਰਿੰਸੀਪਲ, ਹੈੱਡਮਾਸਟਰਾਂ ਅਤੇ ਗਣਿਤ ਅਧਿਆਪਕਾਂ ਨੂੰ 'ਗਣਿਤ ਦੇ ਰਾਜਦੂਤ' ਪੁਰਸਕਾਰਾਂ ਨਾਲ ਸਨਮਾਨਤ ਕੀਤਾ ਗਿਆ। ਪ੍ਰੋਜੈਕਟ ਕੋਆਰਡੀਨੇਟਰ ਅਰਨੀਸ਼ ਮੋਂਗਾ ਨੇ ਕਿਹਾ, 'ਅਜਿਹੇ ਸਮਾਗਮ ਅਧਿਆਪਕ ਭਾਈਚਾਰੇ ਨੂੰ ਆਪਣੇ ਅਧਿਆਪਨ ਹੁਨਰਾਂ ਨੂੰ ਬਿਹਤਰ ਬਣਾਉਣ ਲਈ ਨਿਰੰਤਰ ਯਤਨਸ਼ੀਲ ਰਹਿਣ ਲਈ ਉਤਸ਼ਾਹਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜਿਸ ਨਾਲ ਅੰਤ ਵਿੱਚ ਵਿਦਿਆਰਥੀਆਂ ਅਤੇ ਵਿਸ਼ਾਲ ਵਿਦਿਅਕ ਭਾਈਚਾਰੇ ਨੂੰ ਲਾਭ ਹੁੰਦਾ ਹੈ।'

## ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਸ਼ੂਟਿੰਗ ਮੁਕਾਬਲੇ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਦੋ ਰੋਜ਼ਾ 'ਰੇਮ ਐਂਡ ਫਾਇਰ' ਸਕੂਲ ਪੱਧਰੀ ਸ਼ੂਟਿੰਗ ਟੂਰਨਾਮੈਂਟ ਕਰਵਾਇਆ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਇਸ ਦੋ ਰੋਜ਼ਾ ਟੂਰਨਾਮੈਂਟ ਦੇ ਉਦਘਾਟਨੀ ਸਮਾਰੋਹ ਮੌਕੇ ਗੁਰਿੰਦਰ ਸਿੰਘ ਅਲਖ ਐੱਸ ਆਈ, ਸ. ਸੁਖਜੀਤ ਸਿੰਘ ਮੁੱਖ ਅਫਸਰ ਥਾਣਾ ਭੀਖੀ, ਹੌਲਦਾਰ ਮਨਦੀਪ ਸਿੰਘ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਪ੍ਰਸ਼ੋਤਮ ਮੱਤੀ ਉਚੇਚੇ ਤੌਰ 'ਤੇ ਹਾਜ਼ਰ ਹੋਏ।ਇਨ੍ਹਾਂ ਮੁਕਾਬਲਿਆਂ ਵਿੱਚ ਦੂਜੀ ਤੋਂ ਪੰਜਵੀਂ ਜਮਾਤ ਤੱਕ ਦੇ ਕੁੱਲ 220 ਵਿਦਿਆਰਥੀਆਂ ਨੇ ਭਾਗ ਲਿਆ।ਇਹ ਗਤੀਵਿਧੀਆਂ ਬੱਚੇ ਦੇ ਸਰੀਰਕ, ਮਾਨਸਿਕ ਤੇ ਬੌਧਿਕ ਵਿਕਾਸ ਪੱਧਰ ਨੂੰ ਉੱਚਾ ਚੁੱਕਣ ਵਿੱਚ ਸਹਾਇਕ ਸਿੱਧ ਹੁੰਦੀਆਂ ਹਨ।ਇਨ੍ਹਾਂ ਸ਼ੂਟਿੰਗ ਮੁਕਾਬਲਿਆਂ ਲਈ ਬੱਚਿਆਂ ਵਿੱਚ ਬੜਾ ਹੀ ਉਤਸ਼ਾਹ ਦੇਖਣ ਨੂੰ ਮਿਲਿਆ।ਬੱਚਿਆਂ ਨੂੰ ਜ਼ਿੰਦਗੀ ਵਿੱਚ ਆਤਮ ਨਿਰਭਰ ਬਣਾਉਣ ਲਈ ਤੇ ਬਿਜ਼ਨੈੱਸ ਸੰਬੰਧੀ ਸੂਝ ਨੂੰ ਵਿਕਸਤ ਕਰਨ ਲਈ ਇਸ ਦੌਰਾਨ ਜਮਾਤ ਛੇਵੀਂ ਤੋਂ ਨੌਵੀਂ ਤੱਕ ਦੇ ਬੱਚਿਆਂ ਵੱਲੋਂ ਵੱਖ ਵੱਖ ਤਰ੍ਹਾਂ ਦੇ 'ਫੂਡ ਕਾਰਨਰ' ਸਟਾਲਾਂ ਲਗਾਈਆਂ ਗਈਆਂ।ਇਨ੍ਹਾਂ ਵੱਖ-ਵੱਖ ਵੰਨਗੀਆਂ ਵਾਲੇ ਭੋਜਨ ਸਟਾਲਾਂ ਵਿੱਚ ਬੱਚਿਆਂ ਵੱਲੋਂ ਖ਼ੁਦ ਹੀ ਤਿਆਰ ਕਰਕੇ ਕਈ ਤਰ੍ਹਾਂ ਦੇ ਪਕਵਾਨ ਪਰੋਸੇ ਗਏ।ਇਹ ਭੋਜਨ ਪ੍ਰਦਰਸ਼ਨੀ ਸਾਰਿਆਂ ਲਈ ਬਹੁਤ ਹੀ ਖਿੱਚ ਦਾ ਕੇਂਦਰ ਰਹੀ।ਇਸ ਟੂਰਨਾਮੈਂਟ ਦੇ ਇਨਾਮ ਵੰਡ ਸਮਾਰੋਹ ਦੌਰਾਨ ਰਿਟਾਇਰਡ ਸੂਬੇਦਾਰ ਜਸਵਿੰਦਰ ਸਿੰਘ, ਹਵਾਲਦਾਰ ਨਾਇਬ ਸਿੰਘ ਰਿਟਾਇਰਡ ਭਾਰਤੀ ਸੈਨਾ, ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਤੇ ਸਕੂਲ ਪ੍ਰਬੰਧਕ ਦੇ ਮੈਂਬਰ ਅੰਮ੍ਰਿਤ ਲਾਲ ਅਤੇ ਮੱਖਣ ਲਾਲ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਤੇ ਤੀਸਰਾ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ।ਜੇਤੂਆਂ ਨੂੰ ਵਧਾਈ ਦਿੰਦਿਆਂ ਸਕੂਲ ਪ੍ਰਿੰਸੀਪਲ ਨੇ ਕਿਹਾ ਕਿ ਨਵੀਂ ਸਿੱਖਿਆ ਨੀਤੀ 2020 ਦੀ ਸਿਫਾਰਸ਼ ਅਨੁਸਾਰ ਬੱਚਿਆਂ ਵਿੱਚ ਹਰ ਤਰ੍ਹਾਂ ਦੇ ਹੁਨਰ ਦਾ ਵਿਕਾਸ ਕਰਨਾ ਜ਼ਰੂਰੀ ਹੈ, ਕਿਉਂਕਿ ਇਨ੍ਹਾਂ ਗਤੀਵਿਧੀਆਂ ਵਿੱਚ ਭਾਗ ਲੈਣ ਨਾਲ ਬੱਚਿਆਂ ਦੀ ਸ਼ਖ਼ਸੀਅਤ ਦਾ ਸਰਵਪੱਖੀ ਵਿਕਾਸ ਹੁੰਦਾ ਹੈ ਅਤੇ ਜ਼ਿੰਦਗੀ ਪ੍ਰਤੀ ਉਸਾਰੂ ਦ੍ਰਿਸ਼ਟੀਕੋਣ ਦਾ ਵਿਕਾਸ ਹੁੰਦਾ ਹੈ।ਇਸ ਮੌਕੇ ਸਕੂਲ ਦੀ ਸ਼ੂਟਿੰਗ ਕੋਚ ਸ਼ੁਭਪ੍ਰੀਤ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ।


## ਦੇਸ਼ ਭਗਤ ਗਲੋਬਲ ਸਕੂਲ 'ਚ ਕਰਾਈ ਛੇਵੀਂ ਸਾਲਾਨਾ ਅਥਲੈਟਿਕ ਮੀਟ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਦੇਸ਼ ਭਗਤ ਗਰੁੱਪ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ. ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿਖੇ ਦੋ ਦਿਨਾ ਛੇਵੀਂ ਸਾਲਾਨਾ ਅਥਲੈਟਿਕ ਮੀਟ ਕਰਾਈ ਗਈ।ਅਥਲੈਟਿਕ ਮੀਟ ਦੀ ਸ਼ੁਰੂਆਤ 6 ਫਰਵਰੀ ਨੂੰ ਸਵੇਰੇ 10 ਵਜੇ ਭਾਰਤ ਦਾ ਕੌਮੀ ਝੰਡਾ ਲਹਿਰਾਉਣ ਨਾਲ ਹੋਈ।

ਕੌਮੀ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਕੈਂਪਸ ਦੇ ਡਾਇਰੈਕਟਰ ਡਾਕਟਰ ਦਿਲਬਾਗ ਸਿੰਘ ਨੇ ਕੀਤੀ।ਉਨ੍ਹਾਂ ਨਾਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ, ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ, ਮੈਡਮ ਰੁਪਿੰਦਰ ਕੌਰ ਬੁੱਟਰ ਪ੍ਰਿੰਸੀਪਲ ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ਼ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸ, ਡਾਕਟਰ ਮਨੀਸ਼ ਜੋਸ਼ੀ ਪ੍ਰਿੰਸੀਪਲ ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ ਫਾਰਮੈਸੀ, ਮਨਜਿੰਦਰ ਕੌਰ ਵਾਈਸ ਪ੍ਰਿੰਸੀਪਲ ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ਼ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸਜ, ਦੇਸ਼ ਭਗਤ ਕੈਂਪਸ, ਸ੍ਰੀ ਮੁਕਤਸਰ ਦੇ ਸੁਪਰਡੈਂਟ ਮੇਜਰ ਚੰਦ, ਅਕਾਊਂਟੈਂਟ ਨਵਦੀਪ ਸਿੰਘ, ਸੁਪਰਵਾਈਜ਼ਰ ਦਿਲਬਾਗ ਸਿੰਘ ਬਾਗੀ ਤੇ ਸਮੂਹ ਸਟਾਫ ਮੌਜੂਦ ਸੀ।ਅਥਲੈਟਿਕਸ ਮੀਟ ਦੋ ਦਿਨਾਂ ਵਿੱਚ ਪੂਰੀ ਹੋਈ।ਇਸ ਮੀਟ ਵਿੱਚ ਬਹੁਤ ਸਾਰੀਆਂ ਖੇਡਾਂ ਜਿਵੇਂ 50 ਮੀਟਰ,100 ਮੀਟਰ, 200 ਮੀਟਰ, 400 ਮੀਟਰ, ਰਿਲੇਅ ਰੇਸ, ਲੌਂਗ ਜੰਪ, ਹਾਈ ਜੰਪ, ਡਿਸਕਸ ਥਰੋ, ਜੈਵਲਿਨ ਥਰੋ, ਸ਼ਾਟਪੁੱਟ, ਚਾਟੀ ਰੇਸ ਤੇ ਹੋਰ ਬਹੁਤ ਸਾਰੇ ਈਵੈਂਟ ਕਰਾਏ ਗਏ।ਬੱਚਿਆਂ ਨੇ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ।ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਅਸੀਂ ਹਰ ਸਾਲ ਦੇਸ਼ ਭਗਤ ਗਲੋਬਲ ਸਕੂਲ ਵਿੱਚ ਸਲਾਨਾ ਅਥਲੈਟਿਕ ਮੀਟ ਕਰਾਉਂਦੇ ਹਾਂ ਤੇ ਬੱਚਿਆਂ ਨੂੰ ਹਰ ਖੇਡ ਦੇ ਵਿੱਚ ਭਾਗ ਲੈਣ ਦਾ ਮੌਕਾ ਦਿੰਦੇ ਹਾਂ, ਜਿਸ ਦੇ ਸਦਕਾ ਹੀ ਸਾਡੇ ਬੱਚਿਆਂ ਨੇ ਬੀਤੇ ਸਾਲ ਜ਼ੋਨਲ ਪੱਧਰ, ਬਲਾਕ ਪੱਧਰ, ਜਿਲਾ ਪੱਧਰ ਤੇ ਸਟੇਟ ਪੱਧਰ 'ਤੇ ਆਪਣਾ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕਰਕੇ ਨਾਮਣਾ ਖੱਟਿਆ।ਉਨ੍ਹਾਂ ਕਿਹਾ ਕਿ ਜਿੱਤਣ ਦੀ ਇੱਛਾ ਸ਼ਕਤੀ ਮਾਇਨੇ ਨਹੀਂ ਰੱਖਦੀ, ਜਿੱਤਣ ਲਈ ਤਿਆਰੀ ਕਰਨ ਦੀ ਇੱਛਾ ਸ਼ਕਤੀ ਮਾਇਨੇ ਰੱਖਦੀ ਹੈ।ਇਸ ਮੌਕੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਬੱਚਿਆਂ ਦਾ ਸਿਰਫ ਜਿੱਤਣਾ ਹੀ ਖੇਡਾਂ ਨਹੀਂ ਹਨ, ਸਗੋਂ ਹਰ ਇੱਕ ਬੱਚੇ ਦਾ ਖੇਡਾਂ ਵਿੱਚ ਭਾਗ ਲੈਣਾ ਉਨ੍ਹਾਂ ਦੀ ਜਿੱਤ ਦੀ ਨਿਸ਼ਾਨੀ ਹੈ।


## ਗੁਰੂ ਰਵਿਦਾਸ ਪ੍ਰਕਾਸ਼ ਉਤਸਵ ਦੀ ਖੁਸ਼ੀ 'ਚ ਨਗਰ ਕੀਰਤਨ ਸਜਾਇਆ



**ਦੋਰਾਹਾ (ਹਰਮਿੰਦਰ ਸੇਠ)**

ਪਿੰਡ ਬਿਲਾਸਪੁਰ ਵਿਖੇ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਉਤਸਵ ਦੀ ਖੁਸ਼ੀ ਨੂੰ ਮੁੱਖ ਰੱਖਦੇ ਹੋਏ ਗੁਰਦੁਆਰਾ ਰਵਿਦਾਸ ਭਗਤ ਤੋਂ ਨਗਰ ਕੀਰਤਨ ਸਜਾਏ ਗਏ ਤੇ ਨਗਰ ਕੀਰਤਨ ਦੀ ਪ੍ਰਧਾਨਗੀ ਪੰਜ ਪਿਆਰਿਆਂ ਨੇ ਕੀਤੀ। ਨਗਰ ਕੀਰਤਨ ਗੁਰਦੁਆਰਾ ਰਵਿਦਾਸ ਭਗਤ ਰਵਾਨਾ ਹੋ ਕੇ ਗੁਰਦੁਆਰਾ ਰਾਮਸਰ ਪਾਤਸ਼ਾਹੀ ਛੇਵੀਂ ਤੇ ਗੁੱਗਾ ਮਾੜੀ ਬਿਲਾਸਪੁਰ ਤੇ ਗੁਰਦੁਆਰਾ ਰੰਗਾਪਤੀ ਉਪਰੰਤ ਗੁਰਦੁਆਰਾ ਪਿੰਡ ਜਹਾਂਗੀਰ ਤੋਂ ਹੁੰਦਾ ਹੋਇਆ ਪਿੰਡ ਦੀ ਪਰਿਕਰਮਾ ਕਰਦੇ ਹੋਏ ਵਾਪਸ ਗੁਰਦੁਆਰਾ ਰਵਿਦਾਸ ਭਗਤ ਵਿਖੇ ਵਾਪਸ ਪਰਤਿਆ ਤੇ ਸੰਗਤਾਂ ਵੱਲੋਂ ਜਗ੍ਹਾ ਜਗ੍ਹਾ 'ਤੇ ਚਾਹ-ਪਕੌੜਿਆਂ ਦਾ ਲੰਗਰ ਤੇ ਪ੍ਰਸ਼ਾਦਾਪਾਣੀ ਛਕਾਇਆ ਗਿਆ ਤੇ ਗੁਰਦੁਆਰਾ ਸਾਹਿਬ ਦੇ ਮੁਖੀਆਂ ਵੱਲੋਂ ਗੁਰੂ ਸਾਹਿਬ ਜੀ ਦਾ ਰੁਮਾਲਾ ਭੇਟ ਕਰਕੇ ਮਾਨ ਸਨਮਾਨ ਕੀਤਾ ਗਿਆ।

# ਕੀਮੋਥੈਰੇਪੀ ਦੇ ਪ੍ਰਭਾਵ ਨੂੰ ਵਧਾਉਣ ਦੇ ਹੱਲ ਲਈ ਪੰਜਾਬੀ ਯੂਨੀਵਰਸਿਟੀ 'ਚ ਕੀਤੀ ਖੋਜ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬੀ ਯੂਨੀਵਰਸਿਟੀ ਵਿੱਚ ਹੋਈ ਇੱਕ ਖੋਜ ਰਾਹੀਂ ਕੈਂਸਰ ਰੋਗ ਦੇ ਇਲਾਜ ਵਿੱਚ ਵਰਤੀ ਜਾਂਦੀ ਕੀਮੋਥੈਰੇਪੀ ਦੇ ਪ੍ਰਭਾਵ ਨੂੰ ਵਧਾਉਣ ਅਤੇ ਇਸ ਇਲਾਜ ਵਿਧੀ ਦੀ ਪ੍ਰਭਾਵਸ਼ੀਲਤਾ ਦੇ ਰਾਹ ਵਿੱਚ ਪੈਦਾ ਹੋਣ ਵਾਲੀਆਂ ਕੁੱਝ ਵਿਸ਼ੇਸ਼ ਰੁਕਾਵਟਾਂ ਸਬੰਧੀ ਹੱਲ ਲੱਭੇ ਗਏ ਹਨ।ਯੂਨੀਵਰਸਿਟੀ ਦੇ ਫਾਰਮਾਸਿਊਟੀਕਲ ਸਾਇੰਸਜ਼ ਤੇ ਡਰੱਗ ਰਿਸਰਚ ਵਿਭਾਗ ਤੋਂ ਪ੍ਰੋ. ਓਮ ਸਿਲਾਕਾਰੀ ਦੀ ਨਿਗਰਾਨੀ ਹੇਠ ਆਈ.ਸੀ.ਐੱਮ.ਆਰ. ਦੇ ਸੀਨੀਅਰ ਰਿਸਰਚ ਫੈਲੋ ਅਤੇ ਪੀ-ਐੱਚ.ਡੀ. ਖੋਜਾਰਥੀ (ਹੁਣ ਡਾ.) ਗੇਰਾ ਨਰਿੰਦਰ ਨੇ ਡਰੱਗ-ਮੈਟਾਬੋਲਾਈਜ਼ਿੰਗ ਐਨਜ਼ਾਈਮਜ਼ (ਡੀ.ਐੱਮ.ਈ.) ਨਾਲ਼ ਜੁੜੇ ਕੀਮੋ-ਰੋਧ 'ਤੇ ਮਹੱਤਵਪੂਰਨ ਖੋਜ ਕੀਤੀ ਹੈ।ਜ਼ਿਕਰਯੋਗ ਹੈ ਕਿ ਡਾ. ਗੇਰਾ ਨਰਿੰਦਰ ਇਸ ਸਮੇਂ ਭਾਰਤ ਦੀ ਵੱਕਾਰੀ ਸੰਸਥਾ ਸੈਂਟਰ ਫ਼ਾਰ ਸੈਲੂਲਰ ਮੌਲੀਕਿਊਲਰ ਬਾਇਓਲੌਜੀ, ਹੈਦਰਾਬਾਦ ਵਿਖੇ ਪ੍ਰੋਜੈਕਟ ਵਿਗਿਆਨੀ ਵਜੋਂ ਕਾਰਜਸ਼ੀਲ ਹਨ।

ਪ੍ਰੋ. ਓਮ ਸਿਲਾਕਾਰੀ ਨੇ ਦੱਸਿਆ ਕਿ ਕੀਮੋਥੈਰੇਪੀ ਦੇ ਅਸਰ ਨੂੰ ਘਟਾਉਣ ਵਾਲ਼ਾ ਕੀਮੋ-ਰੋਧ ਵਿਸ਼ਵ ਪੱਧਰ ਉੱਤੇ ਇੱਕ ਅਹਿਮ ਚੁਣੌਤੀ ਬਣਿਆ ਹੋਇਆ ਹੈ, ਜਿਸ ਕਾਰਨ ਕੈਂਸਰ ਸੈੱਲਾਂ ਨੂੰ ਖਤਮ ਕਰਨ ਲਈ ਪ੍ਰਭਾਵਸ਼ਾਲੀ ਦਵਾਈਆਂ ਦੀ ਉਪਲਬਧਤਾ ਕਾਫ਼ੀ ਨਹੀਂ ਹੁੰਦੀ ਤੇ ਸਿੱਟੇ ਵਜੋਂ ਕੈਂਸਰ ਮਰੀਜ਼ਾਂ ਦੀ ਮੌਤ ਹੋ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਇਸ ਵਰਤਾਰੇ ਵਿੱਚ ਯੋਗਦਾਨ ਪਾਉਣ ਵਾਲੇ ਮੁੱਖ ਕਾਰਕਾਂ ਵਿੱਚੋਂ ਫੇਜ਼-1 ਅਤੇ ਫੇਜ਼-2 ਡੀ.ਐੱਮ.ਈ. ਹਨ, ਜੋ ਕੈਂਸਰ-ਰੋਧਕ ਦਵਾਈਆਂ ਨੂੰ ਅਕਿਰਿਆਸ਼ੀਲ ਕਰ ਦਿੰਦੇ ਹਨ, ਉਨ੍ਹਾਂ ਦੀ ਪ੍ਰਭਾਵਸ਼ੀਲਤਾ ਨੂੰ ਘਟਾ ਦਿੰਦੇ ਹਨ ਅਤੇ ਡਰੱਗ ਪ੍ਰਤੀਰੋਧ ਵਾਲ਼ੀ ਸਥਿਤੀ ਵੱਲ ਲੈ ਜਾਂਦੇ ਹਨ ਜਿੱਥੇ ਦਵਾਈ ਆਪਣਾ ਕੰਮ ਨਹੀਂ ਕਰਦੀ।ਖੋਜਾਰਥੀ ਡਾ. ਗੇਰਾ ਨਰਿੰਦਰ ਨੇ ਦੱਸਿਆ ਕਿ ਹਾਲਾਂਕਿ ਕਈ ਕੈਂਸਰ-ਰੋਕੂ ਦਵਾਈਆਂ ਅਜਿਹੇ ਪ੍ਰਤੀਰੋਧ ਦਾ ਸਾਹਮਣਾ ਕਰਦੀਆਂ ਹਨ, ਪਰ ਉਸ ਨੇ ਆਪਣੇ ਅਧਿਐਨ ਲਈ ਖਾਸ ਤੌਰ 'ਤੇ ਸਾਈਕਲੋਫੋਸਫਾਮਾਈਡ (ਸੀ.ਪੀ.) ਨਾਮੀ ਦਵਾਈ ਦੀ ਚੋਣ ਕੀਤੀ, ਜੋ ਅੰਡਕੋਸ਼, ਛਾਤੀ, ਖ਼ੂਨ ਤੇ ਕੁੱਝ ਹੋਰ ਕੈਂਸਰਾਂ ਦੇ ਇਲਾਜ ਲਈ ਵੱਡੇ ਪੱਧਰ 'ਤੇ ਵਰਤਿਆ ਜਾਣ ਵਾਲਾ ਕੀਮੋਥੈਰੇਪਿਊਟਿਕ ਏਜੰਟ ਹੈ।ਉਨ੍ਹਾਂ ਦੱਸਿਆ ਕਿ ਉਨ੍ਹਾਂ ਸੀ.ਪੀ. ਦਵਾਈ ਦੀ ਅਕਿਰਿਆਸ਼ੀਲਤਾ ਤੇ ਪ੍ਰਤੀਰੋਧ ਲਈ ਜ਼ਿੰਮੇਵਾਰ ਡੀ. ਐੱਮ.ਈਜ਼ ਦੀ ਪਛਾਣ ਕਰਨ ਲਈ ਨੈੱਟਵਰਕ ਫਾਰਮਾਕੋਲੋਜੀ ਅਧਿਐਨ ਕੀਤੇ। ਜੀਨ ਐਕਸਪ੍ਰੈਸ਼ਨ ਓਮਨੀਬਸ ਡੇਟਾਬੇਸ ਤੋਂ ਸੀ.ਪੀ.-ਰੋਧਕ ਸੈੱਲ ਲਾਈਨਾਂ ਬਨਾਮ ਆਮ ਸੈੱਲਾਂ ਵਿੱਚ ਵੱਖਰੇ ਤੌਰ 'ਤੇ ਪ੍ਰਗਟ ਕੀਤੇ ਜੀਨਾਂ ਦੀ ਇੱਕ ਸੂਚੀ ਇਕੱਠੀ ਕੀਤੀ ਤੇ ਆਨਲਾਈਨ ਟੂਲ ਦੀ ਵਰਤੋਂ ਕਰਕੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ।ਖੋਜ ਦੌਰਾਨ ਪਤਾ ਲੱਗਾ ਕਿ ਆਮ ਸੈੱਲਾਂ ਦੇ ਮੁਕਾਬਲੇ ਏ.ਐੱਲ.ਡੀ.ਐੱਚ.1.ਏ.1 ਐਨਜ਼ਾਈਮ ਇਸ ਦਵਾਈ ਨਾਲ਼ ਇਲਾਜ ਕੀਤੇ ਸੈੱਲਾਂ ਵਿੱਚ ਜ਼ਿਆਦਾ ਓਵਰਐਕਸਪਰੈੱਸ ਹੋਇਆ ਸੀ।ਫਿਰ ਇਸ ਪਛਾਣੇ ਗਏ ਨਵੇਂ ਐਨਜ਼ਾਈਮ 'ਤੇ ਡਰੱਗ ਰੀਪਰਪੋਜ਼ਿੰਗ ਅਧਿਐਨ ਕੀਤੇ ਗਏ।ਅਧਿਐਨ ਦੌਰਾਨ ਏ.ਐੱਲ.ਡੀ.ਐੱਚ.1.ਏ.1 ਇਨਿਹਿਬਟਰਜ਼ ਵਜੋਂ ਕੰਮ ਕਰ ਸਕਣ ਵਾਲੀਆਂ ਦੋ ਚੋਣਵੀਆਂ ਦਵਾਈਆਂ ਦੀ ਪਛਾਣ ਕੀਤੀ ਗਈ, ਜੋ ਕੈਂਸਰ ਥੈਰੇਪੀ ਵਿੱਚ ਸੀ.ਪੀ. ਪ੍ਰਤੀਰੋਧ ਨੂੰ ਘਟਾਉਣ ਲਈ ਇੱਕ ਨਵੀਂ ਡਰੱਗ ਰੀਪਰਪੋਜ਼ਿੰਗ ਪਹੁੰਚ ਦੀ ਪੇਸ਼ਕਸ਼ ਸੀ।ਉਨ੍ਹਾਂ ਦੱਸਿਆ ਕਿ ਦੋਵੇਂ ਚੋਣਵੇਂ ਏ.ਐੱਲ.ਡੀ.ਐੱਚ.1.ਏ.1 ਇਨਿਹਿਬਟਰਜ਼ ਦੀ ਵਰਤੋਂ ਕਰਨ ਦਾ ਇੱਕ ਮਹੱਤਵਪੂਰਨ ਫਾਇਦਾ ਇਹ ਹੈ ਕਿ ਇਹ ਪਹਿਲਾਂ ਹੀ ਕਲੀਨਿਕਲ ਤੌਰ 'ਤੇ ਪ੍ਰਵਾਨਿਤ ਹਨ ਅਤੇ ਸੁਰੱਖਿਆ ਦੇ ਮਾਮਲੇ ਵਿੱਚ ਚੰਗੀ ਵਿਸ਼ੇਸ਼ਤਾ ਰੱਖਦੇ ਹਨ। ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਵੱਲੋਂ ਖੋਜਾਰਥੀ ਤੇ ਉਸ ਦੇ ਨਿਗਰਾਨ ਨੂੰ ਇਸ ਮਿਆਰੀ ਖੋਜ ਬਾਰੇ ਵਿਸ਼ੇਸ਼ ਤੌਰ 'ਤੇ ਵਧਾਈ ਦਿੰਦਿਆਂ ਭਰਪੂਰ ਸ਼ਲਾਘਾ ਕੀਤੀ।

## ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਮੀਟਿੰਗ



**ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ)**

ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਇਕਾਈ ਕੋਟਕਪੂਰਾ ਦੀ ਇਕੱਤਰਤਾ ਸੀਨੀਅਰ ਮੈਂਬਰ ਮੇਘਰਾਜ ਹੁਰਾਂ ਦੀ ਪ੍ਰਧਾਨਗੀ ਹੇਠ ਹੋਈ।ਇਸ ਵਿੱਚ ਯੂਨੀਅਨ ਦੇ ਅਹੁਦੇਦਾਰਾਂ ਅਤੇ ਲਗਭਗ ਸਾਰੇ ਮੈਂਬਰਾਂ ਨੇ ਹਿੱਸਾ ਲਿਆ।ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਇਕਾਈ ਕੋਟਕਪੂਰਾ ਨੂੰ ਜਾਰੀ ਕੀਤੀ ਗਈ ਗ੍ਰਾਂਟ ਸਬੰਧੀ ਚਰਚਾ ਕੀਤੀ ਗਈ।ਇਸ ਦੌਰਾਨ ਸਮੂਹ ਅਹੁਦੇਦਾਰਾਂ ਨੇ ਯੂਨੀਅਨ ਨੂੰ ਹੋਰ ਸਰਗਰਮ ਕਰਨ, ਨਵੇਂ ਮੈਂਬਰ ਭਰਤੀ ਕਰਨ ਤੇ ਉਸ ਸਬੰਧੀ ਮਾਪਦੰਡਾਂ ਉੱਪਰ ਭਖ਼ਵੀਂ ਚਰਚਾ ਕੀਤੀ ਗਈ।ਮੀਟਿੰਗ ਦੌਰਾਨ ਸਰਬਸੰਮਤੀ ਨਾਲ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜ, ਸੈਮੀਨਾਰ ਤੇ ਸਮਾਜ ਸੁਧਾਰਕ ਕੰਮਾਂ ਵਿੱਚ ਤੇਜੀ ਲਿਆਉਣ ਦਾ ਮਤਾ ਪਾਸ ਕੀਤਾ ਗਿਆ।ਯੂਨੀਅਨ ਦੇ ਪ੍ਰਧਾਨ ਹਰਪ੍ਰੀਤ ਸਿੰਘ ਚਾਨਾ ਨੇ ਪਿਛਲੇ ਸਮੇਂ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸਮੂਹ ਅਹੁਦੇਦਾਰਾਂ ਵੱਲੋਂ ਉਨ੍ਹਾਂ ਨੂੰ ਹਰ ਪ੍ਰੋਗਰਾਮ ਕਰਾਉਣ 'ਚ ਆਸ ਮੁਤਾਬਿਕ ਸਹਿਯੋਗ ਮਿਲਿਆ ਹੈ।ਇਸ ਲਈ ਉਨ੍ਹਾਂ ਸਾਰਿਆਂ ਦਾ ਧੰਨਵਾਦ ਵੀ ਕੀਤਾ।ਉਨ੍ਹਾਂ ਭਰੋਸਾ ਦਿਵਾਇਆ ਕਿ ਯੂਨੀਅਨ ਦੇ ਸਮੂਹ ਅਹੁਦੇਦਾਰਾਂ ਦੇ ਸਹਿਯੋਗ ਨਾਲ ਗਤੀਵਿਧੀਆਂ 'ਚ ਵਾਧਾ ਕੀਤਾ ਜਾਵੇਗਾ। ਮੀਟਿੰਗ 'ਚ ਹਾਜ਼ਰ ਜਥੇਬੰਦੀ ਦੇ ਅਹੁਦੇਦਾਰ ਰਛਪਾਲ ਸਿੰਘ ਭੁੱਲਰ ਨੂੰ ਆਸਟ੍ਰੇਲੀਆ ਰਵਾਨਾ ਹੋਣ 'ਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।ਇਸ ਮੌਕੇ ਗੁਰਿੰਦਰ ਸਿੰਘ ਕੋਟਕਪੂਰਾ, ਮੋਹਰ ਗਿੱਲ ਸਿਰਸੜੀ, ਗੁਰਮੀਤ ਸਿੰਘ ਮੀਤਾ, ਗਗਨਦੀਪ ਜਿੰਦਲ, ਤਰਸੇਮ ਚੋਪੜਾ, ਚੰਦਰ ਗਰਗ, ਰਣਜੀਤ ਸਿੰਘ ਸਿੱਧੂ, ਸੁਰਿੰਦਰ ਦਮਦਮੀ, ਤਰਸੇਮ ਚਾਨਣਾ, ਡਾ. ਭਾਵਿਤ ਗੋਇਲ, ਹੁਕਮ ਚੰਦ ਬੀਏ ਅਤੇ ਮਨਵਰ ਸ਼ਰਮਾ ਨੇ ਸਰਬਸੰਮਤੀ ਨਾਲ ਹਰਪ੍ਰੀਤ ਸਿੰਘ ਚਾਨਾ ਦੀ ਪ੍ਰਧਾਨਗੀ 'ਤੇ ਭਰੋਸਾ ਪ੍ਰਗਟਾਇਆ।ਮੇਘਰਾਜ ਨੇ ਮੀਟਿੰਗ ਵਿੱਚ ਆਏ ਸਮੂਹ ਅਹੁਦੇਦਾਰਾਂ ਦਾ ਧੰਨਵਾਦ ਕੀਤਾ।

## ...ਸ.ਫਾ 1 ਦੇ ਬਾਕੀ

### ਭਾਜਪਾ ਤੋਂ ਵਾਅਦੇ ਪੂਰੇ...

ਸਾਹਿਬ ਸਿੰਘ ਵਰਮਾ 1996 ਵਿੱਚ ਮੁੱਖ ਮੰਤਰੀ ਬਣੇ। ਉਨ੍ਹਾ ਨੇ ਢਾਈ ਸਾਲ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ, ਪਰ ਸ਼ਹਿਰ ਵਿੱਚ ਪਿਆਜ਼ ਦੀ ਕੀਮਤ ਦੇ ਸੰਕਟ ਤੋਂ ਬਾਅਦ ਵਰਮਾ ਦੀ ਥਾਂ ਸੁਸ਼ਮਾ ਸਵਰਾਜ ਨੇ ਲੈ ਲਈ। ਸਵਰਾਜ ਨੇ 52 ਦਿਨਾਂ ਤੱਕ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ, ਜਿਸ ਤੋਂ ਬਾਅਦ ਚੋਣਾਂ ਦਾ ਐਲਾਨ ਕੀਤਾ ਗਿਆ। ਇਸ ਮਗਰੋਂ ਭਾਜਪਾ ਕੌਮੀ ਰਾਜਧਾਨੀ ਵਿੱਚ ਸਰਕਾਰ ਬਣਾਉਣ ਵਿੱਚ ਨਾਕਾਮ ਰਹੀ। ਭਾਜਪਾ ਨੇ 2013 ਵਿੱਚ ਸੁਸ਼ਮਾ ਸਵਰਾਜ, ਡਾ. ਹਰਸ਼ਵਰਧਨ, 2015 ਵਿੱਚ ਕਿਰਨ ਬੇਦੀ ਅਤੇ ਅੰਤ ਵਿੱਚ 2019 ਵਿੱਚ ਮਨੋਜ ਤਿਵਾੜੀ ਵਰਗੇ ਕਈ ਵੱਡੇ ਨਾਵਾਂ ਨੂੰ ਮੁੱਖ ਮੰਤਰੀ ਦੇ ਰੂਪ ਵਿੱਚ ਪੇਸ਼ ਕੀਤਾ, ਪਰ ਇਹ ਸਭ ਅਸਫਲ ਰਹੇ। ਨਵੇਂ ਮੁੱਖ ਮੰਤਰੀ ਦੀ ਦੌੜ 'ਚ ਸਾਹਿਬ ਸਿੰਘ ਵਰਮਾ ਦੇ ਪੁੱਤਰ ਪਰਵੇਸ਼ ਵਰਮਾ ਵੀ ਸ਼ਾਮਲ ਹਨ, ਜਿਨ੍ਹਾਂ ਨਵੀਂ ਦਿੱਲੀ ਹਲਕੇ ਤੋਂ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਹਰਾਇਆ ਹੈ। ਰੋਹਿਣੀ ਤੋਂ ਜਿੱਤੇ ਵਿਜੇਂਦਰ ਗੁਪਤਾ ਵੀ ਮੁੱਖ ਮੰਤਰੀ ਬਣ ਸਕਦੇ ਹਨ। ਉਹ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਸੇਵਾ ਨਿਭਾਅ ਚੁੱਕੇ ਹਨ। ਰਾਜੌਰੀ ਗਾਰਡਨ ਤੋਂ ਜਿੱਤੇ ਮਨਜਿੰਦਰ ਸਿੰਘ ਸਿਰਸਾ ਵੀ ਪ੍ਰਮੁੱਖ ਦਾਅਵੇਦਾਰਾਂ ਵਿੱਚੋਂ ਇੱਕ ਮੰਨੇ ਜਾ ਰਹੇ ਹਨ। ਸਿਰਸਾ ਦਾ ਪ੍ਰਭਾਵ ਪੰਜਾਬ ਵਿੱਚ ਵੀ ਵਰਤਿਆ ਜਾ ਸਕਦਾ ਹੈ, ਜਿੱਥੇ 2027 ਵਿੱਚ ਅਸੈਂਬਲੀ ਚੋਣਾਂ ਡਿਊ ਹਨ। ਭਾਜਪਾ ਦੇ ਕੌਮੀ ਜਨਰਲ ਸਕੱਤਰ ਅਤੇ ਉੱਘੇ ਦਲਿਤ ਆਗੂ ਦੁਸ਼ਯੰਤ ਗੌਤਮ, ਭਾਵੇਂ ਉਹ ਕਰੋਲ ਬਾਗ ਤੋਂ ਹਾਰ ਗਏ ਹਨ, ਵੀ ਲਿਸਟ 'ਚ ਹਨ? ਸਾਬਕਾ ਪ੍ਰਧਾਨ ਸਤੀਸ਼ ਉਪਾਧਿਆਏ ਦੀਆਂ ਸੰਭਾਵਨਾਵਾਂ ਵੀ ਚੰਗੀਆਂ ਹਨ ਕਿਉਂਕਿ ਉਨ੍ਹਾ ਨੇ ਮਾਲਵੀਆ ਨਗਰ ਤੋਂ 'ਆਪ' ਦੇ ਸੋਮਨਾਥ ਭਾਰਤੀ ਨੂੰ ਹਰਾ ਕੇ 32 ਸਾਲਾਂ ਬਾਅਦ ਸੀਟ 'ਤੇ ਕਬਜ਼ਾ ਕੀਤਾ ਹੈ। ਕਿਸੇ ਬੀਬੀ ਦਾ ਵੀ ਦਾਅ ਲੱਗ ਸਕਦਾ ਹੈ।


# ਭਾਜਪਾ ਆਗੂਆਂ ਤੇ ਵਰਕਰਾਂ ਨੇ ਦਿੱਲੀ ਜਿੱਤ ਦੀ ਖੁਸ਼ੀ 'ਚ ਲੱਡੂ ਵੰਡੇ



ਮਾਛੀਵਾੜਾ ਸਾਹਿਬ



ਨਿਹਾਲ ਸਿੰਘ ਵਾਲਾ



ਧੂਰੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਦੇ ਭਾਜਪਾ ਆਗੂਆਂ ਤੇ ਵਰਕਰਾਂ ਨੇ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਭਾਰੀ ਬਹੁਮਤ ਤੇ ਸ਼ਾਨਦਾਰ ਜਿੱਤ ਦੀ ਖੁਸ਼ੀ ਵਿੱਚ ਜਸ਼ਨ ਮਨਾਏ। ਸਥਾਨਕ ਸ੍ਰੀ ਚਰਨ ਕੰਵਲ ਚੌਕ ਵਿਖੇ ਇਕੱਤਰ ਹੋਏ ਆਗੂਆਂ ਨੇ ਖੁਸ਼ੀ ਵਿੱਚ ਲੱਡੂ ਵੰਡੇ ਤੇ ਪਟਾਕੇ ਚਲਾਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਉਪ ਪ੍ਰਧਾਨ ਸੰਜੀਵ ਲੀਹਲ, ਮੰਡਲ ਪ੍ਰਧਾਨ ਸੁੱਖੀ ਸ਼ਰਮਾ, ਵਿਕਾਸ ਮਿੱਤਲ, ਡਾ. ਸੰਜੀਵ ਗਰਗ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਲੋਕ ਖੁਸ਼ ਹੋ ਕੇ ਹਰੇਕ ਸੂਬੇ ਵਿੱਚ ਭਾਜਪਾ ਦੀ ਸਰਕਾਰ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਭਾਜਪਾ ਦੇ ਹੱਕ ਵਿੱਚ ਵੱਡਾ ਫਤਵਾ ਦਿੱਤਾ ਹੈ ਤੇ ਹੁਣ ਦੇਸ਼ ਦੀ ਰਾਜਧਾਨੀ ਵਿੱਚ ਵੀ ਮੋਦੀ ਵਿਕਾਸ ਦੀ ਲਹਿਰ ਚੱਲੇਗੀ।

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** : ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਹਰਾ ਕੇ ਭਾਜਪਾ ਵੱਲੋਂ ਭਾਰੀ ਬਹੁਮਤ ਨਾਲ ਵਿਧਾਨ ਸਭਾ ਚੋਣਾਂ ਜਿੱਤਣ ਦੀ ਖੁਸ਼ੀ ਵਿੱਚ ਅੱਜ ਧੂਰੀ ਵਿਖੇ ਭਾਜਪਾ ਆਗੂਆਂ ਵੱਲੋਂ ਲੱਡੂ ਵੰਡੇ ਗਏ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ ਤੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਦੀਪ ਗਰਗ ਨੇ ਦੱਸਿਆ ਕਿ ਦਿੱਲੀ ਦੇ ਲੋਕਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ 'ਤੇ ਮੋਹਰ ਲਾ ਕੇ ਇਸ ਵਾਰ ਦਿੱਲੀ ਵਿੱਚ ਭਾਜਪਾ ਨੂੰ ਭਾਰੀ ਬਹੁਮਤ ਨਾਲ ਜਤਾਇਆ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਣਨ ਨਾਲ ਦਿੱਲੀ ਮੁੜ ਵਿਕਾਸ ਦੀਆਂ ਲੀਹਾਂ ਵੱਲ ਵਧੇਗੀ।ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨਾ ਲਗਭਗ ਤੈਅ ਹੈ। ਇਸ ਮੌਕੇ ਭਾਜਪਾ ਦੇ ਸੂਬਾਈ ਆਗੂ ਜਗਦੇਵ ਜਿੰਦਲ, ਬਰਜੇਸ਼ਵਰ ਗੋਇਲ, ਮੰਡਲ ਪ੍ਰਧਾਨ ਅਰੁਣ ਆਰੀਆ, ਆਸ਼ੀਸ਼ ਕੁਮਾਰ, ਕਮਲਜੀਤ, ਨੀਲੂ ਮਿੱਤਲ, ਦਵਿੰਦਰ ਜਿੰਦਲ, ਅਮਰ ਗਰਗ ਸੰਜੀਵ ਕਾਂਸਲ ਮਨੂੰ, ਨਵਦੀਪ ਕੁਮਾਰ, ਬਰਜੇਸ਼ਵਰ ਦਾਸ, ਨਰਿੰਦਰ ਜਿੰਦਲ ਆਦਿ ਹਾਜ਼ਰ ਸਨ।

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** : ਭਾਜਪਾ ਦੀ ਦਿੱਲੀ ਵਿੱਚ ਸ਼ਾਨਦਾਰ ਜਿੱਤ 'ਤੇ ਹਲਕਾ ਨਿਹਾਲ ਸਿੰਘ ਵਾਲਾ ਦੇ ਇੰਚਾਰਜ ਮੁਖਤਿਆਰ ਸਿੰਘ ਐੱਸ ਪੀ ਵੱਲੋਂ ਪਵਨ ਗੋਇਲ ਬੰਟੀ ਜ਼ਿਲ੍ਹਾ ਵਾਇਸ ਪ੍ਰਧਾਨ ਦੀ ਦੁਕਾਨ ਅੱਗੇ ਲੱਡੂ ਵੰਡ ਕੇ ਦਿੱਲੀ ਦੀ ਭਾਰੀ ਜਸ਼ਨ ਮਨਾਇਆ ਗਿਆ, ਜਿਸ ਵਿੱਚ ਸੋਨੀ ਭੱਟੀ ਮੰਡਲ ਪ੍ਰਧਾਨ ਦਿਹਾਤੀ ਨਿਹਾਲ ਸਿੰਘ ਵਾਲਾ, ਸੋਨੀ ਬਾਂਸਲ ਨਿਹਾਲ ਸਿੰਘ ਵਾਲਾ, ਅਮਰੀਕ ਸਿੰਘ ਅਜੀਤਵਾਲ ਤੇ ਮੰਡਲ ਦੀਆਂ ਵੱਖ ਵੱਖ ਅਹੁਦੇਦਾਰਾਂ ਇਸ ਜਿੱਤ ਦੀ ਖੁਸ਼ੀ ਵਿੱਚ ਸ਼ਾਮਲ ਹੋ ਕੇ ਲੱਡੂ ਵੰਡੇ ਗਏ ਤੇ ਪਟਾਕੇ ਚਲਾ ਕੇ ਖੁਸ਼ੀ ਮਨਾਈ ਅਤੇ ਆਸ ਕੀਤੀ ਕਿ ਪੰਜਾਬ ਵਿੱਚ ਵੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੇਗੀ। ਇਸ ਮੌਕੇ ਸਮੂਹ ਪਾਰਟੀ ਆਗੂ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਨਕਲ ਕਰਵਾਉਣ ਵਾਲੀਆਂ ਵਿੱਦਿਅਕ ਸੰਸਥਾਵਾਂ ਆਪਣਾ ਤੇ ਬੱਚਿਆਂ ਦਾ ਭਵਿੱਖ ਧੁੰਦਲਾ ਕਰਦੀਆਂ : ਛੀਨਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਜਦੋਂ ਦਾ ਖ਼ਾਲਸਾ ਕਾਲਜ ਪਬਲਿਕ ਸਕੂਲ, ਜੀ.ਟੀ. ਰੋਡ ਬਣਿਆ ਹੈ, ਉਦੋਂ ਤੋਂ ਇੱਥੇ ਹਜ਼ਾਰਾਂ ਬੱਚੇ ਪ੍ਰਮਾਤਮਾ ਦਾ ਓਟ ਆਸਰਾ ਲੈਣ ਲਈ ਕੌਂਸਲ ਦੀ ਪ੍ਰੇਰਨਾ ਅਨੁਸਾਰ ਕਰਵਾਏ ਜਾਂਦੇ ਧਾਰਮਿਕ ਸਮਾਗਮ ਅਰਦਾਸ ਦਿਵਸ ਮੌਕੇ ਕੀਤਾ।ਇਸ ਮੌਕੇ ਸ: ਛੀਨਾ ਨੇ ਕਿਹਾ ਕਿ ਜਿਹੜੇ ਅਦਾਰੇ ਨਕਲ ਮਰਵਾ ਕੇ ਬੱਚਿਆਂ ਨੂੰ ਪਾਸ ਕਰਵਾਉਂਦੇ ਉਨ੍ਹਾਂ ਸੰਸਥਾਵਾਂ ਦਾ ਤਾਂ ਬੁਰਾ ਹਾਲ ਹੁੰਦਾ ਹੀ ਹੈ ਨਾਲ ਉਹ ਬੱਚਿਆਂ ਦਾ ਭਵਿੱਖ ਵੀ ਧੁੰਦਲਾ ਕਰ ਦਿੰਦੇ ਹਨ।ਇਸ ਲਈ ਜੀਵਨ 'ਚ ਸਫ਼ਲ ਹੋਣ ਲਈ ਕਦੇ ਵੀ ਨਕਲ ਦਾ ਸਹਾਰਾ ਨਾ ਲਇਓ।ਇਸ ਮੌਕੇ ਸ: ਛੀਨਾ ਨੇ ਬੱਚਿਆਂ ਨੂੰ ਵਿੱਦਿਆ ਪੱਖੋਂ ਕਾਬਿਲ ਬਣਾਉਣ ਦੇ ਮੈਨੇਜਮੈਂਟ ਦੁਆਰਾ ਮਿੱਥੇ ਟੀਚੇ ਨੂੰ ਉਜਾਗਰ ਕਰਦਿਆਂ ਕੌਂਸਲ ਅਧੀਨ ਅਦਾਰਿਆਂ ਦੀਆਂ ਪ੍ਰਾਪਤੀਆਂ ਅਤੇ ਬੱਚਿਆਂ



ਪੜ੍ਹ-ਲਿਖ ਕੇ ਗਏ ਅਤੇ ਇੰਨ੍ਹੀਆਂ ਵਧੀਆ ਥਾਵਾਂ 'ਤੇ ਪਲੇਸਮੈਂਟਾਂ ਹੋਈਆਂ ਹਨ ਕਿ ਅੱਜ ਉਹ ਬੱਚੇ ਉਚ ਅਹੁਦਿਆਂ 'ਤੇ ਬਿਰਾਜਮਾਨ ਹਨ, ਉਹ ਭਾਵੇਂ ਦੇਸ਼ ਹੋਵੇ ਜਾਂ ਫ਼ਿਰ ਵਿਦੇਸ਼।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਉਕਤ ਸਕੂਲ ਵਿਖੇ ਵਿਦਿਆਰਥੀਆਂ ਦੇ ਸਾਲਾਨਾ ਇਮਤਿਹਾਨਾਂ 'ਚ ਚੰਗੀ ਕਾਰਗੁਜ਼ਾਰੀ ਲਈ ਅਸ਼ੀਰਵਾਦ ਲੈਣ ਸੰਬੰਧੀ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਉਲੀਕੇ ਪ੍ਰੋਜੈਕਟਾਂ ਦਾ ਜ਼ਿਕਰ ਵੀ ਕੀਤਾ।ਉਨ੍ਹਾਂ ਮਾਪਿਆਂ ਨੂੰ ਬੱਚਿਆਂ ਦੀ ਰੁਚੀ ਮੁਤਾਬਕ ਪੜ੍ਹਾਈ ਅਤੇ ਖੇਡਾਂ ਨੂੰ ਅਪਨਾਉਣ ਸੰਬੰਧੀ ਸਹਿਯੋਗ ਦੇਣ ਦੀ ਗੱਲ ਕਹੀ।ਉਨ੍ਹਾਂ ਵਿਦਿਆਰਥੀਆਂ ਨੂੰ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਪ੍ਰੀਖਿਆ 'ਚ ਸ਼ਾਨਦਾਰ ਨੰਬਰ ਹਾਸਲ ਕਰਨ ਲਈ ਉਤਸ਼ਾਹਿਤ ਕੀਤਾ ਅਤੇ ਸਾਲਾਨਾ ਇਮਤਿਹਾਨਾਂ ਦੀ ਸਫ਼ਲਤਾ ਲਈ ਅਸ਼ੀਰਵਾਦ ਦਿੱਤਾ।

# ਬਾਜ਼ਾਰਾਂ/ਸੜਕਾਂ 'ਚ ਨਜਾਇਜ਼ ਕਬਜ਼ੇ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ : ਈ ਓ ਮਹਾਜਨ

**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ (ਈ.ਓ.) ਕਿਰਨ ਮਹਾਜਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਹਰਜਿੰਦਰ ਸਿੰਘ ਬੇਦੀ ਦੇ ਹੁਕਮਾਂ ਤੋਂ ਬਾਅਦ ਆਪਣੇ ਸਟਾਫ਼ ਅਤੇ ਸਫ਼ਾਈ ਕਰਮਚਾਰੀਆਂ ਦੀ ਮਦਦ



ਨਾਲ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਨਜਾਇਜ਼ ਕਬਜ਼ੇ ਹਟਵਾਏ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਈ. ਓ. ਕਿਰਨ ਮਹਾਜਨ ਨੇ ਕਿਹਾ ਕਿ ਦੁਕਾਨਦਾਰਾਂ, ਰੇਹੜੀਆਂ ਤੇ ਫੜ੍ਹੀਆਂ ਵਾਲਿਆਂ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਨਗਰ ਕੌਂਸਲ ਵੱਲੋਂ ਇਹ ਕਾਰਵਾਈ ਸ਼ੁਰੂ ਕੀਤੀ ਗਈ ਹੈ, ਜੋ ਅੱਗੇ ਵੀ ਨਿਰੰਤਰ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਨਜਾਇਜ਼ ਕਬਜ਼ੇ ਕਰਨ ਵਾਲਿਆਂ ਦਾ ਲਿਹਾਜ਼ ਨਹੀਂ ਕੀਤਾ ਜਾਵੇਗਾ ਅਤੇ ਨਗਰ ਕੌਂਸਲ ਵੱਲੋਂ ਸਬੰਧਤ ਦੁਕਾਨਦਾਰ ਦਾ ਸਾਮਾਨ ਚੁੱਕ ਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਵੱਲੋਂ ਸ਼ਹਿਰ ਦੀ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਆਮ ਲੋਕਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ, ਦੇ ਤਹਿਤ ਆਪਣੀ ਇਹ ਮੁਹਿੰਮ ਲਗਾਤਾਰ ਚਲਾਈ ਜਾਵੇਗੀ। ਈ. ਓ. ਮਹਾਜਨ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਨਗਰ ਕੌਂਸਲ ਵੱਲੋਂ ਵੱਡੇ ਪੱਧਰ 'ਤੇ ਕਾਰਵਾਈ ਕਰਦਿਆਂ ਦੁਕਾਨਾਂ ਦੇ ਬਾਹਰ ਬਣਾਏ ਨਜਾਇਜ਼ ਥੜ੍ਹੇ, ਸ਼ੈਡਾਂ, ਟੀਨਾਂ, ਛੱਤਰੀਆਂ, ਸੜਕ ਉਪਰ ਲੱਗੀਆਂ ਰੇਹੜੀਆਂ, ਫੜ੍ਹੀਆਂ ਆਦਿ ਨੂੰ ਹਟਵਾ ਦਿੱਤਾ ਜਾਵੇਗਾ ਤੇ ਜੇਕਰ ਨਗਰ ਕੌਂਸਲ ਦੀ ਇਸ ਕਾਰਵਾਈ ਦੇ ਬਾਵਜੂਦ ਕੋਈ ਦੁਕਾਨਦਾਰ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਨਗਰ ਕੌਂਸਲ ਵੱਲੋਂ ਪਹਿਲਾਂ ਤੋਂ ਮੁਨਾਦੀ ਅਤੇ ਦੁਕਾਨਦਾਰਾਂ ਨਾਲ ਮੀਟਿੰਗ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਦੁਕਾਨਦਾਰ ਨਗਰ ਕੌਂਸਲ ਦਾ ਸਹਿਯੋਗ ਕਰਨ ਤੇ ਆਪਣਾ ਸਾਮਾਨ ਆਪਣੀ ਦੁਕਾਨ ਦੇ ਅੰਦਰ ਰੱਖਣ।ਈ.ਓ. ਕਿਰਨ ਮਹਾਜਨ ਨੇ ਕਿਹਾ ਕਿ ਭਵਿੱਖ ਵਿੱਚ ਜੇਕਰ ਕਿਸੇ ਦੁਕਾਨਦਾਰ, ਰੇਹੜੀ ਜਾਂ ਫੜ੍ਹੀ ਵਾਲੇ ਦਾ ਨਗਰ ਕੌਂਸਲ ਵੱਲੋਂ ਕੀਤੀ ਜਾਂਦੀ ਕਾਰਵਾਈ ਵਿੱਚ ਨੁਕਸਾਨ ਹੁੰਦਾ ਹੈ ਤਾਂ ਉਹ ਵਿਅਕਤੀ ਖ਼ੁਦ ਜ਼ਿੰਮੇਵਾਰ ਹੋਵੇਗਾ ਤੇ ਉਸਦੀ ਕਿਸੇ ਅਪੀਲ/ਦਲੀਲ 'ਤੇ ਗੌਰ ਨਹੀਂ ਕੀਤਾ ਜਾਵੇਗਾ।

# ਐਵਰੈਸਟ ਬੈਟਰ ਕਿਚਨ ਕੁਲੀਨਰੀ ਚੈਲੇਂਜ ਦਾ ਪੰਜਾਬ-ਹਰਿਆਣਾ ਸੈਮੀਫਾਈਨਲ ਆਯੋਜਿਤ

**ਜਲੰਧਰ :** ਐਵਰੈਸਟ ਬੈਟਰ ਕਿਚਨ ਕੁਲੀਨਰੀ ਚੈਲੇਂਜ (ਬੀਕੇਸੀਸੀ) ਸੀਜ਼ਨ 6 ਦੇ ਪੰਜਾਬ ਅਤੇ ਹਰਿਆਣਾ ਸੈਮੀਫਾਈਨਲ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ), ਜਲੰਧਰ ਵਿਖੇ ਭਾਰਤ ਦਾ ਸੁਆਦ ਥੀਮ ਅਧੀਨ ਹੋਏ। ਇਸ ਪਹਿਲਕਦਮੀ ਦਾ ਉਦੇਸ਼ ਖੇਤਰੀ ਪਕਵਾਨਾਂ ਨੂੰ ਸੁਰੱਖਿਅਤ ਰੱਖਣਾ, ਸਿਹਤਮੰਦ ਖਾਣ-ਪੀਣ ਨੂੰ ਉਤਸ਼ਾਹਿਤ ਕਰਨਾ ਅਤੇ ਗਲੋਬਲ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨਾ ਹੈ।ਵੱਕਾਰੀ ਜਿਊਰੀ ਵਿੱਚ ਸ਼ੈੱਫ ਵਿਕਾਸ ਚਾਵਲਾ (ਡਾਇਰੈਕਟਰ, ਕੋਰ ਹਾਸਪਿਟੈਲਿਟੀ ਸਲਿਊਸ਼ਨਜ਼) ਅਤੇ ਡਾ. ਸ਼ੈੱਫ ਵਿਸ਼ਵਦੀਪ ਬਾਲੀ (ਸੀਈਓ, ਕੁਕ ਮਾਸਟਰਜ਼) ਸ਼ਾਮਲ ਸਨ।ਏਵਰੈਸਟ ਭਾਰਤੀ ਪ੍ਰਕਾਸ਼ਕ ਬੈਟਰ ਕਿਚਨ ਨੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਸਾਡਾ ਟੀਚਾ ਵਿਦਿਆਰਥੀਆਂ ਨੂੰ ਗਲੋਬਲ ਸ਼ੈੱਫ ਬਣਨ ਲਈ ਤਿਆਰ ਕਰਨਾ ਅਤੇ ਭਾਰਤੀ ਖੇਤਰੀ ਪਕਵਾਨਾਂ ਨੂੰ ਉਤਸ਼ਾਹਿਤ ਕਰਨਾ ਹੈ।ਸਾਨੂੰ ਯੂਐਨਡੀਪੀ-ਅਧਾਰਤ ਵਾਈਸੀਈ-ਜੀ1 ਡਬਲਯੂਸੀਈ ਐਕਸਚੇਂਜ ਪ੍ਰੋਗਰਾਮ ਰਾਹੀਂ 1 ਕਰੋੜ ਦੀ ਸਕਾਲਰਸ਼ਿਪ ਦੀ ਪੇਸ਼ਕਸ਼ ਕਰਨ 'ਤੇ ਮਾਣ ਹੈ।

# ਅਮਰੀਕਾ 'ਚੋਂ ਪੰਜਾਬੀ ਨੌਜਵਾਨਾਂ ਨੂੰ ਡਿਪੋਰਟ ਕੀਤੇ ਜਾਣਾ ਬੇਹੱਦ ਮੰਦਭਾਗਾ : ਕੁਲਵਿੰਦਰ ਸਿੰਘ ਦੋਧੀ

**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਪੰਜਾਬ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਮਾਨ ਸੈਂਡਵਾਲ ਦੀ ਮੀਟਿੰਗ ਪ੍ਰਧਾਨ ਮਲੂਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਖ਼ਜ਼ਾਨਚੀ ਕੁਲਵਿੰਦਰ ਸਿੰਘ ਦੋਧੀ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕੇ ਅਮਰੀਕਾ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਡਿਪੋਰਟ ਕੀਤੇ ਜਾਣਾ ਬੇਹੱਦ ਮੰਦਭਾਗਾ ਹੈ।ਉਨ੍ਹਾਂ ਕਿਹਾ ਕਿ ਬੇਸ਼ੱਕ ਨੌਜਵਾਨ ਸੁਨਹਿਰੀ ਭਵਿੱਖ ਦੀ ਆਸ ਵਿੱਚ ਗੈਰ-ਕਾਨੂੰਨੀ ਤਰੀਕਿਆਂ ਨਾਲ ਅਮਰੀਕਾ ਜਿਹੇ ਵਿਕਸਤ ਮੁਲਕਾਂ ਵਿੱਚ ਦਾਖ਼ਲ ਹੁੰਦੇ ਹਨ ਪਰ ਇਸ ਸਭ ਵਰਤਾਰੇ ਲਈ ਟਰੈਵਲ ਏਜੰਟ ਤੇ ਸਾਡਾ ਸਿਸਟਮ ਵੀ ਬਰਾਬਰ ਦੇ ਦੋਸ਼ੀ ਹਨ।ਹੁਣ ਜਦੋਂ ਕਿ ਇਹ ਨੌਜਵਾਨ ਆਪਣਾ ਸਭ ਕੁੱਝ ਦਾਅ 'ਤੇ ਲਗਾ ਕੇ ਅਮਰੀਕਾ ਪਹੁੰਚੇ ਤਾਂ ਉਥੋਂ ਸਭ ਕੁੱਝ ਗਵਾ ਕੇ ਅਤੇ ਪੈਰਾਂ ਵਿੱਚ ਬੇੜੀਆਂ ਤੇ ਹੱਥਾਂ ਵਿੱਚ ਹੱਥਕੜੀਆਂ ਲਗਵਾ ਕੇ ਵਾਪਸ ਆ ਗਏ ਜੋ ਅਤਿ ਦੁਖਦਾਈ ਹੈ।ਇਹ ਸਾਡੇ ਆਪਣੇ ਭਰਾ ਤੇ ਬੱਚੇ ਹਨ।ਇਨ੍ਹਾਂ ਨੂੰ ਇਸ ਵੇਲੇ ਧਰਵਾਸੇ ਦੀ ਬੜੀ ਲੋੜ ਹੈ, ਅਜਿਹਾ ਨਾ ਹੋਵੇ ਕਿ ਇਹ ਆਪਣੇ ਡਾਵਾਂਡੋਲ ਹੋ ਗਏ ਭਵਿੱਖ ਦੀ ਚਿੰਤਾ ਵਿੱਚ ਕੋਈ ਗਲਤ ਕਦਮ ਚੁੱਕ ਲੈਣ।ਪੰਜਾਬ ਸਰਕਾਰ ਨੂੰ ਇਨ੍ਹਾਂ ਵੱਲ ਵਿਸ਼ੇਸ਼ ਤਵੱਜੋ ਦੇਣੀ ਚਾਹੀਦੀ ਹੈ।ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਤਾਂ ਜੋ ਉਹ ਪੰਜਾਬ ਵਿੱਚ ਰਹਿ ਕੇ ਆਪਣੇ ਮਾਂ ਬਾਪ ਦੀਆਂ ਅੱਖਾਂ ਸਾਹਮਣੇ ਭਵਿੱਖ ਸਵਾਰ ਸਕਣ।ਉਨ੍ਹਾਂ ਮੰਗ ਕੀਤੀ ਹੈ ਕਿ ਸਰਕਾਰ ਜ਼ਿੰਮੇਵਾਰ ਏਜੰਟਾਂ 'ਤੇ ਬਣਦੀ ਕਾਰਵਾਈ ਕਰੇ।ਇਸ ਮੌਕੇ ਬਾਬਾ ਬਲਵਿੰਦਰ ਸਿੰਘ, ਬਲਵੰਤ ਸਿੰਘ, ਦੀਵਾਨ ਸਿੰਘ ਤੇ ਸਿਮਰਨਜੀਤ ਸਿੰਘ ਹਾਜ਼ਰ ਸਨ।



# ਐਨਓਸੀ ਦੇ ਨਾਮ 'ਤੇ ਰਜਿਸਟਰੀਆਂ ਕਰਾਉਣ ਵਾਲਿਆਂ ਨਾਲ ਹੋ ਰਹੀ ਵੱਡੇ ਪੱਧਰ 'ਤੇ ਠੱਗੀ

**ਬਾਲ (ਹਰਜਿੰਦਰ ਸਿੰਘ ਸੋਨੀ)**-ਐਨਓਸੀ ਦੇ ਨਾਮ 'ਤੇ ਰਜਿਸਟਰੀਆਂ ਕਰਾਉਣ ਵਾਲਿਆਂ ਨਾਲ ਏਜੰਟਾਂ ਰਾਹੀਂ ਲੋਕਾਂ ਨਾਲ ਵੱਡੇ ਪੱਧਰ 'ਤੇ ਠੱਗੀ ਹੋ ਰਹੀ ਹੈ। ਇਹ ਜਾਣਕਾਰੀ ਪ੍ਰੈੱਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਨੇ ਦੱਸਿਆ ਕਿ ਭਾਵੇਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਐਨਓਸੀ ਖ਼ਤਮ ਕਰਨ ਦਾ ਐਲਾਨ ਕੀਤਾ ਸੀ ਪਰ ਉਸਦਾ ਹੇਠਲੇ ਪੱਧਰ 'ਤੇ ਕੋਈ ਵੀ ਅਸਰ ਨਹੀਂ ਹੋ ਰਿਹਾ।ਉਨ੍ਹਾਂ ਕਿਹਾ ਕਿ ਜਿਨ੍ਹਾਂ ਰਜਿਸਟਰੀਆਂ ਕਰਾਉਣ ਵਾਲੇ ਲੋਕਾਂ ਕੋਲ ਐਨਓਸੀ ਨਹੀਂ ਹੁੰਦੀ ਉਨ੍ਹਾਂ ਤੋਂ ਏਜੰਟਾਂ ਰਾਹੀਂ ਪੈਸਿਆਂ ਵਿਚ ਹੋੜ ਲੈ ਕੇ ਉਨ੍ਹਾਂ ਦੀਆਂ



ਰਜਿਸਟਰੀਆਂ ਬਿਨਾਂ ਐਨਓਸੀ ਕੀਤੀਆਂ ਜਾਂਦੀਆਂ ਹਨ ਜੋ ਕਿ ਐਨਓਸੀ ਦੇ ਨਾਂ 'ਤੇ ਆਮ ਲੋਕ ਠੱਗੀ ਦਾ ਸ਼ਿਕਾਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਦੀ ਉਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਜੇ ਐਨਓਸੀ ਲਾਜ਼ਮੀ ਹੈ ਤਾਂ ਪੈਸੇ ਲੈ ਕੇ ਰਜਿਸਟਰੀਆਂ ਕਿਉਂ ਕੀਤੀਆਂ ਜਾਂਦੀਆਂ ਹਨ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਨਰੇਗਾ ਕਾਮਿਆਂ ਨੂੰ ਕੇਂਦਰੀ ਤੌਰ 'ਤੇ ਕੰਮ ਦਿੱਤਾ ਜਾਵੇ ਅਤੇ ਜਿਨ੍ਹਾਂ ਲੋਕਾਂ ਦਾ ਕੰਮ ਕੀਤੇ ਦੇ ਪਿਛਲੇ ਬਕਾਏ ਹਨ, ਵੱਡੀ ਤੌਰ 'ਤੇ ਉਨ੍ਹਾਂ ਦੇ ਖਾਤਿਆਂ ਵਿੱਚ ਪਾਏ ਜਾਣ ਅਤੇ ਨਰੇਗਾ ਮਜ਼ਦੂਰਾਂ ਨੂੰ 100 ਦਿਨ ਦੀ ਥਾਂ 200 ਦਿਨ ਕੰਮ ਦਿੱਤਾ ਜਾਵੇ।ਉਨ੍ਹਾਂ ਨੇ ਨਰੇਗਾ ਗ੍ਰਾਂਟਾਂ ਵਿੱਚ ਹੋਏ ਘਪਲਿਆਂ ਦੀ ਵੀ ਉਚ ਪੱਧਰੀ ਜਾਂਚ ਕਰਾਉਣ ਦੀ ਮੰਗ ਕੀਤੀ।

# ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਬਲਾਕ ਪੱਧਰੀ ਟੂਰਨਾਮੈਂਟ ਕਰਵਾਇਆ

**ਪੱਟੀ (ਬਲਦੇਵ ਸਿੰਘ ਸੰਧੂ)**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬ੍ਰਹਮ ਗਿਆਨੀ ਸੰਤ ਖ਼ਾਲਸਾ ਬਾਬਾ ਆਸਾ ਸਿੰਘ ਦੀ ਮਿੱਠੀ ਯਾਦ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਮਨਾਇਆ ਜਾ ਰਿਹਾ।ਸਾਲਾਨਾ ਜੋੜ ਮੇਲੇ ਲਿਆ।ਜੇਤੂ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਕਲੱਬ ਦੇ ਪ੍ਰਧਾਨ ਰਾਜਬੀਰ ਸਿੰਘ ਰਾਜਾ ਨੇ ਦੱਸਿਆ ਕਿ ਇਹ ਖੇਡਾਂ ਸਾਡੇ ਜੀਵਨ ਦਾ ਇੱਕ ਵਿਸ਼ੇਸ਼ ਅੰਗ ਹਨ ਜਿਸ ਨਾਲ ਅਸੀਂ ਆਉਣ ਵਾਲੀ



ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖ ਸਕਦੇ ਹਾਂ।ਗੁਰਦੁਆਰਾ ਤਪ ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਮੇਜਰ ਸਿੰਘ ਮੁੱਖ ਮਹਿਮਾਨ ਵੱਜੋਂ ਪਹੁੰਚੇ।ਇਸ ਨੂੰ ਸਮਰਪਿਤ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਨਹਿਰੂ ਯੁਵਾ ਕੇਂਦਰ ਤਰਨ ਤਾਰਨ ਦੇ ਸਹਿਯੋਗ ਨਾਲ ਜ਼ਿਲ੍ਹਾ ਯੂਥ ਅਫ਼ਸਰ ਮੈਡਮ ਜਸਲੀਨ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਵਿੱਚ ਬਲਾਕ ਪੱਧਰੀ ਖੇਡ ਟੂਰਨਾਮੈਂਟ ਕਰਵਾਇਆ ਗਿਆ।ਇਸ ਖੇਡ ਟੂਰਨਾਮੈਂਟ ਵਿੱਚ ਪਰਿੰਗੜੀ, ਦਦੇਹਰ ਸਾਹਿਬ ਅਤੇ ਕਿਰਤੋਵਾਲ ਦੇ ਬੱਚਿਆਂ ਨੇ ਹਿੱਸਾ ਮੌਕੇ ਸਰਕਾਰੀ ਐਲੀਮੈਂਟਰੀ ਸਕੂਲ ਕਿਰਤੋਵਾਲ ਦੇ ਹੈੱਡਮਾਸਟਰ ਅਮਰਜੀਤ ਸਿੰਘ, ਅੰਗਰੇਜ਼ ਸਿੰਘ ਅਤੇ ਕਲੱਬ ਦੇ ਮੈਂਬਰ ਸੁਖਦੇਵ ਹਰਪ੍ਰੀਤ ਸਿੰਘ (ਕੈਸ਼ੀਅਰ), ਸੰਜੂ ਬਾਵਾ (ਜਨਰਲ ਸੈਕਟਰੀ), ਸਤਨਾਮ ਸਿੰਘ (ਮੈਂਬਰ), ਹਰਪ੍ਰੀਤ ਸਿੰਘ ਸ਼ਾਹ, ਬਲਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੋਮੀ ਸ਼ਾਹ, ਅਰਸ਼ ਬਾਵਾ ਅਤੇ ਹੋਰ ਨੌਜਵਾਨ ਆਦਿ ਹਾਜ਼ਰ ਸਨ।

# ਦਿੱਲੀ 'ਚ ਜਿੱਤਣ ਦੀ ਖ਼ੁਸ਼ੀ 'ਚ ਭਾਜਪਾ ਵਰਕਰਾਂ ਨੇ ਜਸ਼ਨ ਮਨਾਏ

**ਬਟਾਲਾ, (ਤਰਲੋਕ ਬੱਗਾ)**-ਦਿੱਲੀ ਵਿਚ ਅਰਵਿੰਦ ਕੇਜਰੀਵਾਲ ਸਮੇਤ ਆਮ ਆਦਮੀ ਪਾਰਟੀ ਦੇ ਦਿੱਗਜ ਆਗੂਆਂ ਦੀ ਕਰਾਰੀ ਹਾਰ ਅਤੇ ਭਾਜਪਾ ਦੀ ਹੋਈ ਇਤਿਹਾਸਿਕ ਜਿੱਤ 'ਤੇ ਬਟਾਲਾ ਵਿਚ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਦੀ ਅਗਵਾਈ ਹੇਠ ਭਾਜਪਾ ਆਗੂਆਂ ਨੇ ਆਤਿਸ਼ਬਾਜ਼ੀ ਕਰਕੇ ਅਤੇ ਲੱਡੂ ਵੰਡ ਕੇ ਜਸ਼ਨ ਮਨਾਇਆ।ਇਸ ਮੌਕੇ ਗੱਲਬਾਤ ਕਰਦਿਆਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਉਪਰ ਮੋਹਰ ਲਗਾ ਕੇ ਦਿੱਲੀ ਦੀ ਸਰਕਾਰ ਭਾਜਪਾ ਨੂੰ ਸੌਂਪੀ ਹੈ ਜਿਸ ਲਈ ਅਸੀਂ ਦਿੱਲੀ ਦੇ ਲੋਕਾਂ ਦੇ ਅਤੇ ਭਾਜਪਾ ਦੇ ਵਰਕਰਾਂ ਦੇ ਹਮੇਸ਼ਾ ਰਿਣੀ ਰਹਾਂਗੇ।ਹੀਰਾ ਵਾਲੀਆ ਨੇ ਅੱਗੇ ਕਿਹਾ ਕਿ ਭਾਜਪਾ ਵਰਕਰਾਂ ਨੇ ਦਿਨ ਰਾਤ ਇਕ ਕਰਕੇ ਪ੍ਰਧਾਨ ਮੰਤਰੀ ਮੋਦੀ ਦਾ ਸੁਨੇਹਾ ਘਰ ਘਰ ਪਹੁੰਚਾਇਆ ਜਿਸ ਸਦਕਾ 27 ਸਾਲਾਂ ਬਾਅਦ ਭਾਜਪਾ ਦੀ ਬਹੁਮਤ ਵਾਲੀ ਸਰਕਾਰ ਬਣੀ।ਹੀਰਾ ਵਾਲੀਆ ਨੇ ਅੱਗੇ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਆਪ-ਮੁਹਾਰੇ ਕੱਟੜ ਇਮਾਨਦਾਰ ਅਖਵਾਉਣ ਵਾਲੇ ਅਰਵਿੰਦ ਕੇਜਰੀਵਾਲ ਦਾ ਚਿਹਰਾ ਦਿੱਲੀ 'ਚ ਲੋਕਾਂ ਸਾਹਮਣੇ ਨੰਗਾ ਹੋ ਗਿਆ ਹੈ।ਇਸ ਮੌਕੇ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਬਲਵਿੰਦਰ ਸਿੰਘ ਲਾਡੀ ਨੇ ਕਿਹਾ ਕਿ ਪੰਜਾਬ ਅੰਦਰ ਨਸ਼ਿਆਂ, ਮਾਫੀਆ, ਗੈਂਗਸਟਰਾਂ ਅਤੇ ਚੋਰੀਆਂ, ਡਕੈਤੀਆਂ, ਲੁੱਟਾਂ-ਖੋਹਾਂ ਅਤੇ ਕਤਲਾਂ ਦੀ ਮਾਰ ਝੱਲ ਰਿਹਾ ਹੈ।ਇਸ ਮੌਕੇ ਉਨ੍ਹਾਂ ਨੇ ਭਾਜਪਾ ਵਰਕਰਾਂ ਨੂੰ ਜਿੱਤ ਦੀ ਵਧਾਈ ਦਿੱਤੀ।ਇਸ ਮੌਕੇ ਭੂਸ਼ਣ ਬਜਾਜ, ਰੋਸ਼ਨ ਲਾਲ, ਸ਼ਕਤੀ ਸ਼ਰਮਾ, ਅੰਬਿਕਾ ਖੰਨਾ, ਸੁਖਵਿੰਦਰ ਸਿੰਘ ਖਹਿਰਾ, ਬਿਕਰਮਜੀਤ ਸਿੰਘ ਪਾਪਾ, ਸੁਰਿੰਦਰ ਕੁਮਾਰ, ਸੰਦੀਪ ਆਜ਼ਾਦ, ਪੰਕਜ ਸ਼ਰਮਾ, ਰੋਹਿਤ ਸੈਣੀ, ਵਿਜੇ ਮੱਟੂ, ਸੂਰਜ ਸੂਰੀ, ਅਨਮੋਲ ਸਿੰਘ, ਸ੍ਰੀ ਕਾਂਤ ਸ਼ਰਮਾ, ਅਨਿਲ ਭੱਟੀ, ਅੰਮ੍ਰਿਤ ਪਾਲ ਸਿੰਘ, ਮਨੋਜ ਨਈਅਰ, ਗਣੇਸ਼ ਕੁਮਾਰ, ਵਿਜੇ ਕੁਮਾਰ, ਜਸਪਾਲ ਸਿੰਘ, ਰਣਜੀਤ ਸਿੰਘ, ਹਰਦੀਪ ਸਿੰਘ, ਪਿਆਰਾ ਲਾਲ, ਵਿਜੇ ਭਾਟੀਆ, ਰੇਖਾ ਡਡਵਾਲ, ਵਰੁਣ, ਕੰਚਨ ਚੌਹਾਨ, ਅਮਿਤ ਚੀਮਾ ਆਦਿ ਹਾਜ਼ਰ ਸਨ।



# ਅਕਾਲ ਅਕੈਡਮੀ ਵਿਛੋਆ ਸਕੂਲ ਦੇ ਬੱਚਿਆਂ ਸੰਸਥਾ ਦਾ ਨਾਂਅ ਰੁਸ਼ਨਾਇਆ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅੰਮ੍ਰਿਤਸਰ ਤਰਨਤਾਰਨ ਜ਼ੋਨ ਵੱਲੋਂ ਲਏ ਵਜ਼ੀਫ਼ਾ ਪੇਪਰ ਵਿੱਚੋਂ ਖੇਤਰ ਅਜਨਾਲਾ ਦਾ ਬੱਚਿਆਂ ਨਕਦ ਇਨਾਮ ਜਿੱਤ ਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ।ਇਹ ਇਨਾਮ ਸੰਤ ਭੂਰੀ ਵਾਲਿਆਂ ਦੇ ਸਥਾਨ ਅੰਮ੍ਰਿਤਸਰ ਵਿਖੇ ਐਲਾਨੇ ਗਏ। ਇਹ ਬੱਚੇ ਚੁਣੇ ਗਏ ਜਿਨ੍ਹਾਂ ਜਿਸ ਵਿੱਚ ਅਕਾਲ ਅਕੈਡਮੀ ਵਿਛੋਆ ਸਕੂਲ ਵਿੱਚੋਂ ਅਨਮੋਲਪ੍ਰੀਤ ਕੌਰ



ਪੁੱਤਰੀ ਸੁਰਜੀਤ ਸਿੰਘ, ਅੰਕਿਤਪ੍ਰੀਤ ਸਿੰਘ ਪੁੱਤਰ ਗੁਰਬਿੰਦਰ ਸਿੰਘ, ਗੁਰੂ ਅਰਜਨ ਦੇਵ ਸਕੂਲ ਦਿਆਲਪੁਰਾ, ਜਸ਼ਨਪ੍ਰੀਤ ਸਿੰਘ ਪੁੱਤਰ ਸਤਨਾਮ ਸਿੰਘ, ਗੁਰੂ ਕਲਗੀਧਰ ਸਕੂਲ ਦਾਲਮ ਦੇ ਗੁਰਸ਼ਾਨਪ੍ਰੀਤ ਸਿੰਘ ਪੁੱਤਰ ਰਜਿੰਦਰ ਸਿੰਘ, ਬਲਜੀਤ ਕੌਰ ਪੁੱਤਰੀ ਗੁਰਜੰਟ ਸਿੰਘ।ਪ੍ਰਿੰਸੀਪਲ ਜਤਿੰਦਰ ਕੌਰ, ਪ੍ਰਿੰ. ਬਿਕਰਮਜੀਤ ਸਿੰਘ, ਪ੍ਰਿੰ. ਬਲਸ਼ਰਨ ਕੌਰ ਨੇ ਖ਼ੁਸ਼ੀ ਜਤਾਈ।ਉਨ੍ਹਾਂ ਬੱਚਿਆਂ ਅਤੇ ਉਨ੍ਹਾਂ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ ਜਿਸ ਨਾਲ ਨਰੋਏ ਸਮਾਜ ਨੂੰ ਸਿਰਜਣ ਵਿੱਚ ਸਹਾਇਤਾ ਮਿਲੇਗੀ।ਧਾਰਮਿਕ ਟੀਚਰ ਸੰਦੀਪ ਕੌਰ, ਹਰਵਿੰਦਰ ਕੌਰ, ਹਰਪ੍ਰਤਾਪ ਸਿੰਘ ਅਜਨਾਲਾ, ਕਾਬਲ ਸਿੰਘ ਦੁੱਧਰਾਏ, ਗੁਰਵਿੰਦਰ ਸਿੰਘ, ਗੁਰਜੀਤ ਸਿੰਘ, ਗੁਰਪਾਲ ਸਿੰਘ ਸਰਾਵਾਂ ਆਦਿ ਹਾਜ਼ਰ ਸਨ।

# ਦਿੱਲੀ 'ਚ ਹੋਈ ਹਾਰ ਕਾਰਨ ਪੰਜਾਬ 'ਚ 'ਆਪ' ਆਗੂਆਂ ਦੇ ਚਿਹਰੇ ਮੁਰਝਾਏ : ਯਸ਼ਪਾਲ ਕੁੰਡਲ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦਿੱਲੀ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਹੋਈ ਹਾਰ ਕਾਰਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਚਿਹਰੇ ਮੁਰਝਾ ਗਏ ਹਨ ਕਿਉਂਕਿ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਖ਼ੁਦ ਹਾਰ ਚੁੱਕੇ ਹਨ। ਇਸ ਤੋਂ ਇਲਾਵਾ ਇਨ੍ਹਾਂ ਦੇ ਬਹੁਤ ਸਾਰੇ ਧਾਕੜ ਲੀਡਰ ਵੀ ਹਾਰੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਦਾਸਪੁਰ ਤੋਂ ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਯਸ਼ਪਾਲ ਕੁੰਡਲ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੀ ਸਰਕਾਰ ਵੀ ਹੁਣ ਮਹਿਜ਼ ਕੁੱਝ ਕੁ ਦਿਨਾਂ ਦੀ ਪ੍ਰਾਹੁਣੀ ਰਹਿ ਗਈ ਹੈ । ਲੋਕਾਂ ਨੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਨੂੰ ਨਕਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਹੁਣ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿਚੋਂ ਵੀ ਆਮ ਆਦਮੀ ਪਾਰਟੀ ਦਾ ਖ਼ਾਤਮਾ ਹੋਵੇਗਾ।ਇਥੇ ਇਹ ਵੀ ਜ਼ਿਕਰਯੋਗ ਹੈ ਕਿ ਕਾਂਗਰਸ ਦੀ ਬੁਰੀ ਤਰ੍ਹਾਂ ਹਾਰ ਹੋਣ ਕਰਕੇ ਕਾਂਗਰਸ ਭਾਰਤ ਵਿਚੋਂ ਖਤਮ ਹੋ ਰਹੀ ਹੈ।ਉਨ੍ਹਾਂ ਭਾਜਪਾ ਦੀ ਇਤਿਹਾਸਕ ਜਿੱਤ ਦੀ ਖ਼ੁਸ਼ੀ ਵਿੱਚ ਲੱਡੂ ਵੰਡੇ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਅਤੇ ਨਾਲ ਹੀ ਭਾਰਤੀ ਜਨਤਾ ਪਾਰਟੀ ਹਾਈਕਮਾਨ ਨੂੰ ਦਿੱਲੀ ਚੋਣਾਂ ਦੀ ਵਧਾਈ ਦਿਤੀ।ਇਸ ਮੌਕੇ ਬਲਵਿੰਦਰ ਸਿੰਘ ਬਿੱਟੂ ਸਾਬਕਾ ਜਨਰਲ ਸਕੱਤਰ ਭਾਜਪਾ ਕਿਸਾਨ ਮੋਰਚਾ ਪੰਜਾਬ, ਵਿਧੂ ਠਾਕਰ, ਲੱਕੀ ਸੂਰਜਵੰਸ਼ੀ, ਨਰੇਸ਼ ਜੱਗੀ, ਸੰਦੀਪ ਸ਼ਰਮਾ, ਕਿਰਨਦੀਪ ਸ਼ਰਮਾ, ਨਰੇਸ਼ ਸ਼ਰਮਾ, ਅਜੇ ਸਿੰਘ, ਮਹਿੰਦਰ ਪਾਲ ਸਾਂਭੀ ਲੋਹਗੜ੍ਹ, ਲਖਵਿੰਦਰ ਸਿੰਘ, ਸੁਰਿੰਦਰ ਕੁਮਾਰ, ਕੇਸ਼ਵ ਠਾਕੁਰ, ਸ਼ੰਮੀ ਰਾਮਗੜ੍ਹੀਆ, ਲੀਲਾ ਪਨਿਆੜ ਅਤੇ ਹੋਰ ਵਰਕਰ ਹਾਜ਼ਰ ਸਨ।

# ਦਿੱਲੀ ਕਮੇਟੀ ਚੋਣਾਂ ਨੂੰ ਲੈ ਕੇ ਦਿੱਲੀ ਹਾਈਕੋਰਟ ਪੁੱਜੇ ਜੀ ਕੇ

## ਹਾਈਕੋਰਟ ਵੱਲੋਂ ਚੋਣ ਡਾਇਰੈਕਟੋਰੇਟ ਤੇ ਦਿੱਲੀ ਕਮੇਟੀ ਨੂੰ ਨੋਟਿਸ ਜਾਰੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਗਸਤ 2025 ਵਿੱਚ ਪ੍ਰਸਤਾਵਿਤ ਆਮ ਚੋਣਾਂ ਪ੍ਰਤੀ ਦਿੱਲੀ ਗੁਰਦੁਆਰਾ ਚੋਣ ਡਾਇਰੈਕਟੋਰੇਟ ਦੀ ਉਦਾਸੀਨਤਾ ਅਤੇ ਲਾਪਰਵਾਹੀ ਦੇ ਵਿਰੁੱਧ ਦਿੱਲੀ ਹਾਈਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਹੈ। ਇਸ ਪਟੀਸ਼ਨ ਵਿੱਚ 33 ਫੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਦੀ ਮੰਗ ਦੇ ਨਾਲ ਹੀ ਚੋਣ ਸੁਧਾਰਾਂ ਦੀ ਵਕਾਲਤ ਕੀਤੀ ਗਈ ਹੈ। ਇਸ ਪਟੀਸ਼ਨ ਨੂੰ ਦਾਖਲ ਕਰਨ ਵਾਲੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਇਸ ਸੰਬੰਧੀ ਅਕਾਲੀ ਦਲ ਦਫ਼ਤਰ ਵਿਖੇ ਆਪਣੇ ਵਕੀਲ, ਐਡਵੋਕੇਟ ਨਰਿੰਦਰ ਬੇਨੀਪਾਲ ਦੇ ਨਾਲ ਮੀਡੀਆ ਸਾਹਮਣੇ ਕਾਨੂੰਨੀ ਨੁਕਤਿਆਂ ਦੀ ਸਾਂਝ ਕੀਤੀ। ਜੀਕੇ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਸਟਿਸ ਜੋਤੀ ਸਿੰਘ ਨੇ 4 ਫਰਵਰੀ ਨੂੰ ਉਨ੍ਹਾਂ ਦੀ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਚੋਣ ਡਾਇਰੈਕ+ਟੋਰੇਟ, ਦਿੱਲੀ ਸਰਕਾਰ, ਉਪਰਾਜਪਾਲ ਅਤੇ ਦਿੱਲੀ ਕਮੇਟੀ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਮਾਮਲੇ ਦੀ ਅਗਲੀ ਸੁਣਵਾਈ ਹੁਣ 23 ਮਾਰਚ ਨੂੰ ਹੋਵੇਗੀ। ਸ਼੍ਰੋਮਣੀ ਅਕਾਲੀ ਦਲ ਦੀ ਕੌਮੀ ਕੋਰ ਕਮੇਟੀ ਦੇ ਮੈਂਬਰ ਜੀਕੇ ਨੇ ਦੱਸਿਆ ਕਿ ਚੋਣ ਡਾਇਰੈਕਟੋਰੇਟ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰ ਰਿਹਾ ਹੈ ਜਿਸ ਵੋਟਰ ਸੂਚੀ ਰਾਹੀਂ 2021 'ਚ ਚੋਣਾਂ ਹੋਈਆਂ ਸਨ, ਉਹ 1983 ਤੋਂ ਬਾਅਦ ਹਰ ਵਾਰ ਚੋਣਾਂ ਵੇਲੇ ਕੇਵਲ ਸੋਧੀ ਗਈ ਹੈ। ਜਦਕਿ ਦਿੱਲੀ ਹਾਈਕੋਰਟ ਨੇ 2020 'ਚ ਚੋਣ ਡਾਇਰੈਕਟੋਰੇਟ ਨੂੰ ਸਪਸ਼ਟ ਆਦੇਸ਼ ਦਿੱਤਾ ਸੀ ਕਿ 2021 ਦੀਆਂ ਚੋਣਾਂ ਦੇ ਤੁਰੰਤ ਬਾਅਦ ਨਵੀਂ ਫੋਟੋ ਵੋਟਰ ਸੂਚੀ ਬਣਾਉਣ ਦਾ ਕਾਰਜ ਸ਼ੁਰੂ ਕੀਤਾ ਜਾਵੇਗਾ। ਪਰ ਆਮ ਚੋਣਾਂ ਦੇ 3.5 ਸਾਲ ਬਾਅਦ ਵੀ ਚੋਣ ਡਾਇਰੈਕਟੋਰੇਟ ਸੁੱਤਾ ਪਿਆ ਹੈ। ਜਿਸ ਕਰਕੇ ਸਾਨੂੰ ਹਾਈਕੋਰਟ ਜਾਣਾ ਪਿਆ ਹੈ। ਜੀਕੇ ਨੇ ਦਿੱਲੀ ਕਮੇਟੀ ਦੇ ਪ੍ਰਬੰਧ 'ਚ ਸ਼ਰਾਫਤ ਤੇ ਪਾਰਦਰਸ਼ਤਾ ਲਿਆਉਣ ਅਤੇ ਮਾਫ਼ੀਆ ਤੱਤਾਂ ਦੀ ਸ਼ਮੂਲੀਅਤ ਨੂੰ ਰੋਕਣ ਲਈ 33 ਫੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਨੂੰ ਜ਼ਰੂਰੀ ਦੱਸਿਆ। ਜੀਕੇ ਨੇ ਕਿਹਾ ਕਿ ਨਵੀਆਂ ਵੋਟਾਂ ਬਣਾਉਣ ਤੋਂ ਬਾਅਦ ਸਮੂਹ 46 ਵਾਰਡਾਂ ਦੀ ਨਵੀਂ ਹੱਦਬੰਦੀ ਦੀ ਵੀ ਅਸੀਂ ਮੰਗ ਕੀਤੀ ਹੈ। ਜੀਕੇ ਨੇ ਦਿੱਲੀ ਕਮੇਟੀ ਦੇ ਅੰਤ੍ਰਿੰਗ ਬੋਰਡ ਚੋਣ 'ਚ ਇੱਕ ਸਾਲ ਦੀ ਹੋਈ ਦੇਰੀ ਅਤੇ ਆਮ ਚੋਣਾਂ ਲਈ ਵੋਟਾਂ ਬਣਾਉਣ ਦੇ ਮਸਲੇ ਉਤੇ ਦਿੱਲੀ ਕਮੇਟੀ ਪ੍ਰਬੰਧਕਾਂ ਦੀ ਚੁੱਪੀ ਉਤੇ ਹੈਰਾਨੀ ਪ੍ਰਗਟਾਈ। ਐਡਵੋਕੇਟ ਨਰਿੰਦਰ ਬੇਨੀਪਾਲ ਨੇ ਪਟੀਸ਼ਨ ਦੀ ਅਗਾਊਂ ਕਾਪੀ ਸਪਲਾਈ ਕਰਨ ਦੇ ਬਾਵਜੂਦ ਦਿੱਲੀ ਕਮੇਟੀ ਅਤੇ ਦਿੱਲੀ ਚੋਣ ਡਾਇਰੈਕਟੋਰੇਟ ਦੇ ਵਕੀਲਾਂ ਦੇ ਸੁਣਵਾਈ ਦੌਰਾਨ ਨਹੀਂ ਪਹੁੰਚਣ ਨੂੰ ਚੋਣਾਂ 'ਚ ਦੇਰੀ ਕਰਵਾਉਣ ਦੀ ਮੰਸ਼ਾ ਨਾਲ ਜੋੜਿਆ। ਐਡਵੋਕੇਟ ਬੈਨੀਪਾਲ ਨੇ ਦਿੱਲੀ ਨਗਰ ਨਿਗਮ ਐਕਟ ਤੇ ਦਿੱਲੀ ਗੁਰਦੁਆਰਾ ਕਮੇਟੀ ਐਕਟ ਦੀਆਂ ਆਪਸੀ ਸਾਂਝ ਨੂੰ ਸਮਝਾਉਂਦੇ ਹੋਏ ਔਰਤਾਂ ਲਈ 50 ਫੀਸਦੀ ਸੀਟਾਂ ਉਤੇ ਨਿਗਮ ਐਕਟ 'ਚ ਰਾਖਵੇਂਕਰਨ ਦਾ ਹਵਾਲਾ ਵੀ ਦਿੱਤਾ। ਇਸ ਮੌਕੇ ਦਿੱਲੀ ਕਮੇਟੀ ਮੈਂਬਰ ਕਰਤਾਰ ਸਿੰਘ ਚਾਵਲਾ, ਸਤਨਾਮ ਸਿੰਘ ਖੀਵਾ, ਮਹਿੰਦਰ ਸਿੰਘ, ਅਕਾਲੀ ਆਗੂ ਡਾਕਟਰ ਪਰਮਿੰਦਰ ਪਾਲ ਸਿੰਘ, ਰਮਨਦੀਪ ਸਿੰਘ ਸੋਨੂੰ, ਸਤਪਾਲ ਸਿੰਘ, ਸੁਖਮਨ ਸਿੰਘ ਅਤੇ ਬਾਬੂ ਸਿੰਘ ਦੁਖੀਆਂ ਆਦਿਕ ਮੌਜੂਦ ਸਨ।



# ਪੰਜਾਬ ਪੁਲਸ ਵੱਲੋਂ ਪਾਸਪੋਰਟ ਵੈਰੀਫਿਕੇਸ਼ਨ ਨੂੰ ਬਿਹਤਰ ਬਣਾਉਣ ਲਈ ਨਵੀਂ ਪ੍ਰਣਾਲੀ ਦੀ ਸ਼ੁਰੂਆਤ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸੂਬੇ ਵਿੱਚ ਪਾਰਦਰਸ਼ੀ ਅਤੇ ਸਮਾਂਬੱਧ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਦੇ ਮੱਦੇਨਜ਼ਰ ਪੰਜਾਬ ਪੁਲਸ ਵੱਲੋਂ ਪਾਸਪੋਰਟ ਵੈਰੀਫ਼ਿਕੇਸ਼ਨ ਲਈ ਇੱਕ ਸੁਚੱਜੀ ਤੇ ਆਧੁਨਿਕ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਗਈ ਹੈ, ਜੋ ਨਾਗਰਿਕਾਂ ਨੂੰ ਪ੍ਰੀ-ਵੈਰੀਫ਼ੀਕੇਸ਼ਨ ਐੱਸ. ਐੱਮ. ਐੱਸ. ਦੀ ਸਹੂਲਤ ਪ੍ਰਦਾਨ ਕਰੇਗੀ ਅਤੇ ਪੋਸਟ-ਵੈਰੀਫ਼ੀਕੇਸ਼ਨ ਐੱਸ. ਐੱਮ. ਐੱਸ. ਰਾਹੀਂ ਬਿਨੈਕਾਰ ਆਪਣੇ ਫੀਡਬੈਕ ਵੀ ਦੇ ਸਕਣਗੇ।ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਐੱਸਐੱਸਪੀ ਗੁਰਦਾਸਪੁਰ ਹਰੀਸ਼ ਦਾਯਮਾ ਨੇ ਦੱਸਿਆ ਕਿ ਪੰਜਾਬ ਪੁਲਸ ਲੋਕਾਂ ਨੂੰ ਨਿਰਵਿਘਨ ਅਤੇ ਸੁਚੱਜੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਦਿਨ-ਰਾਤ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਹੁਣ ਪੰਜਾਬ ਪੁਲਸ ਵੱਲੋਂ ਬਿਨੈਕਾਰ ਨੂੰ 'ਪੀਬੀਸਾਂਝ' ਤੋਂ ਐੱਸਐੱਮਐੱਸ ਰਾਹੀਂ ਸੂਚਨਾ ਭੇਜੀ ਜਾ ਰਹੀ ਹੈ, ਜਿਸ ਵਿੱਚ ਤਸਦੀਕ ਕਰਨ ਵਾਲੇ ਅਧਿਕਾਰੀ ਦਾ ਨਾਮ ਅਤੇ ਮੁਲਾਕਾਤ ਦੀ ਮਿਤੀ ਅਤੇ ਸਮੇਂ ਸਬੰਧੀ ਜਾਣਕਾਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਸੁਧਾਰ ਦਾ ਉਦੇਸ਼ ਬੇਲੋੜੀ ਅਨਿਸ਼ਚਿਤਤਾ ਨੂੰ ਘਟਾਉਣਾ ਅਤੇ ਬਿਨੈਕਾਰ ਨੂੰ ਉਸਦੀ ਵੈਰੀਫ਼ੀਕੇਸ਼ਨ ਪ੍ਰਕਿਰਿਆ ਬਾਰੇ ਪੂਰੀ ਤਰ੍ਹਾਂ ਜਾਣੂ ਕਰਵਾਉਣਾ ਹੈ।ਸ੍ਰੀ ਹਰੀਸ਼ ਦਾਯਮਾ ਨੇ ਕਿਹਾ ਕਿ ਇਸ ਤੋਂ ਇਲਾਵਾ ਨਾਗਰਿਕ ਪੋਸਟ-ਵੈਰੀਫਿਕੇਸ਼ਨ ਐੱਸਐੱਮਐੱਸ. ਰਾਹੀਂ ਆਪਣੇ ਫੀਡਬੈਕ ਵਿੱਚ ਸਬੰਧਤ ਅਧਿਕਾਰੀ ਦੇ ਵਿਵਹਾਰ ਸਬੰਧੀ ਰਿਪੋਰਟ ਵੀ ਭੇਜ ਸਕਣਗੇ।ਉਨ੍ਹਾਂ ਕਿਹਾ ਕਿ ਫੀਡਬੈਕ ਦੇਣ ਲਈ, ਬਿਨੈਕਾਰਾਂ ਨੂੰ 'ਪੀਬੀਸਾਂਝ' ਤੋਂ ਇੱਕ ਪੋਸਟ-ਵੈਰੀਫਿਕੇਸ਼ਨ ਐੱਸਐੱਮਐੱਸ ਪ੍ਰਾਪਤ ਹੋਵੇਗਾ, ਜਿਸ ਵਿੱਚ ਫੀਡਬੈਕ ਫਾਰਮ ਨਾਲ ਇੱਕ ਹਾਈਪਰਲਿੰਕ ਹੋਵੇਗਾ।ਉਨ੍ਹਾਂ ਕਿਹਾ ਕਿ ਬਿਨੈਕਾਰ ਫੀਡਬੈਕ ਫਾਰਮ ਰਾਹੀਂ ਆਪਣਾ ਕੋਈ ਵੀ ਸੁਝਾਅ, ਟਿੱਪਣੀ ਜਾਂ ਸਮੱਸਿਆ ਸਾਂਝੀ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਇਹ ਫੀਡਬੈਕ ਵਿਧੀ ਪੰਜਾਬ ਪੁਲਸ ਨੂੰ ਸੇਵਾਵਾਂ ਦੇ ਮਿਆਰਾਂ ਨੂੰ ਹੋਰ ਬਿਹਤਰ ਬਣਾਉਣ ਅਤੇ ਨਾਗਰਿਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨ ਵਿੱਚ ਮਦਦ ਕਰੇਗੀ।



# ਕਾਰ ਤੇ ਜੁਗਾੜੂ ਰੇਹੜੀ ਦੀ ਸਿੱਧੀ ਟੱਕਰ 'ਚ ਰੇਹੜੀ ਚਾਲਕ ਹਲਾਕ, ਕਾਰ ਚਾਲਕ ਗੰਭੀਰ ਜ਼ਖ਼ਮੀ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਨ/ਰਣਬੀਰ ਸਿੰਘ ਗੋਲਣ)**-ਅੰਮ੍ਰਿਤਸਰ-ਖੇਮਕਰਨ ਮਾਰਗ 'ਤੇ ਪਿੰਡ ਭਗਵਾਨਪੁਰ ਦੇ ਮੋੜ 'ਤੇ ਸਥਿਤ ਪੈਟਰੋਲ ਪੰਪ ਨਜ਼ਦੀਕ ਕਾਰ ਤੇ ਜੁਗਾੜੂ ਰੇਹੜੀ ਦੀ ਹੋਈ ਆਪਸੀ ਟੱਕਰ ਵਿੱਚ ਰੇਹੜੀ ਚਾਲਕ ਦੀ ਮੌਤ ਹੋ ਜਾਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ।ਮ੍ਰਿਤਕ ਵਿਅਕਤੀ ਦੀ ਪਹਿਚਾਣ ਮਹਿਲ ਸਿੰਘ (50) ਵਾਸੀ ਭਗਵਾਨਪੁਰਾ ਵਜੋਂ ਹੋਈ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਿੰਡ ਭਗਵਾਨਪੁਰ ਤੋਂ ਸਰਪੰਚ ਗੁਰਲਾਲ ਸਿੰਘ ਅਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੇ ਮਹਿਲ ਸਿੰਘ ਦੀ ਜੁਗਾੜੂ ਰੇਹੜੀ ਭਗਵਾਨਪੁਰ ਮੋੜ 'ਤੇ ਸਥਿਤ ਪੈਟਰੋਲ ਪੰਪ ਨਜ਼ਦੀਕ ਸਵਿਫਟ ਕਾਰ ਵਿੱਚ ਜਾ ਵੱਜੀ।ਟੱਕਰ ਇੰਨੀ ਜ਼ਬਰਦਸਤ ਸੀ ਕਿ ਜੁਗਾੜੂ ਰੇਹੜੀ ਦੋ ਫਾੜ ਹੋ ਗਈ ਤੇ ਮਹਿਲ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਜਦਕਿ ਕਾਰ ਚਾਲਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।ਉੱਧਰ ਮੌਕੇ 'ਤੇ ਪਹੁੰਚੇ ਥਾਣਾ ਭਿੱਖੀਵਿੰਡ ਦੇ ਏਐੱਸਆਈ ਕੁਲਦੀਪ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਗਵਾਨਪੁਰ ਮੋੜ ਨਜ਼ਦੀਕ ਜੁਗਾੜੂ ਰੇਹੜੀ ਤੇ ਕਾਰ ਵਿਚਕਾਰ ਹੋਏ ਹਾਦਸੇ ਵਿੱਚ ਮਹਿਲ ਸਿੰਘ ਨਾਮਕ ਰੇਹੜੀ ਚਾਲਕ ਦੀ ਮੌਤ ਹੋ ਗਈ ਜਦਕਿ ਸਵਿਫਟ ਕਾਰ ਚਾਲਕ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।ਏਐੱਸਆਈ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।



# ਗੁ: ਮੱਲ ਅਖਾੜਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਤੇ ਬਾਬਾ ਦੀਪ ਸਿੰਘ ਦਾ ਪ੍ਰਕਾਸ਼ ਪੁਰਬ ਮਨਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਅਤੇ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅੰਮ੍ਰਿਤਸਰ ਦੀਆਂ ਦਰਜਨ ਤੋਂ ਵੱਧ ਸੁਖਮਨੀ ਸੇਵਾ ਸੋਸਾਇਟੀਆਂ ਦੀਆਂ ਬੀਬੀਆਂ ਵੱਲੋਂ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਇਆ ਗਿਆ।ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ, ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਵਿਖੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ, ਬੀਬੀਆਂ ਨੇ ਸਮੂਹਕ ਤੌਰ ਤੇ ਗੁਰੂ ਨਾਨਕ ਮਹਿਮਾ ਵਿੱਚ ਸ਼ਬਦ ਗਾਇਨ ਕੀਤੇ।ਇਸ ਸਮੇਂ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਸਮੂਹ ਸੋਸਾਇਟੀਆਂ ਦੀਆਂ ਬੀਬੀਆਂ ਨੂੰ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਭਾਵਪੂਰਤ ਸ਼ਬਦਾਂ 'ਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪਰਬ ਅਤੇ ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਦੀ ਵਧਾਈ ਦਿਤੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਰੂਪ ਸਿੰਘ ਨੇ ਗੁਰਬਾਣੀ ਸ਼ਬਦਾਂ ਦਾ ਮਨੋਹਰ ਕੀਰਤਨ ਕੀਤਾ।ਇਸ ਮੌਕੇ ਮਾਤਾ ਸੁਲਖਣੀ ਜੀ ਇਸਤਰੀ ਸਤਿਸੰਗ ਸਭਾ ਬਟਾਲਾ ਤੋਂ ਬੀਬੀ ਦਰਸ਼ਨ ਕੌਰ, ਬੇਬੇ ਨਾਨਕੀ ਇਸਤਰੀ ਸਤਿਸੰਗ ਸਭਾ ਚੌਂਕ ਮੰਨਾ ਸਿੰਘ ਤੋਂ ਬੀਬੀ ਗੁਰਚਰਨ ਕੌਰ, ਇਸਤਰੀ ਸਤਿਸੰਗ ਸਭਾ ਗੁਰਦੁਆਰਾ ਦਮਦਮਾ ਸਾਹਿਬ ਤੋਂ ਬੀਬੀ ਰਜਿੰਦਰ ਕੌਰ, ਬੀਬੀ ਸੁਖਜੀਤ ਕੌਰ, ਮਾਤਾ ਭਾਨੀ ਜੀ ਸੁਖਮਨੀ ਸੁਸਾਇਟੀ ਜੈ ਸਿੰਘ ਚੌਂਕ ਬੀਬੀ ਮਨਜੀਤ ਕੌਰ, ਬੇਬੇ ਨਾਨਕੀ ਇਸਤਰੀ ਸਤਿਸੰਗ ਸਭਾ ਗੁਰਦੁਆਰਾ ਸਿੰਘ ਸਭਾ ਕੱਲੂ ਦਾ ਅਖਾੜਾ ਤੋਂ ਬੀਬੀ ਪਰਮਜੀਤ ਕੌਰ ਪਿੰਕੀ, ਬੀਬੀ ਤੇਜ ਕੌਰ, ਬੀਬੀ ਸੁਖਜੀਤ ਕੌਰ ਰੋਜ਼ੀ, ਬੀਬੀ ਨਰਿੰਦਰ ਕੌਰ, ਬੀਬੀ ਸੁਰਿੰਦਰ ਕੌਰ, ਬੀਬੀ ਬਲਬੀਰ ਕੌਰ, ਬੀਬੀ ਗੁਰਮੀਤ ਕੌਰ ਨੇ ਵੀ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਤੇ ਵੱਖ-ਵੱਖ ਗੁਰਬਾਣੀ ਸ਼ਬਦ ਗਾਇਨ ਕਰਕੇ ਵਧਾਈ ਦਿੱਤੀ।ਸਮਾਗਮ ਦੀ ਸੰਪੂਰਨਤਾ ਦੀ ਅਰਦਾਸ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਪ੍ਰੇਮ ਸਿੰਘ ਨੇ ਕੀਤੀ।



# ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਫ਼ਤਰ ਅੱਗੇ ਪੈਨਸ਼ਨਰਾਂ ਵੱਲੋਂ ਭੁੱਖ ਹੜਤਾਲ ਤੇ ਰੋਸ ਮੁਜ਼ਾਹਰਾ

**ਧਾਰੀਵਾਲ/ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ,ਜਨਕ ਮਹਾਜਨ)**- ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਸੱਦੇ ਤੇ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ ਵੱਖ ਵਿਭਾਗਾਂ ਦੇ ਪੈਨਸ਼ਨਰ ਸਾਥੀਆਂ ਵੱਲੋਂ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਦੇ ਖਿਲਾਫ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਫ਼ਤਰ ਸਾਹਮਣੇ 11ਮੈਂਬਰਾਂ ਵੱਲੋਂ ਸਵੇਰੇ 10-30 ਵਜੇ ਤੋਂ ਸ਼ਾਮ 4-30 ਵਜੇ ਤੱਕ ਭੁੱਖ ਹੜਤਾਲ ਰੱਖੀ ਗਈ ਅਤੇ ਮਾਨਯੋਗ ਮੁੱਖ ਮੰਤਰੀ ਪੰਜਾਬ, ਮਾਨਯੋਗ ਵਿੱਤ ਮੰਤਰੀ ਪੰਜਾਬ, ਮਾਨਯੋਗ ਮੁੱਖ ਸਕੱਤਰ ਪੰਜਾਬ ਅਤੇ ਮਾਨਯੋਗ ਪ੍ਰਮੁੱਖ ਸਕੱਤਰ ਵਿੱਤ ਪੰਜਾਬ ਸਰਕਾਰ ਦੇ ਨਾਂ ਡਿਪਟੀ ਕਮਿਸ਼ਨਰ ਦਫ਼ਤਰ ਗੁਰਦਾਸਪੁਰ ਰਾਹੀਂ ਮੰਗ ਪੱਤਰ ਭੇਜੇ ਗਏ।ਵੱਡੀ ਗਿਣਤੀ ਵਿੱਚ ਹਾਜ਼ਰ ਪੈਨਸ਼ਨਰਾਂ ਵੱਲੋਂ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ।ਧਰਨੇ ਦੀ ਪ੍ਰਧਾਨਗੀ ਜਵੰਦ ਸਿੰਘ, ਮਹੇਸ਼ ਪਾਲ, ਵਿਜੇ ਥਾਪਾ, ਰਮੇਸ਼ ਕੁਮਾਰ ਅਤੇ ਸਵਿੰਦਰ ਸਿੰਘ ਔਲਖ ਵੱਲੋਂ ਸਾਂਝੇ ਤੌਰ ਤੇ ਕੀਤੀ ਗਈ। ਇਸ ਮੌਕੇ 'ਤੇ ਜਿੰਨੇ ਵੀ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਉਹ ਸਾਰੇ ਹੀ ਪੰਜਾਬ ਸਰਕਾਰ ਵੱਲੋਂ ਚੋਣਾ ਵੇਲੇ ਦਿਖਾਏ ਗਏ ਸਬਜ਼ਬਾਗਾਂ ਅਤੇ ਮਗਰੋਂ ਦਿਖਾਏ ਜਾ ਰਹੇ ਠੇਂਗੇ ਵਾਲੇ ਵਰਤਾਰੇ ਤੋਂ ਬੇਹੱਦ ਖ਼ਫ਼ਾ ਨਜ਼ਰ ਆਏ ਅਤੇ ਵਿਸ਼ੇਸ਼ ਤੌਰ ਤੇ ਮੁੱਖ ਮੰਤਰੀ ਪੰਜਾਬ ਸ੍ ਭਗਵੰਤ ਸਿੰਘ ਮਾਨ ਜੋ ਬਾਰ ਬਾਰ ਮੀਟਿੰਗਾ ਦਾ ਟਾਈਮ ਦੇ ਕੇ ਮੌਕਾ ਟਾਲਦੇ ਰਹੇ ਪਰ ਪੈਨਸ਼ਨਰਾਂ ਨਾਲ ਇੱਕ ਵੀ ਮੀਟਿੰਗ ਨਾ ਕਰਨ ਵਾਲੇ ਵਤੀਰੇ ਦੀ ਵੀ ਜ਼ੋਰਦਾਰ ਨਖੇਧੀ ਕੀਤੀ ਗਈ। ਇਨ੍ਹਾਂ ਤੋਂ ਇਲਾਵਾ ਸਰਵਸ੍ਰੀ ਮਹੇਸ਼ ਪਾਲ,ਵਿਜੇ ਥਾਪਾ, ਰਮੇਸ਼ ਕੁਮਾਰ, ਸਵਿੰਦਰ ਔਲਖ, ਜੋਗਿੰਦਰ ਪਾਲ ਸੈਣੀ, ਸੁਰੇਸ਼ ਸ਼ਰਮਾ, ਅਜੀਤ ਸਿੰਘ ਹੁੰਦਲ, ਧਿਆਨ ਸਿੰਘ ਠਾਕੁਰ, ਮੰਗਤ ਚੰਚਲ,ਅਮਰਜੀਤ ਸਿੰਘ, ਬਲਵੰਤ ਸਿੰਘ, ਮਹਿੰਦਰ ਸਿੰਘ, ਰਘਬੀਰ ਸਿੰਘ ਚਾਹਲ, ਬਲਵੰਤ ਸਿੰਘ, ਬਲਬੀਰ ਸਿੰਘ ਬੈਂਸ ਅਤੇ ਸੁਖਵਿੰਦਰ ਸਿੰਘ ਕਾਹਲੋਂ ਨੇ ਵੀ ਮੰਗਾਂ ਦੁਹਰਾਈਆਂ ਅਤੇ ਸਰਕਾਰ ਦੇ ਵਤੀਰੇ ਦਾ ਖੰਡਣ ਕੀਤਾ।ਇਸ ਮੌਕੇ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ ਜਿਨ੍ਹਾਂ ਵਿੱਚੋਂ ਕੁਝ ਨਾ ਇਸ ਪ੍ਰਕਾਰ ਹਨ ਸਰਵਸ੍ਰੀ ਬੂਟੀ ਰਾਮ, ਸੁਭਾਸ਼ ਚੰਦਰ, ਅਮਰਜੀਤ ਸੈਣੀ, ਕਸ਼ਮੀਰ ਸਿੰਘ, ਪੂਰਨ ਸਿੰਘ, ਪ੍ਰੇਮ ਨਾਥ, ਨਰਿੰਦਰ ਪਾਲ, ਗੁਰਦੀਪ ਸਿੰਘ, ਪੂਰਨ ਚੰਦ, ਸਾਧੂ ਰਾਮ, ਗੁਰਮੀਤ ਸਿੰਘ, ਸਜਵੰਤ ਸਿੰਘ, ਅਜੈਬ ਸਿੰਘ, ਲਖਬੀਰ ਸਿੰਘ ਸਲਾਮਤ ਮਸੀਹ, ਰੇਸ਼ਮ ਲਾਲ, ਗੁਰਦੀਪ ਸਿੰਘ ਭੰਗੂ, ਰਮੇਸ਼ ਗੁਪਤਾ, ਸਵਿੰਦਰ ਸਿੰਘ, ਨਿਰਮਲ ਸਿੰਘ, ਜਗਦੀਸ਼ ਰਾਜ, ਦਲਬੀਰ ਸਿੰਘ ਬਲਵਿੰਦਰ ਸਿੰਘ, ਗੁਰਨਾਮ ਸਿੰਘ, ਕੇਵਲ ਕ੍ਰਿਸ਼ਨ, ਰਮੇਸ਼ ਚੰਦਰ, ਦੇਵੀ ਦਾਸ, ਨਰਿੰਦਰ ਸਿੰਘ, ਬਲਕਾਰ ਸਿੰਘ, ਰਮੇਸ਼ ਕੁਮਾਰ, ਬਖਸ਼ੀਸ਼ ਸਿੰਘ, ਭਗਤ ਸਿੰਘ, ਸੋਹਣ ਲਾਲ, ਰਾਜ ਕੁਮਾਰ ਸੱਤਪਾਲ, ਗੁਰਦੀਪ ਸਿੰਘ, ਚਰਨ ਦਾਸ, ਕਪੂਰ ਸਿੰਘ, ਪ੍ਰਕਾਸ਼ ਚੰਦ, ਗੁਰਦਿਆਲ ਸਿੰਘ ਤੇ ਦਰਬਾਰਾ ਸਿੰਘ ਆਦਿ ।



# ਮੌੜੇ ਕਲਾਂ ਦੇ ਨੌਜਵਾਨ ਦੀ ਸਪੇਨ 'ਚ ਭੇਦਭਰੇ ਹਾਲਾਤ 'ਚ ਲਾਸ਼ ਮਿਲੀ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਘਰ ਦੀ ਮਾਲੀ ਹਾਲਾਤ ਸੁਧਾਰਨ ਅਤੇ ਚੰਗੇ ਭਵਿੱਖ ਲਈ ਲੱਖਾਂ ਰੁਪਏ ਲਾਕੇ ਨੌਜਵਾਨ ਵਿਦੇਸ਼ਾਂ ਵੱਲ ਜਾ ਰਹੇ ਹਨ ਉਥੇ ਹੀ ਅੰਮ੍ਰਿਤਸਰ ਦੇ ਹਲਕਾ ਰਾਜਾਸਾਂਸੀ ਦੇ ਪਿੰਡ ਮੌੜੇ ਕਲਾਂ ਦਾ 20 ਸਾਲਾ ਨੌਜਵਾਨ ਤਰਸੇਮ ਸਿੰਘ ਸਪੇਨ ਗਿਆ ਸੀ, ਜਿੱਥੇ ਨੌਜਵਾਨ ਦੀ ਭੇਤਭਰੇ ਹਾਲਾਤ ਵਿਚ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੀ ਲਾਸ਼ 25 ਦਿਨ ਬਾਅਦ ਵਤਨ ਲਿਆਂਦੀ ਗਈ ਜਿੱਥੇ ਨੌਜਵਾਨ ਦੇ ਜੱਦੀ ਪਿੰਡ ਵਿੱਚ ਉਸ ਦਾ ਅੰਤਿਮ ਸੰਸਕਾਰ ਕੀਤਾ ਗਿਆ, ਜਿੱਥੇ ਪੂਰੇ ਪਰਿਵਾਰ ਦਾ ਰੋ ਰੋ ਕੇ ਬੁਰਾ ਹਾਲ ਸੀ ਅਤੇ ਪਿੰਡ ਵਿੱਚ ਸੋਗ ਦੀ ਲਹਿਰ ਸੀ।ਮ੍ਰਿਤਕ ਨੌਜਵਾਨ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਘਰ ਦੀ ਮਾਲੀ ਹਾਲਾਤ ਸੁਧਾਰਨ ਲਈ 6 ਮਹੀਨੇ ਪਹਿਲਾਂ ਵਿਦੇਸ਼ ਗਿਆ ਸੀ ਤੇ ਉਸ ਦੀ ਭੇਦਭਰੇ ਹਾਲਾਤ ਵਿੱਚ ਮੌਤ ਹੋ ਗਈ ਹੈ, ਜਿੱਥੇ ਮੌਤ ਦੇ ਅਸਲ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਇਸ ਮੌਕੇ ਕਿਸਾਨ ਆਗੂ ਕਾਬਲ ਸਿੰਘ ਮਹਾਵਾ ਨੇ ਕਿਹਾ ਕਿ ਨੌਜਵਾਨ ਦੀ ਭੇਦ ਭਰੇ ਹਾਲਾਤ ਵਿੱਚ ਸਪੇਨ ਦੀ ਧਰਤੀ 'ਤੇ ਮੌਤ ਹੋਈ ਹੈ, ਜਿੱਥੇ ਸਮਾਜ ਸੇਵੀ ਲੋਕਾਂ ਦੀ ਮਦਦ ਨਾਲ ਨੌਜਵਾਨ ਦੀ ਲਾਸ਼ ਨੂੰ ਵਾਪਸ ਲਿਆਂਦਾ ਗਿਆ ਹੈ। ਉਨ੍ਹਾਂ ਦਾਨੀ ਸੱਜਣਾਂ ਤੇ ਸਪੇਨ ਦੀ ਸਰਕਾਰ ਤੋਂ ਮੰਗ ਕੀਤੀ ਕਿ ਨੌਜਵਾਨ ਦੀ ਕਿਸੇ ਵੀ ਤਰ੍ਹਾਂ ਮਦਦ ਕੀਤੀ ਜਾਵੇ ਕਿਉਂਕਿ ਨੌਜਵਾਨ ਦੇ ਪਿਤਾ ਨੇ ਉਸ ਨੂੰ ਕਰਜਾ ਚੁੱਕ ਕੇ ਵਿਦੇਸ਼ ਭੇਜਿਆ ਸੀ।



# ਜੋਯਆਲੁੱਕਾਸ ਵੱਲੋਂ ਆਪਣੇ ਨਵੇਂ ਸ਼ੋਅਰੂਮ ਦਾ ਉਦਘਾਟਨ

**ਜਲੰਧਰ:** ਦੁਨੀਆ ਦੇ ਪਸੰਦੀਦਾ ਜੁਲਰੀ ਬ੍ਰਾਂਡ, ਜੋਯਆਲੁੱਕਾਸ ਨੇ ਆਪਣੇ ਨਵੇਂ ਸ਼ੋਰੂਮ ਦੇ ਸ਼ਾਨਦਾਰ ਉਦਘਾਟਨ ਨਾਲ ਜਲੰਧਰ ਵਿੱਚ ਸ਼ਾਨਦਾਰ ਸ਼ੁਰੂਆਤ ਕੀਤੀ ।ਜੋਯਆਲੁੱਕਾਸ ਦੀ ਵਿਸ਼ੇਸ਼ ਪਛਾਣ ਨਾਲ ਬਣਾਇਆ ਗਿਆ। ਇਹ ਨਵਾਂ ਸ਼ੋਰੂਮ, ਗਹਿਣਿਆਂ ਦੀ ਖਰੀਦਾਰੀ ਦਾ ਬੇਮਿਸਾਲ ਅਨੁਭਵ ਦਿੰਦਾ ਹੈ।ਇਸ ਵਿੱਚ ਸੋਨੇ, ਹੀਰੇ ਅਤੇ ਕੀਮਤੀ ਰਤਨਾਂ ਦਾ ਸ਼ਾਨਦਾਰ ਕਲੇਕਸ਼ਨ ਮੌਜੂਦ ਹੈ।ਜੋਯਆਲੁੱਕਾਸ ਖ਼ਾਸ ਆਫਰ ਲਿਆਇਆ ਹੈ।ਗਾਹਕ ਸੋਨੇ, ਹੀਰੇ ਅਤੇ ਕੀਮਤੀ ਗਹਿਣਿਆਂ ਤੇ 50% ਦੀ ਛੂਟ ਦਾ ਲਾਭ ਲੈ ਸਕਦੇ ਹਨ।ਨਵੇਂ ਸ਼ੋਰੂਮ ਦੇ ਉਦਘਾਟਨ ਮੌਕੇ ਜੋਯਆਲੁੱਕਾਸ ਗਰੁੱਪ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਜੋਯ ਆਲੁੱਕਾਸ ਨੇ ਕਿਹਾ ਕਿ ਸਾਡਾ ਲਕਸ਼ ਹਰ ਘਰ ਤਕ ਵਧੀਆ ਡਿਜ਼ਾਈਨ ਪਹੁੰਚਾਉਣਾ ਹੈ।

# ਭਾਜਪਾ ਦੀ ਦਿੱਲੀ ਵਿਧਾਨ ਸਭਾ ਚੋਣਾਂ 'ਚ ਜਿੱਤ 'ਤੇ ਲੱਡੂ ਵੰਡੇ

**ਬਲਾਚੌਰ (ਜਸਵਿੰਦਰ ਬੈਂਸ)** ਭਾਰਤੀ ਜਨਤਾ ਪਾਰਟੀ ਦੀ ਦਿੱਲੀ ਵਿੱਚ ਭਾਰੀ ਲੀਡ ਨਾਲ ਹੋਈ ਜਿੱਤ ਨੇ ਭਾਜਪਾ ਵਰਕਰਾਂ ਭਾਰੀ ਨਵਾਂ ਉਤਸ਼ਾਹ ਭਰਿਆ ਹੈ। ਬਲਾਚੌਰ ਵਿੱਚ ਭਾਜਪਾ ਦੇ ਜਿਲ੍ਹਾਂ ਪ੍ਰਧਾਨ ਐਡਵੋਕੇਟ ਰਾਜਵਿੰਦਰ ਲੱਕੀ ਦੇ ਅਗਵਾਈ ਵਿੱਚ ਭਾਜਪਾ ਵਰਕਰਾਂ ਨੇ ਲੱਡੂ ਵੰਡ ਕੇ ਦਿੱਲੀ ਦੀ ਇਤਿਹਾਸਿਕ ਜਿੱਤ ਦਾ ਜਸ਼ਨ ਮਨਾਇਆ। ਇਸ ਮੌਕੇ ਤੇ ਐਡਵੋਕੇਟ ਰਾਜਵਿੰਦਰ ਲੱਕੀ ਨੇ ਕਿਹਾ ਕਿ ਜਨਤਾ ਹੁਣ ਆਮ ਆਦਮੀ ਦੀ ਝੂਠ ਦੀ ਰਾਜਨੀਤੀ ਨੂੰ ਚੰਗੀ ਤਰ੍ਹਾਂ ਸਮਝ ਚੁੱਕੀ ਹੈ, ਜਿਸ ਦੀ ਵਜ੍ਹਾ ਨਾਲ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਖ਼ੁਦ ਚੋਣ ਹਾਰ ਗਏ ਅਤੇ ਦਿੱਲੀ ਸਰਕਾਰ ਦੇ ਕਈ ਮੰਤਰੀ ਵੀ ਚੋਣ ਹਾਰ ਗਏ। ਇਸ ਮੌਕੇ ਕੌਮੀ ਆਗੂ ਵਰਿੰਦਰ ਕੌਰ ਥਾਂਦੀ ਅਤੇ ਸੀਨੀਅਰ ਆਗੂ ਵਰਿੰਦਰ ਸੈਣੀ, ਮੰਡਲ ਪ੍ਰਧਾਨ ਨੰਦ ਕਿਸ਼ੋਰ ਸ਼ਰਮਾਂ ਅਤੇ ਵਿਜੇ ਭਾਟੀਆ ਸੰਦਰੇਵਾਲ, ਬਿੰਦਰ ਰਜਵਾੜਾ, ਗੁਰਨਾਮ ਕਿਸਾਨਾ, ਰਾਣਾ ਧਰੁਵ ਸਿੰਘ, ਪੰਕਜ ਕੁਮਾਰ, ਜਸਵੰਤ ਖਰਲ ਕੰਗਣਾਂ ਬੇਟ, ਪ੍ਰਵੀਨ ਪੁਰੀ, ਪਾਖਰ ਸਿੰਘ, ਮਹਿੰਦਰ ਸੈਣੀ, ਪ੍ਰਵਾਸੀ ਭਾਰਤੀ ਦਰਸ਼ਨ ਸਿੰਘ, ਕੁਲਦੀਪ ਸਿੰਘ, ਸੁਮਿਤ ਘਈ, ਮਨੋਹਰ ਲਾਲ ਅਨੰਦ, ਮੋਹਨ ਲਾਲ ਔਹਰੀ, ਸੁਰਿੰਦਰ ਵਰਮਾ, ਨਰਿੰਦਰ ਨਾਥ, ਐਡਵੋਕੇਟ ਦਿਨੇਸ਼ ਕੁਮਾਰ, ਕੇਵਲ ਭੌਰ, ਸੰਜੀਵ ਪੁਰੀ, ਸਤਪਾਲ ਚੇਚੀ, ਵਿਨੋਦ ਸ਼ਰਮਾਂ, ਸ਼ਿਵ ਕੁਮਾਰ, ਗੋਰਵ ਕਾਠਗੜ੍ਹ, ਨੌਜਵਾਨ ਆਗੂ ਵਰਿੰਦਰ ਕਟਾਰੀਆ ਤੇ ਹੋਰ ਹਾਜ਼ਰ ਸਨ।

# ਸੰਘਵਾਲ 'ਚ ਤੀਸਰਾ ਕਬੱਡੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪੰਨ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਐਨ. ਆਰ. ਆਈ ਦੁਆਬਾ ਸਪੋਰਟਸ ਕਲੱਬ (ਰਜਿ) ,ਪ੍ਰਵਾਸੀ ਭਾਰਤੀਆਂ, ਗ੍ਰਾਮ ਪੰਚਾਇਤ ਅਤੇ ਇਲਾਕਾ ਨਿਵਾਸੀਆਂ ਵੱਲੋਂ ਸ਼ਹੀਦ ਬੰਤਾ ਸਿੰਘ,



ਅਰੂੜ ਸਿੰਘ ਖੇਡ ਸਟੇਡੀਅਮ ਸੰਘਵਾਲ ਵਿਖੇ ਤੀਸਰਾ ਕਬੱਡੀ ਟੂਰਨਾਮੈਂਟ ਸਵ. ਸੁਰਿੰਦਰ ਸਿੰਘ ਨਿੱਝਰ ਦੀ ਯਾਦ ਨੂੰ ਸਮਰਪਤ ਬਹੁਤ ਹੀ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ। ਟੂਰਨਾਮੈਂਟ ਦਾ ਰਸਮੀ ਉਦਘਾਟਨ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਹਰਕਮਲਪ੍ਰੀਤ ਸਿੰਘ ਖੱਖ ਐਸ ਐਸ ਪੀ ਜਲੰਧਰ ਦਿਹਾਤੀ ਵੱਲੋਂ ਪ੍ਰਬੰਧਕਾਂ ਅਤੇ ਖਿਡਾਰੀਆਂ ਦੀ ਹਾਜ਼ਰੀ ਵਿੱਚ ਰੀਬਨ ਕੱਟ ਕੇ ਅਤੇ ਆਸਮਾਨ ਚ ਗੁਬਾਰੇ ਛੱਡ ਕੇ ਕੀਤਾ ਗਿਆ। ਇਸ ਮੌਕੇ ਪੰਜਾਬ ਯੂਨਾਈਟਿਡ ਕਬੱਡੀ ਫੈਡਰੇਸ਼ਨ ਦੇ ਮੁਕਾਬਲਿਆਂ 'ਚ ਰਾਇਲ ਕਿੰਗ ਸ਼ਕਰਪੁਰ ਨੇ ਪੰਜਾਬੀ ਲਾਇਨ ਮਾਝਾ ਨੂੰ ਹਰਾ ਕੇ ਕੱਪ 'ਤੇ ਕਬਜ਼ਾ ਕੀਤਾ। 75 ਕਿਲੋ ਭਾਰ ਵਰਗ ਦੇ ਫਾਈਨਲ ਮੁਕਾਬਲੇ 'ਚ ਟਿੱਬਾ ਦੀ ਟੀਮ ਨੇ ਖੀਰਾਂਵਾਲੀ ਨੂੰ ਹਰਾਇਆ। ਇਸ ਮੌਕੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ, ਜਸਪ੍ਰੀਤ ਸਿੰਘ ਚਾਹਲ, ਹਰਮਨ ਸਿੰਘ ਚਾਹਲ ਕੈਨੇਡਾ, ਨੰਬਰਦਾਰ ਤੇ ਸਾਬਕਾ ਸਰਪੰਚ ਮਾ. ਭਾਗ ਰਾਮ, ਜਸਵੀਰ ਸਿੰਘ ਸ਼ੀਰਾ ਆਸਟਰੇਲੀਆ ਤੇ ਸਮੂਹ ਪ੍ਰਬੰਧਕਾਂ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਟੂਰਨਾਮੈਂਟ ਦੌਰਾਨ ਪ੍ਰਬੰਧਕਾਂ ਵੱਲੋਂ ਫਾਈਨਲ ਮੁਕਾਬਲੇ 'ਚ ਬੈਸਟ ਰੇਡਰ ਤੇ ਬੈਸਟ ਜਾਫੀ ਨੂੰ ਬੁਲਟ ਮੋਟਰਸਾਈਕਲ ਦੇ ਕੇ ਸਨਮਾਨਤ ਕੀਤਾ ਗਿਆ। ਟੂਰਨਾਮੈਂਟ ਦੌਰਾਨ ਦਰਸ਼ਕਾਂ ਲਈ ਲੱਕੀ ਕੂਪਨ ਵੀ ਕੱਢੇ ਗਏ। ਟੂਰਨਾਮੈਂਟ ਦੀ ਸਮਾਪਤੀ 'ਤੇ ਪ੍ਰਸਿੱਧ ਪੰਜਾਬੀ ਗਾਇਕ ਜੋੜੀ ਬਲਕਾਰ ਅਣਖੀਲਾ ਤੇ ਬੀਬਾ ਮਨਜਿੰਦਰ ਗੁਲਸ਼ਨ ਵੱਲੋਂ ਲਗਾਏ ਗਏ ਖੁੱਲ੍ਹੇ ਅਖਾੜੇ 'ਚ ਦਰਸ਼ਕਾਂ ਦਾ ਭਰਭੂਰ ਮਨੋਰੰਜਨ ਕੀਤਾ ਗਿਆ । ਇਸ ਮੌਕੇ ਜਸਪ੍ਰੀਤ ਸਿੰਘ ਚਾਹਲ, ਹਰਮਨ ਸਿੰਘ ਚਾਹਲ ਕੈਨੇਡਾ, ਸਾਬਕਾ ਸਰਪੰਚ ਮਾ. ਭਾਗ ਰਾਮ, ਪ੍ਰਿਥੀਪਾਲ ਸਿੰਘ ਰਾਏਪੁਰ, ਮਹਿੰਦਰ ਸਿੰਘ ਸੰਘਵਾਲ, ਜਰਮਨ ਸਿੰਘ, ਅਮਨ ਨਿਊਜ਼ੀਲੈਂਡ, ਜਸਵੀਰ ਸਿੰਘ ਸ਼ੀਰਾ ਆਸਟਰੇਲੀਆ, ਜਗਤਾਰ ਸਿੰਘ ਯੂ ਐਸ ਏ, ਪੰਚ ਹਰਜਿੰਦਰ ਸਿੰਘ ਚਾਹਲ, ਉਂਕਾਰ ਸਿੰਘ ਕੈਨੇਡਾ, ਸੁਖਜਿੰਦਰ ਸਿੰਘ ਖਾਲਸਾ, ਉੱਤਮ ਸਿੰਘ, ਗੁਰਤੇਜ ਸਿੰਘ, ਸਤਵੀਰ ਸਿੰਘ ਆਸਟਰੇਲੀਆ, ਗੁਰਮੇਲ ਸਿੰਘ, ਹਰਸੁੰਦਰ ਸਿੰਘ ਚਾਹਲ, ਕਾਲਾ ਸਿੰਘ ਨਿਊਜ਼ੀਲੈਂਡ, ਸੋਨੂੰ ਸੰਘਵਾਲ, ਨਿੱਕਾ ਨਰਵਾਲ ਗੋਪਾਲਪੁਰ, ਵਿੱਕੀ ਦੌਲਤਪੁਰ, ਜੋਬਨਪ੍ਰੀਤ ਸਿੰਘ ਮਹਿਰੋਕ, ਜੱਸੀ ਰਾਣੀ ਭੱਟੀ, ਆਕਾਸ਼ਦੀਪ ਚਕਰਾਲਾ, ਜਗਰੂਪ ਸਿੰਘ ਨਿਜ਼ਾਮਦੀਨਪੁਰ, ਜੱਸੀ ਨਿਜ਼ਾਮਦੀਨਪੁਰ, ਰਿੱਕੀ ਸਹੋਤਾ, ਬਿੱਟੂ ਖਾਦ ਵਾਲਾ, ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਬੀਬੀ ਕੌਲਾਂ ਜੀ ਪਬਿਲਕ ਸਕੂਲ (ਬ੍ਰਾਂਚ-1) ਤਰਨ ਤਾਰਨ ਰੋਡ ਸਕੂਲ ਵਿਖੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਦੀ ਪ੍ਰੇਰਨਾ ਸਦਕਾ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਕੀਰਤਨ ਦਰਬਾਰ ਦੇ ਰੂਪ ਵਿੱਚ ਮਨਾਇਆ ਗਿਆ।ਭਾਈ ਗੁਰਇਕਬਾਲ ਸਿੰਘ ਨੇ ਦੱਸਿਆ ਕਿ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਿਪਤ ਸਕੂਲ ਦੇ ਸਟਾਫ ਅਤੇ ਬੱਚਿਆਂ ਵੱਲੋਂ ਸਹਿਜ ਪਾਠ ਦੇ ਭੋਗ ਪਾਏ ਗਏ ।ਤਿੰਨਾਂ ਬਰਾਂਚਾਂ ਦੇ ਸਕੂਲ ਦੇ ਬੱਚਿਆਂ ਨੇ ਸ਼ਬਦ ਕੀਰਤਨ ਦੀ ਹਾਜ਼ਰੀ ਲਗਾਈ। ਬੀਬੀ ਪਰਮਜੀਤ ਕੌਰ ਨੇ ਕੀਰਤਨ ਦੀ ਹਾਜ਼ਰੀ ਲਗਾਈ ਤੇ ਬੱਚਿਆਂ ਨੂੰ ਸਹਿਜ ਪਾਠ ਕਰਨ ਲਈ ਪ੍ਰੇਰਿਤ ਕੀਤਾ। ਭਾਈ ਅਮਨਦੀਪ ਸਿੰਘ ਨੇ ਕਥਾ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ।ਇਸ ਉਪਰੰਤ ਭਾਈ ਗੁਰਇਕਬਾਲ ਸਿੰਘ ਨੇ ਕੀਰਤਨ ਦੀ ਹਾਜ਼ਰੀ ਭਰੀ ਅਤੇ ਧੰਨ ਧੰਨ ਬਾਬਾ ਦੀਪ ਸਿੰਘ ਦੇ ਜੀਵਨ ਸੰਬੰਧੀ ਬੱਚਿਆਂ ਨੂੰ ਅਨਮੋਲ ਬਚਨ ਸੁਣਾਏ ਅਤੇ ਕਿਹਾ ਕਿ ਬਾਬਾ ਦੀਪ ਸਿੰਘ ਵਰਗੀ ਮਿਸਾਲ ਹੋਰ ਕੋਈ ਦੁਨੀਆ ਵਿਚ ਨਹੀਂ ਹੋ ਸਕੀ ।ਇਸ ਮੌਕੇ ਨੌਵੇਂ ਮਹੱਲੇ ਦੇ ਸਲੋਕ ਪੜ੍ਹਨ ਵਾਲੇ, ਆਰਤੀ ਪੜ੍ਹਨ ਵਾਲੇ ਅਤੇ ਕੀਰਤਨ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ ।ਭਾਈ ਸਾਹਿਬ ਨੇ ਬੱਚਿਆਂ ਨੂੰ ਚੰਗੇ ਡਾਕਟਰ, ਇੰਜੀਨੀਅਰ ਬਣਨ ਤੋਂ ਪਹਿਲਾਂ ਗੁਰੂ ਘਰ ਦੀ ਸੇਵਾ ਵਿੱਚ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਰਜਿੰਦਰ ਸਿੰਘ, ਭਾਈ ਤੇਜਪਾਲ ਸਿੰਘ, ਬੀਬੀ ਜਤਿੰਦਰ ਕੌਰ, ਇੰਦਰਪ੍ਰੀਤ ਕੌਰ ਪ੍ਰਿੰਸੀਪਲ (ਬ੍ਰਾਂਚ-3), ਬੀਬੀ ਪਰਮਜੀਤ ਕੌਰ ਆਦਿ ਨੇ ਵਿਸ਼ੇਸ਼ ਤੌਰ 'ਤੇ ਹਜ਼ਰੀ ਭਰੀ। ਇਸ ਮੌਕੇ ਸਕੂਲ ਦੇ ਪ੍ਰਿੰ. ਜਸਲੀਨ ਕੌਰ ਨੇ ਸਮੁੱਚੀ ਸੰਗਤ ਨੂੰ ਜੀ ਆਇਆਂ ਕਿਹਾ ।ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ।

# ਪੰਜਾਬ 'ਚ ਰੇਸ਼ਮ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਪਹਿਲਕਦਮੀ

**ਗੁਰਦਾਸਪੁਰ (ਜਨਕ ਮਹਾਜਨ)**-ਪੰਜਾਬ ਵਿੱਚ ਰੇਸ਼ਮ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਅਤੇ ਰੇਸ਼ਮ ਦੇ ਉਤਪਾਦਨ ਨੂੰ ਹੋਰ ਹੁਲਾਰਾ ਦੇਣ ਦੇ ਮੱਦੇਨਜ਼ਰ ਰਾਜ ਵਿੱਚ ਰੀਲਿੰਗ ਅਤੇ ਕੋਕੂਨ ਸਟੋਰੇਜ ਯੂਨਿਟ ਸਥਾਪਤ ਕੀਤੇ ਜਾਣਗੇ।ਰੇਸ਼ਮ ਦੇ ਉਤਪਾਦਨ ਨੂੰ ਵਧਾਉਣ ਅਤੇ ਰੇਸ਼ਮ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਬਿਹਤਰ ਮੌਕੇ ਪ੍ਰਦਾਨ ਕਰਨ ਲਈ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲਿਆਂ ਵਿੱਚ ਮੁੱਖ ਤੌਰ 'ਤੇ ਮਿਸ਼ਨ 'ਹਰ ਘਰ ਰੇਸ਼ਮ' ਸ਼ੁਰੂ ਕੀਤਾ ਜਾਵੇਗਾ।ਇਹ ਪ੍ਰਗਟਾਵਾ ਕਰਦਿਆਂ ਬਟਾਲਾ ਦੇ ਵਿਧਾਇਕ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਯਤਨਾਂ ਅਤੇ ਐੱਚਡੀਐੱਫਸੀ ਬੈਂਕ ਦੀ ਕਾਰਪੋਰੇਟ ਸੋਸ਼ਲ ਰਿਸਪਾਂਸੀਬਿਲਟੀ ਫੰਡ ਸਕੀਮ (ਸੀਐੱਸਆਰ) ਦੇ ਸਾਂਝੇ ਯਤਨਾਂ ਸਦਕਾ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਕਿਸਾਨਾਂ ਨੂੰ ਰੇਸ਼ਮ-ਕੀਟ ਬੀਜ ਮੁਹੱਈਆ ਕਰਾਉਣ ਵਿੱਚ ਮਦਦ ਮਿਲੇਗੀ, ਜਿਸਦਾ ਬਜਟ 14.82 ਲੱਖ ਰੁਪਏ ਹੈ।ਉਨ੍ਹਾਂ ਕਿਹਾ ਕਿ ਇਹ ਉਪਰਾਲਾ ਵੱਧ ਤੋਂ ਵੱਧ ਕਿਸਾਨਾਂ ਨੂੰ ਰੇਸ਼ਮ ਦੀ ਖੇਤੀ ਲਈ ਪ੍ਰੇਰਨ ਅਤੇ ਕਿਸਾਨਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗਾ।ਇਸ ਯੋਜਨਾ ਵਿੱਚ ਕਿਸਾਨਾਂ ਨੂੰ ਰੇਸ਼ਮ-ਕੀਟ ਬੀਜ ਸਮੱਗਰੀ ਪ੍ਰਦਾਨ ਕਰਨਾ ਸ਼ਾਮਲ ਹੈ, ਜੋ ਇਸ ਉਦਯੋਗ ਨੂੰ ਹੋਰ ਉਤਸ਼ਾਹਿਤ ਕਰੇਗਾ। ਸੀ. ਐੱਸ. ਆਰ. ਪ੍ਰੋਗਰਾਮ ਤਹਿਤ ਐੱਚਡੀਐੱਫਸੀ ਬੈਂਕ ਰੀਲਿੰਗ ਯੂਨਿਟ ਦੀ ਸਥਾਪਨਾ ਲਈ 51.17 ਲੱਖ ਰੁਪਏ ਦੀ ਗ੍ਰਾਂਟ ਪ੍ਰਦਾਨ ਕਰੇਗਾ, ਜਿਸ ਨਾਲ ਕੋਕੂਨ ਤੋਂ ਰੇਸ਼ਮ ਦੇ ਧਾਗੇ ਬਣਾਏ ਜਾਣਗੇ।ਉਨ੍ਹਾਂ ਕਿਹਾ ਕਿ ਇਹ ਯੂਨਿਟ ਕਿਸਾਨਾਂ ਦੀ ਆਮਦਨ ਵਿੱਚ ਮਹੱਤਵਪੂਰਨ ਵਾਧਾ ਕਰੇਗਾ ਅਤੇ ਬਹੁਤ ਲਾਹੇਵੰਦ ਸਾਬਿਤ ਹੋਵੇਗਾ।ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਦੀ 'ਫ਼ੇਜ਼ ਯੋਜਨਾ' ਕਲੱਸਟਰ ਪਹੁੰਚ ਨੂੰ ਉਤਸ਼ਾਹਿਤ ਕਰੇਗੀ, ਜੋ ਕਿਸਾਨਾਂ ਨੂੰ ਖੇਤੀ-ਕਾਰੋਬਾਰੀ ਉਦਮੀ ਬਣਨ ਲਈ ਸਿੱਖਿਅਤ ਅਤੇ ਸਿਖਲਾਈ ਦੇਣ ਤੇ ਕੇਂਦ੍ਰਿਤ ਹੈ।ਇਸ ਨੂੰ ਸਮਰਥਨ ਦੇਣ ਲਈ ਅੰਤਰਰਾਜੀ ਅਧਿਐਨ ਟੂਰ ਕਰਵਾਏ ਜਾਣਗੇ, ਜਿਸ ਵਿੱਚ ਐੱਚਡੀਐੱਫਸੀ ਬੈਂਕ ਦਾ ਸੀਐੱਸਆਰ ਪ੍ਰੋਗਰਾਮ ਸਹਾਇਤਾ ਪ੍ਰਦਾਨ ਕਰੇਗਾ।ਇਹ ਪਹਿਲਕਦਮੀ ਰੇਸ਼ਮ ਦੀ ਖੇਤੀ ਨੂੰ ਹੁਲਾਰਾ ਦੇਣ ਅਤੇ ਪੰਜਾਬ ਦੇ ਪੇਂਡੂ ਖੇਤਰਾਂ ਦੇ ਆਰਥਿਕ ਵਿਕਾਸ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਨਵਾਂ ਜ਼ਮਾਨਾ
ਸੋਮਵਾਰ, 10 ਫ਼ਰਵਰੀ 2025

# ਧੀ ਨਾਲ ਇਹ ਸਲੂਕ

*17 ਅਕਤੂਬਰ 1973 ਨੂੰ ਮੁੰਬਈ 'ਚ ਦਰਮਿਆਨੇ ਤਬਕੇ ਦੇ ਪਰਵਾਰ ਵਿੱਚ ਜਨਮ ਲੈਣ ਵਾਲੀ ਛਮਾ ਸਾਵੰਤ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰਕੇ ਉੱਚ ਸਿੱਖਿਆ ਹਾਸਲ ਕਰਨ ਲਈ ਅਮਰੀਕਾ ਚਲੇ ਗਈ ਸੀ, ਜਿੱਥੇ ਉਸ ਨੇ ਨਾਰਥ ਕੈਰੋਲਾਈਨਾ ਸਟੇਟ ਯੂਨੀਵਰਸਿਟੀ ਤੋਂ ਮਾਸਟਰ ਦੀ ਡਿਗਰੀ ਹਾਸਲ ਕੀਤੀ। ਅਮਰੀਕਾ 'ਚ ਰਹਿੰਦਿਆਂ ਉਸ ਨੇ ਸਮਾਜੀ ਨਿਆਂ ਤੇ ਮਜ਼ਦੂਰਾਂ ਦੇ ਹੱਕਾਂ ਦੇ ਮੁੱਦਿਆਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਸੋਸ਼ਲਿਸਟ ਅਲਟਰਨੇਟਿਵ ਨਾਂਅ ਦੀ ਜਥੇਬੰਦੀ ਨਾਲ ਕੀਤੀ, ਜਿਹੜੀ ਕਿ ਸਮਾਜਵਾਦੀ ਵਿਚਾਰਧਾਰਾ ਨੂੰ ਬੜ੍ਹਾਵਾ ਦਿੰਦੀ ਹੈ ਅਤੇ ਪੂੰਜੀਵਾਦ ਦੇ ਖਿਲਾਫ ਸੰਘਰਸ਼ ਕਰਦੀ ਹੈ। 2013 ਵਿੱਚ ਉਹ ਸਿਆਟਲ ਸਿਟੀ ਕੌਂਸਲ ਦੀ ਮੈਂਬਰ ਚੁਣੀ ਗਈ। ਉਸ ਨੇ ਆਪਣੇ ਕਾਰਜਕਾਲ ਦੌਰਾਨ ਘੱਟੋ-ਘੱਟ ਮਜ਼ਦੂਰੀ ਵਧਾਉਣ, ਮਕਾਨ ਕਿਰਾਇਆਂ 'ਤੇ ਕੰਟਰੋਲ ਤੇ ਮਜ਼ਦੂਰਾਂ ਦੇ ਹੱਕਾਂ ਲਈ ਕਈ ਅਹਿਮ ਕਦਮ ਚੁੱਕੇ। 2020 ਵਿੱਚ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਤੇ ਕੌਮੀ ਨਾਗਰਿਕ ਰਜਿਸਟਰ (ਐੱਨ ਆਰ ਸੀ) ਖਿਲਾਫ ਛਮਾ ਸਾਵੰਤ ਦੀ ਅਗਵਾਈ 'ਚ ਸਿਆਟਲ ਨਗਰ ਕੌਂਸਲ ਵਿੱਚ ਮਤਾ ਪਾਸ ਕੀਤਾ ਗਿਆ। ਅਮਰੀਕਾ 'ਚ ਇਸ ਤਰ੍ਹਾਂ ਦਾ ਇਹ ਪਹਿਲਾ ਕਦਮ ਸੀ। ਇਸ ਮਤੇ ਦੀ ਸੈਂਕੜੇ ਹਿੰਦੂਆਂ, ਮੁਸਲਮਾਨਾਂ, ਇਸਾਈਆਂ ਤੇ ਵੱਖ-ਵੱਖ ਅਮਰੀਕੀ ਮਜ਼ਦੂਰ ਜਥੇਬੰਦੀਆਂ ਨੇ ਹਮਾਇਤ ਕੀਤੀ। ਮੋਦੀ ਸਰਕਾਰ ਇਸ ਤੋਂ ਕਾਫੀ ਨਰਾਜ਼ ਹੋਈ। ਅਮਰੀਕਾ 'ਚ ਭਾਰਤੀ ਕੌਂਸਲਖਾਨੇ ਨੇ ਮਤੇ 'ਤੇ ਵੋਟਿੰਗ ਰੁਕਵਾਉਣ ਦੀ ਵੀ ਕੋਸ਼ਿਸ਼ ਕੀਤੀ ਸੀ। 2020 ਵਿੱਚ ਹੀ ਛਮਾ ਨੇ ਸਿਆਟਲ ਨਗਰ ਕੌਂਸਲ ਵਿੱਚ ਜਾਤੀ ਵਿਤਕਰੇ ਖਿਲਾਫ ਮਤਾ ਪਾਸ ਕਰਵਾਇਆ। ਜਦੋਂ ਨਾਂਅ ਨਾਲ ਜਾਤ ਜੋੜਨ ਦੀ ਗੱਲ ਚੱਲੀ ਤਾਂ ਛਮਾ ਸਾਵੰਤ ਨੇ ਜਾਤ-ਵਿਰੋਧੀ ਜਥੇਬੰਦੀਆਂ ਨਾਲ ਮਿਲ ਕੇ ਸੰਘਰਸ਼ ਕੀਤਾ। ਉੱਥੇ ਰਹਿੰਦੇ ਆਰ ਐੱਸ ਐੱਸ ਤੇ ਭਾਜਪਾ ਹਮਾਇਤੀ ਇਸ ਮਤੇ ਦੇ ਵਿਰੁੱਧ ਸਨ। ਸਿਆਟਲ ਨਗਰ ਕੌਂਸਲ ਨੇ ਮੋਦੀ ਸਰਕਾਰ ਵੱਲੋਂ ਲਿਆਂਦੇ ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ ਵੀ ਮਤਾ ਪਾਸ ਕੀਤਾ। ਸਾਵੰਤ ਦੀ ਸੋਚ ਹੈ ਕਿ ਜਦੋਂ ਤੁਸੀਂ ਇੱਕ ਮਾਰਕਸਵਾਦੀ, ਇੱਕ ਸਮਾਜਵਾਦੀ ਤੇ ਮਿਹਨਤਕਸ਼ ਵਰਗਾਂ ਦੇ ਲੋਕਾਂ ਲਈ ਲੜਨ ਵਾਲੇ ਵਿਅਕਤੀ ਬਣ ਜਾਂਦੇ ਹੋ ਤਾਂ ਕੌਮਾਂਤਰੀ ਪੱਧਰ 'ਤੇ ਸਥਾਪਤੀ ਦਾ ਹਰ ਵਿੰਗ ਦੁਸ਼ਮਣ ਬਣ ਜਾਂਦਾ ਹੈ, ਚਾਹੇ ਉਹ ਅਮਰੀਕਾ 'ਚ ਹੋਵੇ ਜਾਂ ਭਾਰਤ 'ਚ।*

*ਛਮਾ ਦੀ ਮਾਂ ਬੇਂਗਲੂਰੂ ਰਹਿੰਦੀ ਹੈ ਤੇ ਕਾਫੀ ਬਿਮਾਰ ਹੈ। ਛਮਾ ਨੇ ਪਿਛਲੇ ਸਾਲ 26 ਜੂਨ ਤੋਂ 15 ਜੁਲਾਈ ਤੱਕ ਲਈ ਈ-ਵੀਜ਼ੇ ਲਈ ਅਰਜ਼ੀ ਦਿੱਤੀ ਸੀ। ਵਿਦੇਸ਼ੀਆਂ ਨੂੰ ਸੈਰਸਪਾਟਾ, ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਮਿਲਣ, ਇਲਾਜ ਤੇ ਘੱਟ ਸਮੇਂ ਦੇ ਯੋਗਾ ਪ੍ਰੋਗਰਾਮਾਂ ਲਈ ਈ-ਵੀਜ਼ਾ ਦਿੱਤਾ ਜਾਂਦਾ ਹੈ। ਭਾਰਤ ਸਰਕਾਰ ਨੇ ਬਿਨਾਂ ਕੋਈ ਕਾਰਨ ਦੱਸੇ 26 ਮਈ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ। ਫਿਰ ਅਪਲਾਈ ਕੀਤਾ ਤਾਂ ਉਸ ਦੇ ਪਤੀ ਨੂੰ ਵੀਜ਼ਾ ਦੇ ਦਿੱਤਾ ਗਿਆ, ਪਰ ਛਮਾ ਨੂੰ ਫਿਰ ਬਿਨਾਂ ਕੋਈ ਕਾਰਨ ਦੱਸੇ ਨਾਂਹ ਕਰ ਦਿੱਤੀ ਗਈ। ਛਮਾ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਵੀ ਪੱਤਰ ਲਿਖ ਚੁੱਕੀ ਹੈ ਕਿ ਉਸ ਦਾ ਮਾਂ ਕੋਲ ਹੋਣਾ ਜ਼ਰੂਰੀ ਹੈ, ਪਰ ਕੋਈ ਜਵਾਬ ਨਹੀਂ ਮਿਲਿਆ। 'ਸਬਕਾ ਸਾਥ, ਸਬਕਾ ਵਿਕਾਸ ਤੇ ਸਬਕਾ ਵਿਸ਼ਵਾਸ' ਦੇ ਨਾਅਰੇ ਲਾਉਣ ਵਾਲੀ ਮੋਦੀ ਸਰਕਾਰ ਦੀ ਸੋਚ ਦਾ ਛਮਾ ਸਾਵੰਤ ਦੇ ਮਾਮਲੇ ਤੋਂ ਪਤਾ ਲੱਗ ਜਾਂਦਾ ਹੈ ਕਿ ਉਹ ਆਪਣੇ ਦੇਸ਼ ਦੀ ਧੀ 'ਤੇ ਕਿੰਨਾ ਵਿਸ਼ਵਾਸ ਕਰਦੀ ਹੈ। ਸਾਫ ਹੈ ਕਿ ਮੋਦੀ ਸਰਕਾਰ ਉਨ੍ਹਾਂ ਲੋਕਾਂ ਦੇ ਖਿਲਾਫ ਹੈ, ਜਿਹੜੇ ਜਾਤੀ ਵਿਤਕਰੇ ਖਿਲਾਫ ਲੜ ਰਹੇ ਹਨ, ਉਹ ਭਾਰਤ 'ਚ ਜਾਂ ਦੁਨੀਆ ਦੇ ਕਿਸੇ ਹੋਰ ਦੇਸ਼ 'ਚ।*

## ਪਾਠਕ-ਸੱਥ

### ਅਵਾਰਾ ਕੁੱਤਿਆਂ ਦੀ ਸਮੱਸਿਆ

ਆਏ ਦਿਨ ਅਖ਼ਬਾਰਾਂ ਵਿੱਚ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ ਕਿ ਅਵਾਰਾ ਕੁੱਤਿਆਂ ਨੇ ਲੋਕਾਂ ਨੂੰ ਵੱਢ ਲਿਆ । ਹਾਲ ਹੀ ਵਿੱਚ ਮੁੱਲਾਂਪੁਰ ਦਾਖਾਂ ਵਿਖੇ ਘਰ ਬਾਹਰ ਖੜ੍ਹੇ 11 ਸਾਲ ਦੇ ਬੱਚੇ ਨੂੰ ਕੁੱਤਿਆਂ ਨੇ ਨੋਚ-ਨੋਚ ਕੇ ਖਾ ਲਿਆ। ਪ੍ਰਸ਼ਾਸਨ ਕੁੰਭਕਰਨੀ ਨੀਂਦ ਸੌਂ ਰਿਹਾ ਹੈ । ਕੁਝ ਦਿਨ ਪਹਿਲਾਂ ਖੰਨਾ ਸ਼ਹਿਰ ਵਿੱਚ ਦੋ ਸਾਲਾਂ ਦੇ ਬੱਚੇ ਨੂੰ ਕੁੱਤਿਆਂ ਨੇ ਨੋਚ ਲਿਆ । ਹਾਲ ਹੀ ਵਿੱਚ ਅੰਮ੍ਰਿਤਸਰ ਵਿਖੇ ਅਵਾਰਾ ਕੁੱਤਿਆਂ ਨੇ ਦੋ ਸਾਲਾ ਮਾਸੂਮ ਨੂੰ ਚੁੱਕਿਆ ਤੇ ਕਿਤੇ ਦੂਰ ਲੈ ਗਏ ਤੇ ਉੱਥੇ ਨੋਚ-ਨੋਚ ਕੇ ਮਾਰ ਦਿੱਤਾ । ਕੁੱਤਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ । ਝੁੰਡ ਦੇ ਝੁੰਡ ਬਣਾ ਕੇ ਇਹ ਅਵਾਰਾ ਕੁੱਤੇ ਗਲੀਆਂ, ਸ਼ਹਿਰਾਂ ਵਿੱਚ ਘੁੰਮਦੇ ਹਨ। ਪਾਰਕਾਂ ਵਿੱਚ ਤਾਂ ਲੋਕਾਂ ਦਾ ਸੈਰ ਕਰਨਾ ਮੁਸ਼ਕਲ ਹੋ ਗਿਆ ਹੈ । ਰਾਤ ਨੂੰ ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਂਦੀ ਹੈ, ਜਦੋਂ ਰਾਹਗੀਰ ਆਪਣੇ ਘਰ ਨੂੰ ਆ ਰਿਹਾ ਹੁੰਦਾ ਹੈ ਤਾਂ ਇਹ ਅਵਾਰਾ ਕੁੱਤੇ ਝੁੰਡ ਬਣਾ ਕੇ ਉਸ 'ਤੇ ਹਮਲਾ ਕਰ ਦਿੰਦੇ ਹਨ ਤੇ ਕੋਈ ਨਾ ਕੋਈ ਘਟਨਾ ਵਾਪਰ ਜਾਂਦੀ ਹੈ। ਸਾਰਾ ਦਿਨ ਹੱਡਾ ਰੋੜੀਆਂ ਵਿੱਚ ਇਹ ਅਵਾਰਾ ਕੁੱਤੇ ਜਾਨਵਰਾਂ ਦਾ ਮਾਸ ਖਾਂਦੇ ਹਨ ਤੇ ਫਿਰ ਲੋਕਾਂ ਨੂੰ ਵੱਢਦੇ ਹਨ । ਰਾਹਗੀਰ ਆਪਣੇ ਕਿਸੇ ਕੰਮ ਲਈ ਜਾਂਦੇ ਹਨ ਤਾਂ ਉਨ੍ਹਾਂ ਨੂੰ ਅਵਾਰਾ ਕੁੱਤਿਆਂ ਦਾ ਖੌਫ ਸਤਾਉਂਦਾ ਰਹਿੰਦਾ ਹੈ। ਇਨ੍ਹਾਂ ਨੇ ਪਸ਼ੂਆਂ ਨੂੰ ਵੀ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪਿੱਛੇ ਜਿਹੇ ਕਿਸੇ ਪ੍ਰਸ਼ਾਸਨਿਕ ਅਧਿਕਾਰੀ ਦੀ ਘਰਵਾਲੀ ਨੂੰ ਕੁੱਤੇ ਨੇ ਖਾ ਲਿਆ । ਹਾਲਾਂਕਿ ਆਵਾਰਾ ਕੁੱਤਿਆਂ ਨੂੰ ਮਾਰਨ 'ਤੇ ਪਾਬੰਦੀ ਹੈ। ਟੈਲੀਵਿਜ਼ਨਾਂ ਤੇ ਹਰ ਪਾਰਟੀ ਦਾ ਨੁਮਾਇੰਦਾ ਬਹਿਸ ਤਾਂ ਬੜੀ ਵਧੀਆ ਕਰ ਲੈਂਦਾ ਹੈ, ਪਰ ਕਿਉਂ ਅਜਿਹੇ ਮੁੱਦਿਆਂ 'ਤੇ ਬਹਿਸ ਨਹੀਂ ਕੀਤੀ ਜਾਂਦੀ। ਜਿਹੜੇ ਵੀ ਅਸੀਂ ਨੁਮਾਇੰਦੇ ਚੁਣ ਕੇ ਲੋਕ ਸਭਾ ਜਾਂ ਵਿਧਾਨ ਸਭਾ ਵਿੱਚ ਭੇਜਦੇ ਹਨ, ਉੱਥੇ ਇਹ ਅਜਿਹੇ ਮੁੱਦੇ ਕਿਉਂ ਨਹੀਂ ਉਠਾਉਂਦੇ । ਆਖਰ ਕਦੋਂ ਤੱਕ ਲੋਕਾਂ ਨੂੰ ਆਵਾਰਾ ਕੁੱਤੇ ਵੱਢਦੇ ਰਹਿਣਗੇ। ਚਲੋ ਕੁੱਤਿਆਂ ਨੂੰ ਮਾਰ ਨਹੀਂ ਸਕਦੇ, ਪਰ ਇਨ੍ਹਾਂ ਦੀ ਨਸਬੰਦੀ ਤਾਂ ਕਰਵਾ ਸਕਦੇ ਹਾਂ। ਤਾਂ ਕਿ ਇਨ੍ਹਾਂ ਦੀ ਜਨਸੰਖਿਆ ਹੋਰ ਨਾ ਵਧ ਸਕੇ। ਸੂਬਾ ਸਰਕਾਰਾਂ ਨੂੰ ਕੇਂਦਰ ਸਰਕਾਰਾਂ ਨਾਲ ਮਿਲ ਕੇ ਕੋਈ ਠੋਸ ਨੀਤੀ ਲਿਆਉਣ ਦੀ ਜ਼ਰੂਰਤ ਹੈ ।

**-ਸੰਜੀਵ ਸਿੰਘ ਸੈਣੀ, ਮੋਹਾਲੀ**

### ਪੰਜਾਬ ਦੇ ਪਿੰਡਾਂ 'ਚ ਸਿੱਖਿਆ ਪ੍ਰਬੰਧ ਦੀ ਸਥਿਤੀ

ਪੰਜਾਬ ਦੇ ਪਿੰਡਾਂ ਵਿੱਚ ਸਿੱਖਿਆ ਪ੍ਰਬੰਧ ਦੀ ਸਥਿਤੀ ਅਜੇ ਵੀ ਕਈ ਚੁਣੌਤੀਆਂ ਅਤੇ ਮੌਕਿਆਂ ਨਾਲ ਭਰਪੂਰ ਹੈ ।ਹਾਲਾਂਕਿ ਸਿੱਖਿਆ ਦੇ ਮੈਦਾਨ ਵਿੱਚ ਕਈ ਸੁਧਾਰ ਹੋਏ ਹਨ, ਪਰ ਪਿੰਡਾਂ ਵਿੱਚ ਸਿੱਖਿਆ ਦਾ ਮਿਆਰ ਸ਼ਹਿਰੀ ਖੇਤਰਾਂ ਦੀ ਤੁਲਨਾ ਕਰ ਪਿੱਛੇ ਦਿਖਾਈ ਦਿੰਦਾ ਹੈ । ਸਰਕਾਰੀ ਸਕੂਲਾਂ ਵਿੱਚ ਅਕਸਰ ਬੁਨਿਆਦੀ ਸੁਵਿਧਾਵਾਂ ਦੀ ਕਮੀ ਹੋਣ ਕਰਕੇ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਹੁੰਦੀ ਹੈ। ਬਹੁਤ ਸਾਰੇ ਪਿੰਡਾਂ ਵਿੱਚ ਅਧਿਆਪਕਾਂ ਦੀ ਕਮੀ ਇੱਕ ਮੁੱਖ ਚੁਣੌਤੀ ਬਣੀ ਹੋਈ ਹੈ, ਜਿਸ ਨਾਲ ਵਿਦਿਆਰਥੀਆਂ ਦੀ ਸਿੱਖਣ ਦੀ ਪ੍ਰਕਿਰਿਆ ਵਿੱਚ ਰੁਕਾਵਟ ਆਉਂਦੀ ਹੈ ।ਇਸ ਦੇ ਨਾਲ ਹੀ, ਪਛੜੇ ਖੇਤਰਾਂ ਵਿੱਚ ਕਈ ਪਰਵਾਰ ਆਪਣੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਦੀ ਮਹੱਤਤਾ ਨੂੰ ਨਹੀਂ ਸਮਝਦੇ, ਜਿਸ ਕਰਕੇ ਵਿਦਿਆਰਥੀਆਂ ਦੀ ਸੰਖਿਆ ਵੀ ਘੱਟ ਰਹਿੰਦੀ ਹੈ । ਕਈ ਵਾਰ ਬੱਚਿਆਂ ਨੂੰ ਛੋਟੀ ਉਮਰ 'ਚ ਹੀ ਮਜ਼ਦੂਰੀ ਜਾਂ ਖੇਤੀ ਦੇ ਕੰਮਾਂ ਵਿੱਚ ਜੋੜ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਪੜ੍ਹਾਈ ਲਈ ਆਧੁਨਿਕ ਟੈਕਨਾਲੋਜੀ ਜਾਂ ਡਿਜੀਟਲ ਮਾਧਿਅਮਾਂ ਦੀ ਪਹੁੰਚ ਵੀ ਘੱਟ ਹੈ, ਜੋ ਕਿ ਸਮਰੱਥ ਸਿੱਖਿਆ ਪ੍ਰਬੰਧ ਲਈ ਬਹੁਤ ਜ਼ਰੂਰੀ ਹੈ।ਇਨ੍ਹਾਂ ਚੁਣੌਤੀਆਂ ਦੇ ਬਾਵਜੂਦ, ਸਰਕਾਰ ਅਤੇ ਕਈ ਗੈਰ-ਸਰਕਾਰੀ ਸੰਸਥਾਵਾਂ ਪਿੰਡਾਂ ਵਿੱਚ ਸਿੱਖਿਆ ਦੇ ਪ੍ਰਚਾਰ ਲਈ ਉਪਰਾਲੇ ਕਰ ਰਹੀਆਂ ਹਨ । ਆਧੁਨਿਕ ਸਕੂਲਾਂ ਦੀ ਸਥਾਪਨਾ, ਅਧਿਆਪਕਾਂ ਦੀ ਭਰਤੀ ਅਤੇ ਸਿੱਖਿਆ ਦੇ ਮਿਆਰ ਨੂੰ ਉਚਿਤ ਬਣਾਉਣ ਲਈ ਕਈ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਸਿੱਖਿਆ ਪ੍ਰਬੰਧ ਨੂੰ ਮਜ਼ਬੂਤ ਬਣਾਉਣ ਲਈ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨੀ ਜ਼ਰੂਰੀ ਹੈ, ਤਾਂ ਜੋ ਪਿੰਡਾਂ ਦੇ ਬੱਚੇ ਵੀ ਅੱਗੇ ਆ ਸਕਣ ਅਤੇ ਆਪਣਾ ਭਵਿੱਖ ਸੁਧਾਰ ਸਕਣ।

**ਅਮਨਦੀਪ ਕੌਰ, ਸੰਗਰੂਰ**

# ਗ਼ੈਰ-ਕਾਨੂੰਨੀ ਭਾਰਤੀਆਂ ਨੂੰ ਵਾਪਸ ਭੇਜਣਾ ਭਾਰਤ ਦਾ ਅਪਮਾਨ, ਅਮਰੀਕਾ ਦਾ ਗੁਮਾਨ

**ਉਜਾਗਰ ਸਿੰਘ**

ਅਮਰੀਕਾ ਨੇ 104 ਗ਼ੈਰ-ਕਾਨੂੰਨੀ ਤੌਰ 'ਤੇ ਗਏ ਭਾਰਤੀਆਂ ਨੂੰ ਬੇਇੱਜ਼ਤ ਢੰਗ ਨਾਲ ਵਾਪਸ ਭੇਜ ਦਿੱਤਾ ਹੈ, 487 ਹੋਰ ਭਾਰਤੀਆਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ। ਇਸ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ 12 ਫਰਵਰੀ ਨੂੰ ਅਮਰੀਕਾ ਜਾ ਰਹੇ ਹਨ ਉਨ੍ਹਾਂ ਨੂੰ ਆਪਣੇ ਦੋਸਤ ਡੋਨਾਲਡ ਟਰੰਪ ਨਾਲ ਹੱਥਕੜੀਆਂ ਅਤੇ ਬੇੜੀਆਂ ਪਹਿਨਾ ਕੇ ਵਾਪਸ ਭੇਜਣ ਤੋਂ ਰੋਕਣ ਲਈ ਗੱਲਬਾਤ ਕਰਨੀ ਚਾਹੀਦੀ ਹੈ। ਗ਼ੈਰ-ਕਾਨੂੰਨੀ ਤੌਰ 'ਤੇ ਏਜੰਟਾਂ ਦੇ ਧੱਕੇ ਚੜ੍ਹ ਕੇ ਅਮਰੀਕਾ ਗਏ ਭਾਰਤੀਆਂ ਨੂੰ ਅਮਰੀਕਾ ਦਾ ਭਾਰਤ ਵਿੱਚ ਫ਼ੌਜ ਦੇ ਜਹਾਜ਼ ਰਾਹੀਂ ਹੱਥਕੜੀਆਂ, ਲੱਕ ਅਤੇ ਪੈਰਾਂ ਵਿੱਚ ਬੇੜੀਆਂ ਬੰਨ੍ਹ ਕੇ ਵਾਪਸ ਭੇਜਣਾ, ਅੱਜ-ਕੱਲ੍ਹ ਸਮੁੱਚੇ ਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਉਂ ਲੱਗ ਰਿਹਾ ਸੀ, ਜਿਵੇਂ ਇਨ੍ਹਾਂ ਨੇ ਕੋਈ ਘੋਰ ਅਪਰਾਧ ਕੀਤਾ ਹੋਵੇ, ਪ੍ਰੰਤੂ ਅਸਲੀਅਤ ਇਹ ਨਹੀਂ ਸੀ। ਦੇਸ਼ ਦੀ ਜਨਤਾ ਭਾਰਤ ਦਾ ਅਪਮਾਨ ਹੋਇਆ ਮਹਿਸੂਸ ਕਰ ਰਹੀ ਹੈ। ਫ਼ੌਜ ਦੇ ਜਹਾਜ਼ ਦੇਸ਼ ਦੀ ਸੁਰੱਖਿਆ ਲਈ ਫ਼ੌਜ ਵੱਲੋਂ ਵਰਤੇ ਜਾਂਦੇ ਹਨ। ਕਿਸੇ ਖਾਸ ਹਾਲਤ ਵਿੱਚ ਸੁਰੱਖਿਆ ਕਾਰਨਾਂ ਕਰਕੇ ਦੇਸ਼ ਦੇ ਸਰਵਉੱਚ ਵਿਅਕਤੀਆਂ ਲਈ ਵੀ ਵਰਤੇ ਜਾਂਦੇ ਹਨ। ਵੈਸੇ ਏਨੇ ਵੱਡੇ ਜਹਾਜ਼ਾਂ ਦੀ ਫ਼ੌਜ ਦਾ ਸਾਮਾਨ ਟੈਂਕਾਂ ਵਗੈਰਾ ਦੀ ਢੋਆ-ਢੁਆਈ ਲਈ ਵਰਤੋਂ ਕੀਤੀ ਜਾਂਦੀ ਹੈ।

ਇਹ ਵੀ ਪਤਾ ਲੱਗਾ ਹੈ ਕਿ ਇਸ ਜਹਾਜ਼ ਵਿੱਚ ਸੀਟਾਂ ਨਹੀਂ ਸਨ, ਭਾਰਤੀਆਂ ਨੂੰ ਫਰਸ਼ 'ਤੇ ਬਿਠਾਇਆ ਗਿਆ ਸੀ, ਜੇ ਇਹ ਸੱਚ ਹੈ ਤਾਂ ਬਹੁਤ ਮਾੜੀ ਗੱਲ ਹੈ। ਹੱਥਾਂ ਵਿੱਚ ਹੱਥਕੜੀਆਂ, ਲੱਕਾਂ ਅਤੇ ਪੈਰਾਂ ਵਿੱਚ ਬੇੜੀਆਂ ਲੱਗੀਆਂ ਹੋਈਆਂ ਸਨ। ਵਾਸ਼ਰੂਮ ਜਾਣ ਸਮੇਂ ਵੀ ਇਹ ਖੋਲ੍ਹੀਆਂ ਨਹੀਂ ਜਾਂਦੀਆਂ ਸਨ, ਅਜਿਹੇ ਹਾਲਾਤ ਵਿੱਚ ਵਾਸ਼ ਰੂਮ ਜਾਣ ਲਈ ਵੀ ਸਮੱਸਿਆ ਪੈਦਾ ਹੁੰਦੀ ਰਹੀ ਹੈ। 40 ਘੰਟੇ ਦਾ ਸਫਰ ਬਹੁਤ ਹੀ ਬੇਇੰਤਜ਼ਾਮੀ ਵਾਲਾ ਤੇ ਅਣਮਨੁੱਖੀ ਰਿਹਾ, ਇੱਕ-ਦੂਜੇ ਨਾਲ ਗੱਲ ਕਰਨ ਅਤੇ ਫਿਰਨ-ਤੁਰਨ ਦੀ ਮਨਾਹੀ ਸੀ। ਭਾਰਤੀਆਂ ਵਿੱਚ 72 ਮਰਦ, 19 ਇਸਤਰੀਆਂ ਅਤੇ 13 ਬੱਚੇ ਸ਼ਾਮਲ ਸਨ। ਵੈਸੇ ਅਮਰੀਕਾ ਦਾ ਕਾਨੂੰਨ ਅਮਰੀਕਾ ਵਿੱਚ ਪਹੁੰਚੇ ਵਿਅਕਤੀ ਨੂੰ ਇਸ ਪ੍ਰਕਾਰ ਵਾਪਸ ਭੇਜਣ ਦੀ ਇਜਾਜ਼ਤ ਨਹੀਂ ਦਿੰਦਾ। ਜਿਹੜਾ ਵੀ ਵਿਅਕਤੀ ਇੱਕ ਵਾਰ ਅਮਰੀਕਾ ਵਿੱਚ ਪਹੁੰਚ ਜਾਂਦਾ, ਉਸ ਨੂੰ ਓਨੀ ਦੇਰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ, ਜਿੰਨੀ ਦੇਰ ਉਹ ਕੋਈ ਕਰਾਈਮ ਨਹੀਂ ਕਰਦਾ। ਇਨ੍ਹਾਂ ਭਾਰਤੀਆਂ ਨੂੰ ਤਾਂ ਉਥੇ ਗਿਆਂ ਨੂੰ ਅਜੇ ਬਹੁਤ ਥੋੜ੍ਹਾ ਸਮਾਂ ਹੋਇਆ ਸੀ। ਅਮਰੀਕਾ ਦੇ ਕਾਨੂੰਨ ਅਨੁਸਾਰ ਇਨ੍ਹਾਂ ਨੂੰ ਕਚਹਿਰੀ ਵਿੱਚ ਆਪਣੇ ਕੇਸ ਕਰਨ ਦੀ ਇਜਾਜ਼ਤ ਹੁੰਦੀ ਹੈ। ਇਹ ਲੋਕਾਂ ਨੇ ਅਜੇ ਅਪਲਾਈ ਕਰਨਾ ਸੀ, ਪ੍ਰੰਤੂ ਇਨ੍ਹਾਂ ਨੂੰ ਅਪਲਾਈ ਕਰਨ ਹੀ ਨਹੀਂ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਇਹ ਸਾਰਾ ਕੁਝ ਟਰੰਪ ਦੇ ਜ਼ੁਬਾਨੀ-ਕਲਾਮੀ ਹੁਕਮਾਂ ਨਾਲ ਚੱਲਦਾ ਹੈ। ਵਾਪਸ ਤਾਂ ਉਹ ਭੇਜ ਸਕਦੇ ਹਨ, ਪ੍ਰੰਤੂ ਕਚਹਿਰੀ ਵਿੱਚ ਕੇਸ ਖ਼ਾਰਜ ਹੋਣ ਤੋਂ ਬਾਅਦ।

ਸਿਆਸੀ ਪਾਰਟੀਆਂ ਅਜਿਹੇ ਨਾਜ਼ੁਕ ਤੇ ਸੰਵੇਦਨਸ਼ੀਲ ਮੁੱਦੇ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਿੱਚ ਪਿੱਛੇ ਨਹੀਂ ਹਟ ਰਹੀਆਂ, ਸਗੋਂ ਉਨ੍ਹਾਂ ਲਈ ਨਰਿੰਦਰ ਮੋਦੀ ਦੀ ਸਰਕਾਰ ਨੂੰ ਘੇਰਨ ਲਈ ਜਿਵੇਂ ਸੁੰਢ ਦੀ ਗੱਠੀ ਦੀ ਕਹਾਵਤ ਦੀ ਤਰ੍ਹਾਂ ਨਵਾਂ ਮੁੱਦਾ ਮੁੱਦਤ ਬਾਅਦ ਲੱਭਿਆ ਹੋਵੇ। ਵੈਸੇ ਉਨ੍ਹਾਂ ਦਾ ਵਿਰੋਧ ਕਰਨਾ ਜਾਇਜ਼ ਵੀ ਲੱਗਦਾ ਹੈ, ਕਿਉਂਕਿ ਦੇਸ਼ ਦੇ ਨਾਗਰਿਕਾਂ ਦੇ ਮਾਣ-ਸਨਮਾਨ ਦਾ ਮੁੱਦਾ ਹੈ। ਭਾਰਤ ਦੇ ਸਵੈਮਾਨ ਨੂੰ ਆਂਚ ਆਈ ਹੈ। ਭਾਰਤ ਸਰਕਾਰ ਨੂੰ ਵੀ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ ਕਿ ਭਾਰਤੀਆਂ ਨਾਲ ਅਜਿਹਾ ਵਿਵਹਾਰ ਕਿਉਂ ਹੋਇਆ? ਜਦੋਂ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੋਵੇਂ ਇੱਕ-ਦੂਜੇ ਨੂੰ ਆਪਣੇ ਮਿੱਤਰ ਕਹਿੰਦੇ ਹਨ। ਇੱਥੋਂ ਤੱਕ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਸ੍ਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਇੱਕ ਕਿਸਮ ਨਾਲ ਭਾਰਤ ਚੋਣ ਪ੍ਰਚਾਰ ਲਈ ਵੀ ਆਏ ਸਨ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੀ ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਚੋਣ ਸਮੇਂ ਮਦਦ ਕਰਨ ਲਈ ਅਮਰੀਕਾ ਵਿੱਚ ਭਾਰਤੀਆਂ ਦੇ ਇੱਕ ਜਲਸੇ ਨੂੰ ਸੰਬੋਧਨ ਕਰਕੇ ਆਏ ਸਨ, ਜਿੱਥੇ ਦੋਹਾਂ ਨੇਤਾਵਾਂ ਨੇ ਦੋਸਤੀ ਦੇ ਦਮਗਜੇ ਮਾਰੇ ਸਨ।

ਇਹ ਵੀ ਸਹੀ ਗੱਲ ਹੈ ਕਿ ਕਿਸੇ ਵੀ ਦੇਸ਼ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਉਥੇ ਪਹੁੰਚਣਾ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਉਸ ਦੇਸ਼ ਦਾ ਸੰਵਿਧਾਨ ਹੁੰਦਾ ਹੈ, ਉਸ ਅਨੁਸਾਰ ਉਹ ਗ਼ੈਰ-ਕਾਨੂੰਨੀ ਲੋਕਾਂ ਨੂੰ ਦੇਸ਼ ਨਿਕਾਲਾ ਦੇ ਸਕਦਾ ਹੈ, ਪ੍ਰੰਤੂ ਵਾਪਸ ਭੇਜਣ ਲਈ ਉਨ੍ਹਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਕਰਨੀ ਜ਼ਰੂਰੀ ਹੁੰਦੀ ਹੈ। ਖਾਸ ਤੌਰ 'ਤੇ ਅਮਰੀਕਾ ਵਰਗੇ ਦੇਸ਼ ਲਈ, ਜਿਹੜਾ ਮਨੁੱਖੀ ਅਧਿਕਾਰਾਂ ਦਾ ਆਪਣੇ ਆਪ ਨੂੰ ਰਖਵਾਲਾ ਸਮਝਦਾ ਹੋਇਆ ਦੁਨੀਆ ਦੇ ਹੋਰ ਦੇਸ਼ਾਂ ਵਿੱਚ ਜੇਕਰ ਮਨੁੱਖੀ ਹੱਕਾਂ ਦੀ ਉਲੰਘਣਾ ਹੁੰਦੀ ਹੈ ਤਾਂ ਤੁਰੰਤ ਦਖ਼ਲ ਦਿੰਦਾ ਰਹਿੰਦਾ ਹੈ। ਉਸ ਵੱਲੋਂ ਭਾਰਤੀਆਂ ਨੂੰ ਵਾਪਸ ਭੇਜਣ ਮੌਕੇ ਕੀਤਾ ਗਿਆ ਅਣਉਚਿੱਤ ਵਿਵਹਾਰ ਨਿੰਦਣਯੋਗ ਹੈ। ਅਮਰੀਕਾ ਦੇ ਭਾਰਤੀਆਂ ਨਾਲ ਕੀਤੇ ਗਏ ਵਿਵਹਾਰ ਦੇ ਸਿੱਟੇ ਵਜੋਂ ਸਮੁੱਚੇ ਭਾਰਤ ਵਿੱਚ ਰੋਸ ਦੀ ਲਹਿਰ ਦੌੜ ਗਈ ਹੈ। ਅਮਰੀਕਾ ਨੇ ਭਾਰਤੀਆਂ ਨੂੰ ਵਾਪਸ ਭੇਜਣ ਤੋਂ ਪਹਿਲਾਂ ਭਾਰਤ ਨਾਲ ਤਾਲਮੇਲ ਕੀਤਾ ਸੀ, ਕਿਉਂਕਿ ਕੁਝ ਦਿਨ ਪਹਿਲਾਂ ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਜੈ ਸ਼ੰਕਰ ਅਮਰੀਕਾ ਦੇ ਦੌਰੇ 'ਤੇ ਗਏ ਸਨ ਤੇ ਉਨ੍ਹਾਂ ਦਾ ਬਿਆਨ ਆਇਆ ਸੀ ਕਿ ਉਹ ਗ਼ੈਰ-ਕਾਨੂੰਨੀ ਭਾਰਤੀਆਂ ਨੂੰ ਵਾਪਸ ਲੈਣ ਲਈ ਤਿਆਰ ਹਨ। ਉਸ ਮੌਕੇ ਵਿਦੇਸ਼ ਮੰਤਰੀ ਨੂੰ ਅਮਰੀਕਾ ਨੂੰ ਕਹਿਣਾ ਚਾਹੀਦਾ ਸੀ ਕਿ ਉਹ ਖ਼ੁਦ ਗ਼ੈਰ-ਕਾਨੂੰਨੀ ਭਾਰਤੀਆਂ ਨੂੰ ਆਪਣੇ ਜਹਾਜ਼ ਵਿੱਚ ਸਤਿਕਾਰ ਸਹਿਤ ਵਾਪਸ ਲੈ ਜਾਣਗੇ। ਹੁਣ ਸ੍ਰੀ ਜੈ ਸੰਕਰ ਵਿਦੇਸ਼ ਮੰਤਰੀ ਜੀ ਦਾ ਇਹ ਕਹਿਣਾ ਕਿ ਭਾਰਤੀ ਸਾਡੇ ਸਨਮਾਨਯੋਗ ਨਾਗਰਿਕ ਹਨ, ਏਨੇ ਨਿਰਾਦਰ ਤੋਂ ਬਾਅਦ ਇੰਜ ਕਹਿਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਅਜੇ ਤਾਂ ਅਮਰੀਕਾ ਦੀ ਸਰਕਾਰ ਵੱਲੋਂ 20407 ਗ਼ੈਰ-ਕਾਨੂੰਨੀ ਭਾਰਤੀਆਂ ਦੀ ਕੀਤੀ ਪਛਾਣ ਵਿੱਚੋਂ 104 ਨੂੰ ਵਾਪਸ ਭੇਜ ਕੇ ਇੱਕ ਪੂਣੀ ਹੀ ਕੱਤੀ ਹੈ। ਬਾਕੀਆਂ ਦੀ ਵਾਪਸੀ ਸਮੇਂ ਕੇਂਦਰ ਸਰਕਾਰ ਨੂੰ ਆਪਣਾ ਜਹਾਜ਼ ਭੇਜਣਾ ਚਾਹੀਦਾ ਹੈ। ਸ੍ਰੀ ਜੈ ਸ਼ੰਕਰ ਬਿਊਰੋਕਰੇਟ ਤੋਂ ਬਣਿਆ ਸਿਆਸਤਦਾਨ ਹੈ, ਇਹੋ ਸ਼ੁਰੂ ਤੋਂ ਸਿਆਸਤ ਵਿੱਚ ਆਏ ਸਿਆਸਤਦਾਨ ਦਾ ਅੰਤਰ ਹੁੰਦਾ ਹੈ, ਬਿਊਰੋਕਰੇਟ ਸਿਰਫ ਉਸ ਦੇਸ਼ ਦੇ ਕਾਨੂੰਨਾਂ ਨੂੰ ਵੇਖਦਾ ਹੈ, ਆਪਣੇ ਦੇਸ਼ ਦੇ ਨਾਗਰਿਕਾਂ ਬਾਰੇ ਸੋਚਦਾ ਹੀ ਨਹੀਂ। ਇਹ ਹੋ ਸਕਦਾ ਜੇਕਰ ਕੋਈ ਸਿਆਸਤਦਾਨ ਵਿਦੇਸ਼ ਮੰਤਰੀ ਹੁੰਦਾ ਤਾਂ ਉਹ ਜ਼ਰੂਰ ਆਪਣੀਆਂ ਵੋਟਾਂ ਅਤੇ ਦੇਸ਼ ਦੇ ਨਾਗਰਿਕਾਂ ਦੇ ਹਿੱਤਾਂ ਦਾ ਧਿਆਨ ਰੱਖਦਾ। ਭਾਰਤ ਦੇ ਵਿਦੇਸ਼ ਮੰਤਰੀ ਕਹਿੰਦੇ ਹਨ ਕਿ 2012 ਤੋਂ ਵਾਪਸ ਭੇਜਣ ਦਾ ਕੰਮ ਅਮਰੀਕਾ ਕਰ ਰਿਹਾ ਹੈ, ਇਹ ਕੋਈ ਨਵਾਂ ਤੇ ਪਹਿਲੀ ਵਾਰ ਹੋਇਆ ਕੰਮ ਨਹੀਂ, ਪ੍ਰੰਤੂ ਉਨ੍ਹਾਂ ਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਪਹਿਲਾਂ ਜਿਹੜੇ ਭਾਰਤੀਆਂ ਨੂੰ ਭੇਜਿਆ ਗਿਆ ਹੈ, ਉਨ੍ਹਾਂ ਨੂੰ ਕਦੀ ਵੀ ਇਸ ਪ੍ਰਕਾਰ ਜ਼ੰਜੀਰਾਂ ਨਾਲ ਜਕੜ ਕੇ ਦੁਰਵਿਵਹਾਰ ਨਾਲ ਨਹੀਂ ਭੇਜਿਆ ਗਿਆ। ਭਾਰਤੀਆਂ ਨਾਲ ਏਨੀ ਜ਼ਬਰਦਸਤੀ, ਬਦਸਲੂਕੀ ਅਤੇ ਬੇਇਜ਼ਤੀ ਕਦੀ ਵੀ ਨਹੀਂ ਹੋਈ। ਅਮਰੀਕਾ ਸੰਸਾਰ ਦੇ ਹੋਰ ਦੇਸ਼ਾਂ ਦੇ ਗ਼ੈਰਕਾਨੂੰਨੀ ਨਾਗਰਿਕਾਂ ਨੂੰ ਵੀ ਵਾਪਸ ਭੇਜ ਰਹੀ ਹੈ। ਅਖ਼ਬਾਰਾਂ ਦੀਆਂ ਖ਼ਬਰਾਂ ਅਨੁਸਾਰ ਇੱਕ ਕੋਲੰਬੀਆ ਦੇਸ਼ ਨੇ ਅਮਰੀਕਾ ਦੇ ਜਹਾਜ਼ ਨੂੰ ਉਤਾਰਨ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਉਹ ਆਪਣੇ ਜਹਾਜ਼ ਵਿੱਚ ਮਾਣ-ਸਨਮਾਨ ਨਾਲ ਲੈ ਕੇ ਆਏ ਹਨ, ਫਿਰ ਭਾਰਤ ਅਜਿਹਾ ਕਿਉਂ ਨਹੀਂ ਕਰ ਸਕਿਆ?

ਭਾਰਤ ਨੂੰ ਪਰਵਾਸ ਵਿੱਚ ਗ਼ੈਰ-ਕਾਨੂੰਨੀ ਪਰਵਾਸ ਕਰਨ ਵਾਲੇ ਨੌਜਵਾਨਾਂ ਬਾਰੇ ਸੰਜੀਦਗੀ ਨਾਲ ਸੋਚਣਾ ਪਵੇਗਾ ਕਿ ਇਹ ਪਰਵਾਸ ਕਿਉਂ ਹੋ ਰਿਹਾ ਹੈ? ਪਰਵਾਸ ਵਿੱਚ ਵਹੀਰਾਂ ਘੱਤ ਕੇ ਜਾਣ ਦੇ ਬਹੁਤ ਸਾਰੇ ਕਾਰਨ ਹਨ। ਗ਼ੈਰ-ਕਾਨੂੰਨੀ ਪਰਵਾਸ ਪੰਜਾਬੀਆਂ ਵੱਲੋਂ ਗ਼ਦਰੀ ਬਾਬਿਆਂ ਦੇ ਸਮੇਂ ਤੋਂ ਹੋ ਰਿਹਾ ਹੈ। ਉਦੋਂ ਵੀ ਬਹੁਤ ਸਾਰੇ ਗ਼ਦਰੀ ਅਤੇ ਭਾਰਤ ਦੇ ਹੋਰ ਹਿੱਸਿਆਂ ਤੋਂ ਆਜ਼ਾਦੀ ਦੇ ਪ੍ਰਵਾਨੇ ਗਏ ਸਨ। ਉਦੋਂ ਉਨ੍ਹਾਂ ਦੀਆਂ ਸਿਆਸੀ ਮਜਬੂਰੀਆਂ ਹੋਣਗੀਆਂ ਪ੍ਰੰਤੂ ਵਰਤਮਾਨ ਪਰਵਾਸ ਦੇ ਮੁੱਖ ਕਾਰਨਾਂ ਪਿੱਛੇ ਬੇਰੁਜ਼ਗਾਰੀ, ਮਹਿੰਗਾਈ, ਕਿਸਾਨਾਂ ਦਾ ਕਰਜ਼ਈ ਹੋਣਾ। ਭਾਰਤ ਦੀ ਪ੍ਰਸ਼ਾਸਨਿਕ ਪ੍ਰਣਾਲੀ, ਏਜੰਟਾਂ ਵੱਲੋਂ ਵਿਖਾਏ ਗਏ ਸੁਨਹਿਰੀ ਸਬਜ਼ਬਾਗ ਅਤੇ ਭੇਡ-ਚਾਲ ਸ਼ਾਮਲ ਹਨ। ਭਾਰਤ ਨੂੰ ਆਪਣੀ ਕੰਮਕਾਜੀ ਪ੍ਰਣਾਲੀ ਬਦਲਣੀ ਪਵੇਗੀ, ਕਿਉਂਕਿ ਨੌਜਵਾਨ ਸਾਡੀ ਪ੍ਰਣਾਲੀ ਤੋਂ ਬਹੁਤ ਦੁਖੀ ਹਨ। ਹਰ ਨਿੱਕੀ ਤੋਂ ਨਿੱਕੀ ਗੱਲ ਵਿੱਚ ਸਿਆਸਤਦਾਨ ਦਖ਼ਲਅੰਦਾਜ਼ੀ ਕਰਦੇ ਹਨ। ਬਿਊਰੋਕਰੇਸੀ ਨੂੰ ਵੀ ਆਪਣੀ ਕਾਰਜਪ੍ਰਣਾਲੀ ਵਿੱਚ ਸੋਧ ਕਰਨੀ ਚਾਹੀਦੀ ਹੈ। ਬਿਊਰੋਕਰੇਸੀ ਤੇ ਸਿਆਸਤਦਾਨਾਂ ਦੀ ਮਿਲੀਭੁਗਤ ਕਰਕੇ ਜਦੋਂ ਲੋਕਾਂ ਨੂੰ ਇਨਸਾਫ਼ ਨਹੀਂ ਮਿਲਦਾ, ਫਿਰ ਉਨ੍ਹਾਂ ਵਿੱਚ ਅਸੰਤੁਸ਼ਟੀ ਵਧਦੀ ਹੈ। ਜੇਕਰ ਰਾਜਾਂ ਅਤੇ ਕੇਂਦਰ ਦੀਆਂ ਸਰਕਾਰਾਂ ਸਿਰਫ਼ ਵੋਟਾਂ ਪ੍ਰਾਪਤ ਕਰਨ ਦੀ ਥਾਂ ਆਪਣੇ ਨਾਗਰਿਕਾਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਯੋਜਨਾਵਾਂ ਬਣਾਉਂਦੀਆਂ ਤਾਂ ਅੱਜ ਸਾਨੂੰ ਇਹ ਹਾਲਾਤ ਵੇਖਣੇ ਨਾ ਪੈਂਦੇ। ਸਰਕਾਰੀ ਨੌਕਰੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ, ਆਊਟ ਸੋਰਸਿੰਗ ਰਾਹੀਂ ਭਰਤੀ ਕੀਤੀ ਜਾ ਰਹੀ ਹੈ, ਬੰਨ੍ਹਵੀਂ ਤਨਖ਼ਾਹ ਬਹੁਤ ਘੱਟ ਦਿੱਤੀ ਜਾ ਰਹੀ ਹੈ, ਜਿਸ ਨਾਲ ਗੁਜ਼ਾਰਾ ਨਹੀਂ ਹੋ ਰਿਹਾ।

ਪੰਜਾਬ ਦੀ ਨੌਜਵਾਨੀ ਆਪਣੇ ਪਿਤਾ-ਪੁਰਖੀ ਕੰਮ ਛੱਡ ਕੇ ਵਾਈਟ ਕਾਲਰ ਨੌਕਰੀਆਂ ਭਾਲਦੇ ਹਨ। ਇਸ ਲਈ ਨੌਜਵਾਨਾਂ ਦੇ ਮਾਪੇ ਵੀ ਜ਼ਿੰਮੇਵਾਰ ਹਨ, ਜਿਹੜੇ ਆਪਣੀ ਔਲਾਦ ਨੂੰ ਸਹੀ ਮਾਰਗ ਦਰਸ਼ਨ ਨਹੀਂ ਕਰ ਰਹੇ। ਪੰਜਾਬ ਵਿੱਚ ਰੁਜ਼ਗਾਰ ਦੀ ਘਾਟ ਨਹੀਂ। ਹੋਰਾਂ ਸੂਬਿਆਂ ਤੋਂ ਲੱਖਾਂ ਲੋਕ ਇੱਥੇ ਆ ਕੇ ਕੰਮ ਕਰ ਰਹੇ ਹਨ। ਪੰਜਾਬੀ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ ਭੱਜੇ ਜਾ ਰਹੇ ਹਨ। ਸਾਡੀ ਵਿਦਿਅਕ ਪ੍ਰਣਾਲੀ ਵੀ ਰੋਜ਼ਗਾਰ ਮੁਖੀ ਨਹੀਂ ਹੈ, ਇਸ ਪਾਸੇ ਵੀ ਸੁਧਾਰਾਂ ਦੀ ਲੋੜ ਹੈ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਰਕਾਰਾਂ ਜਿਹੜੀ ਵੀ ਨਵੀਂ ਯੋਜਨਾ ਬਣਾਉਂਦੇ ਹਨ, ਉਹ ਵੋਟਾਂ ਨੂੰ ਮੁੱਖ ਰੱਖ ਕੇ ਬਣਾਉਂਦੇ ਹਨ। ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਜੈ ਸ਼ੰਕਰ ਨੇ ਲੋਕ ਸਭਾ ਵਿੱਚ ਕਿਹਾ ਹੈ ਕਿ ਸਰਕਾਰ ਏਜੰਟਾਂ ਦੀ ਪੜਤਾਲ ਕਰਵਾਏਗੀ। ਇਹ ਬਹੁਤ ਚੰਗੀ ਗੱਲ ਹੈ, ਏਜੰਟਾਂ 'ਤੇ ਸਰਕਾਰ ਨੂੰ ਸ਼ਿਕੰਜਾ ਕੱਸਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਵੀ ਰਾਜਾਂ ਵਿੱਚ ਏਜੰਟਾਂ ਦੀਆਂ ਸ਼ਿਕਾਇਤਾਂ ਆਉਂਦੀਆਂ ਰਹੀਆਂ ਹਨ। ਪਹਿਲਾਂ ਵੀ ਬਹੁਤ ਸਾਰੇ ਲੋਕਾਂ ਨਾਲ ਏਜੰਟਾਂ ਨੇ ਧੋਖੇ ਕੀਤੇ ਹਨ, ਉਸ ਸਮੇਂ ਰਾਜ ਸਰਕਾਰਾਂ ਨੇ ਜੇਕਰ ਏਜੰਟਾਂ ਨੂੰ ਫੜ ਕੇ ਸਜ਼ਾਵਾਂ ਦਿਵਾਈਆਂ ਹੁੰਦੀਆਂ ਤਾਂ ਹੁਣ ਤੱਕ ਅਜਿਹੇ ਕਾਰਜ ਬੰਦ ਹੋ ਜਾਂਦੇ। ਗੱਲ ਸਰਕਾਰਾਂ ਦੀ ਪ੍ਰਸ਼ਾਸਨਿਕ ਪ੍ਰਣਾਲੀ ਦੀ ਆ ਜਾਂਦੀ ਹੈ। ਰਾਜ ਅਤੇ ਕੇਂਦਰ ਸਰਕਾਰ ਨੂੰ ਏਜੰਟਾਂ ਬਾਰੇ ਸਾਰਾ ਕੁਝ ਪਤਾ ਹੈ, ਪ੍ਰੰਤੂ ਇਹ ਹੀ ਏਜੰਟ ਸਿਆਸਤਦਾਨਾਂ ਨੂੰ ਚੋਣਾਂ ਸਮੇਂ ਚੋਣ ਫ਼ੰਡ ਦੇ ਦਿੰਦੇ ਸਨ ਤੇ ਸਰਕਾਰਾਂ ਨੂੰ ਸਿਆਸਤਦਾਨ ਚਲਾਉਂਦੇ ਹਨ। ਫਿਰ ਉਨ੍ਹਾਂ ਤੋਂ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ? ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮਿਲ ਕੇ ਕੋਈ ਯੋਜਨਾ ਬਣਾਉਣੀ ਚਾਹੀਦੀ ਹੈ ਤਾਂ ਜੋ ਗ਼ੈਰਕਾਨੂੰਨੀ ਪਰਵਾਸ ਨੂੰ ਰੋਕਿਆ ਜਾ ਸਕੇ। ਇੱਕ ਗੱਲ ਚੰਗੀ ਹੋਣ ਦੀ ਉਮੀਦ ਹੈ ਕਿ ਇਸ ਘਟਨਾ ਤੋਂ ਬਾਅਦ ਸ਼ਾਇਦ ਭਾਰਤੀ ਪਰਵਾਰ ਗ਼ੈਰ-ਕਾਨੂੰਨੀ ਢੰਗ ਨਾਲਜਾਣਾ ਬੰਦ ਕਰ ਦੇਣ। ਇਹ ਵੀ ਸਮਝ ਨਹੀਂ ਆਉਂਦੀ ਕਿ ਡੋਨਾਲਡ ਟਰੰਪ ਭਾਰਤ ਨੂੰ ਕੀ ਸੰਦੇਸ਼ ਦੇਣਾ ਚਾਹੁੰਦਾ ਹੈ।

**# ਸੰਪਰਕ : 94178-13072**

# 36 ਸਾਲਾਂ ਬਾਅਦ ਆਪਣੇ ਪਿੰਡ ਖੁਰਦਪੁਰ 'ਚ ਮਨਾਈ ਲੋਹੜੀ



**ਅਵਤਾਰ ਤਰਕਸ਼ੀਲ**

ਰੋਜ਼ਗਾਰ ਪ੍ਰਾਪਤੀ ਲਈ ਅਤੇ ਵਧੀਆ ਭਵਿੱਖ ਲਈ ਮੈਂ 36 ਸਾਲ ਪਹਿਲਾਂ ਪੰਜਾਬ ਛੱਡ ਦਿੱਤਾ ਸੀ ਅਤੇ ਨਿਊਜ਼ੀਲੈਂਡ ਜਾ ਵਸਿਆ ਸੀ। ਫਿਰ ਵੀ ਰੋਜ਼ਗਾਰ ਸੌਖਾ ਨਾ ਮਿਲਿਆ ਅਤੇ ਨਾ ਹੀ ਵਧੀਆ ਭਵਿੱਖ ਸੌਖਾ ਮਿਲਿਆ। ਇਸ ਪ੍ਰਾਪਤੀ ਲਈ ਕਈ ਦਹਾਕੇ ਬੀਤ ਗਏ। ਕੱਚਾ ਹੋਣ ਕਾਰਨ ਪਹਿਲੇ ਦਸ ਸਾਲ ਪਿੰਡ ਗੇੜਾ ਨਾ ਮਾਰ ਸਕਿਆ । ਦੋਸਤਾਂ ਨਾਲ ਖੇਡਣਾ, ਗਲਵੱਕੜੀਆਂ ਪਾਉਣੀਆਂ ਅਤੇ ਬਜ਼ੁਰਗਾਂ ਦੀਆਂ ਅਸੀਸਾਂ ਤੋਂ ਬਿਲਕੁਲ ਵਾਂਝਾ ਹੋ ਗਿਆ ਸੀ। ਉਸ ਸਮੇਂ ਵਟਸਐਪ ਜਾਂ ਸੋਸ਼ਲ ਮੀਡੀਆ ਨਹੀਂ ਸੀ ਅਤੇ ਪੰਜਾਬ ਨੂੰ ਫੋਨ ਕਰਨਾ ਵੀ ਸਵਾ ਤਿੰਨ ਡਾਲਰ ਪ੍ਰਤੀ ਮਿੰਟ ਹੁੰਦਾ ਸੀ, ਜਿਸ ਕਾਰਨ ਵਿਛੋੜਿਆਂ ਦਾ ਦਰਦ ਹੋਰ ਵੀ ਗੰਭੀਰ ਹੋ ਗਿਆ ਸੀ। ਇਸ ਸਮੇਂ ਦੌਰਾਨ ਪੰਜਾਬ ਵਿੱਚ ਮਨਾਏ ਜਾਂਦੇ ਤਿਉਹਾਰਾਂ ਅਤੇ ਖੁਸ਼ੀਆਂ ਤੋਂ ਬਿਲਕੁਲ ਟੁੱਟ ਗਿਆ ਸੀ । ਪਿੰਡ ਵਿੱਚ ਆਪਣੇ ਪੇਂਡੂਆਂ ਤੋਂ ਮਿਲਣ ਵਾਲੇ ਪਿਆਰ ਤੋਂ ਦੂਰ ਹੋ ਗਿਆ ਸੀ। ਦਸ ਸਾਲਾਂ ਬਾਅਦ ਹਰ ਇੱਕ ਦੋ ਸਾਲਾਂ ਬਾਅਦ ਪੰਜਾਬ ਗੇੜੀ ਮਾਰਨੀ, ਪਰ ਪਿੰਡ ਵਿੱਚ ਲੋਹੜੀ ਨਹੀਂ ਦੇਖ ਸਕਿਆ ਸੀ।

ਇਸ ਵਾਰ ਤਕਰੀਬਨ ਸਾਢੇ ਤਿੰਨ ਮਹੀਨੇ ਲਈ ਪੰਜਾਬ ਆਇਆ । ਖੁੱਲ੍ਹਾ ਸਮਾਂ ਸੀ ਅਤੇ ਬਹੁਤ ਸਾਰੇ ਦੋਸਤਾਂ ਨੂੰ ਮਿਲਿਆ। ਰਿਸ਼ਤੇਦਾਰਾਂ ਅਤੇ ਪਰਵਾਰਕ ਮੈਂਬਰਾਂ ਨੂੰ ਤਾਂ ਸਭ ਮਿਲਦੇ ਹਨ, ਪਰ ਮੈਂ ਕਾਫੀ ਸਮਾਂ ਉਨ੍ਹਾਂ ਵਿਚਾਰਧਾਰਕ ਸਾਥੀਆਂ ਨਾਲ ਵੀ ਬਿਤਾਇਆ, ਜਿਹੜੇ ਸਮਾਜ ਵਿੱਚ ਪ੍ਰੈਕਟੀਕਲ ਬਦਲਾਓ ਲਿਆਉਣ ਲਈ ਲਗਾਤਾਰ ਉਪਰਾਲੇ ਕਰਦੇ ਰਹਿੰਦੇ ਹਨ । ਪਿੰਡ ਵਿੱਚੋਂ ਬਹੁਤ ਲੋਕ ਮੈਨੂੰ ਜਾਂ ਮੈਂ ਉਨ੍ਹਾਂ ਨੂੰ ਪਹਿਚਾਣਦਾ ਨਹੀਂ ਸੀ। ਮੈਂ ਕਿਸੇ ਨੂੰ ਬੁਲਾਉਂਦਾ ਜਾਂ ਕੋਈ ਮੈਨੂੰ ਬੁਲਾਉਂਦਾ ਤਾਂ ਪਹਿਲਾਂ ਇੱਕ-ਦੂਜੇ ਦੀ ਜਾਣ-ਪਹਿਚਾਣ ਕਰਾਉਣੀ ਪੈਂਦੀ ਸੀ। ਫੇਸਬੁੱਕ ਰਾਹੀਂ ਜੁੜੇ ਪਿੰਡ ਵਾਸੀ ਤਾਂ ਮੈਨੂੰ ਅਰਾਮ ਨਾਲ ਪਹਿਚਾਣ ਲੈਂਦੇ ਸਨ। ਮੇਰੇ ਗੁਆਂਢੀ ਅਤੇ ਬਚਪਨ ਦੇ ਦੋਸਤ ਅਮਰਜੀਤ ਸਿੰਘ ਅਟਵਾਲ ਨੇ ਪਿੰਡ ਵਾਸੀਆਂ ਨਾਲ ਜਾਣ-ਪਹਿਚਾਣ ਕਰਵਾਉਣ ਵਿੱਚ ਬਹੁਤ ਮਦਦ ਕੀਤੀ ਅਤੇ ਕਈ ਘਰਾਂ ਵਿੱਚ ਮੇਰੇ ਨਾਲ ਵੀ ਗਿਆ। ਇਸੇ ਸਮੇਂ ਦੌਰਾਨ ਲੋਹੜੀ ਦਾ ਤਿਉਹਾਰ ਆ ਗਿਆ। ਸਾਡੇ ਪਿੰਡ ਅਜੇ ਵੀ ਕਾਫੀ ਗਿਣਤੀ ਵਿੱਚ ਬੱਚੇ ਲੋਹੜੀ ਮੰਗਦੇ ਹਨ। ਉਸ ਦਿਨ ਮੇਰੀ ਕੋਸ਼ਿਸ਼ ਰਹੀ ਕਿ ਸਾਰੇ ਕੁੜੀਆਂ ਮੁੰਡਿਆਂ ਨੂੰ ਲੋਹੜੀ ਆਪ ਹੀ ਪਾਵਾਂ, ਕਿਉਂਕਿ ਮੈਂ ਉਨ੍ਹਾਂ ਸਾਰਿਆਂ ਨੂੰ ਮਿਲਣਾ ਚਾਹੁੰਦਾ ਸੀ ਅਤੇ ਉਨ੍ਹਾਂ ਦੇ ਪਰਵਾਰਾਂ ਬਾਰੇ ਜਾਨਣਾ ਚਾਹੁੰਦਾ ਸੀ। ਮੈਂ ਉਨ੍ਹਾਂ ਲੋਹੜੀ ਮੰਗਣ ਵਾਲੇ ਬੱਚਿਆਂ ਤੋਂ ਨਾਂਅ ਪੁੱਛੇ, ਉਨ੍ਹਾਂ ਦੇ ਬਜ਼ੁਰਗਾਂ ਦੇ ਨਾਂਅ ਪੁੱਛੇ ਅਤੇ ਪੁੱਛਿਆ ਕਿ ਉਨ੍ਹਾਂ ਦਾ ਪਿੰਡ ਵਿੱਚ ਘਰ ਕਿੱਥੇ ਕੁ ਹੈ? ਬੱਚਿਆਂ ਨੇ ਖੁਸ਼ ਹੋ ਕੇ ਮੈਨੂੰ ਇਹ ਸਾਰੀ ਜਾਣਕਾਰੀ ਦਿੱਤੀ। ਇਸ ਤਰ੍ਹਾਂ ਮੇਰੀ ਬੱਚਿਆਂ ਅਤੇ ਪਰਵਾਰਾਂ ਨਾਲ ਸਾਰਾ ਦਿਨ ਜਾਣ-ਪਛਾਣ ਹੋਈ। ਕੁੱਝ 4 ਤੋਂ 6 ਕੁ ਸਾਲ ਦੀਆਂ ਬੱਚੀਆਂ ਵੀ ਲੋਹੜੀ ਮੰਗਣ ਆਈਆਂ। ਉਨ੍ਹਾਂ ਵਿੱਚ ਦੋਂ ਨੂੰ ਮੈਂ ਨਾਂਅ ਪੁੱਛੇ ਅਤੇ ਪਰਵਾਰਾਂ ਬਾਰੇ ਪੁੱਛਿਆ। ਇੱਕ ਨੇ ਨਾਂਅ ਦੱਸਿਆ ਤਾਂ ਮੈਂ ਉਸ ਨੂੰ ਪੁੱਛਿਆ ਕਿ ਦੂਜੀ ਤੇਰੀ ਕੀ ਲਗਦੀ ਹੈ? ਉਹ ਕਹਿੰਦੀ ਇਹ ਮੇਰੇ ਡੈਡੀ ਦੇ ਭਰਾ ਦੀ ਕੁੜੀ ਹੈ । ਮੈਂ ਕਿਹਾ ਕਿ ਤੇਰੇ ਡੈਡੀ ਦਾ ਭਰਾ ਤੇਰਾ ਕੀ ਲਗਦਾ ਹੈ? ਉਹ ਕਹਿੰਦੀ ਕਿ ਚਾਚਾ ਲਗਦਾ ਹੈ। ਮੈਂ ਕਿਹਾ ਕਿ ਫਿਰ ਇਹ ਤੇਰੇ ਚਾਚੇ ਦੀ ਕੁੜੀ ਹੋਈ। ਉਸ ਨੇ ਹਾਂ ਵਿੱਚ ਸਿਰ ਹਿਲਾਇਆ। ਕੁੱਝ ਸਮੇਂ ਬਾਅਦ ਉਹ ਦੋਨੋਂ ਕੁੜੀਆਂ ਇੱਕ ਹੋਰ ਕੁੜੀ ਨੂੰ ਲੈ ਕੇ ਆਈਆਂ, ਜੋ ਸ਼ਾਇਦ ਛੋਟੀ ਹੋਣ ਕਰਕੇ ਜਾਂ ਸੰਗਦੀ ਹੋਣ ਕਰਕੇ ਬਹੁਤ ਘੱਟ ਬੋਲਦੀ ਸੀ। ਉਹ ਦੋਨੋਂ ਆਖਣ ਲੱਗੀਆਂ ਕਿ ਅੰਕਲ ਜੀ ਤੁਸੀਂ ਇਸ ਨੂੰ ਵੀ ਲੋਹੜੀ ਪਾ ਦਿਓ । ਹੁਣ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਮੈਂ ਉਸ ਪਾਸੋਂ ਵੀ ਉਹੀ ਸਵਾਲ ਪੁੱਛਾਂਗਾ। ਇਸ ਕਰਕੇ ਉਨ੍ਹਾਂ ਦੋਵਾਂ ਨੇ ਉਸ ਛੋਟੀ ਬੱਚੀ ਬਾਰੇ ਆਪ ਹੀ ਦੱਸਣਾ ਸ਼ੁਰੂ ਕੀਤਾ ਕਿ ਇਸ ਦਾ ਨਾਂਅ ਇਹ ਹੈ, ਇਹ ਫਲਾਣੇ ਦੀ ਬੇਟੀ ਹੈ, ਇਸ ਦਾ ਘਰ ਉੱਥੇ ਹੈ ਅਤੇ ਅਸੀਂ ਦੋਨੋਂ ਇਸ ਦੀਆਂ ਭੂਆ ਲਗਦੀਆਂ ਹਾਂ। ਉਨ੍ਹਾਂ ਵੱਲੋਂ ਏਨੀ ਜਾਣਕਾਰੀ ਸੁਣ ਕੇ ਮੈਂ ਹੈਰਾਨ ਹੋ ਗਿਆ ਕਿ ਬੱਚੇ ਕਿੰਨੀ ਜਲਦੀ ਗੱਲ ਸਮਝ ਜਾਂਦੇ ਹਨ? ਰਾਤ ਵੇਲੇ ਇੱਕ ਘਰ ਵਿੱਚ ਲੋਹੜੀ ਦੌਰਾਨ ਉਹੀ ਬੱਚੀਆਂ ਮੈਨੂੰ ਫਿਰ ਮਿਲ ਪਈਆਂ, ਮੈਂ ਉਨ੍ਹਾਂ ਨੂੰ ਪਹਿਚਾਣ ਲਿਆ ਅਤੇ ਪੁੱਛਿਆ ਕਿ ਮੈਂ ਕੌਣ ਹਾਂ ਅਤੇ ਸਾਡਾ ਘਰ ਕਿੱਥੇ ਹੈ? ਉਨ੍ਹਾਂ ਮੈਨੂੰ ਫਟਾਫਟ ਸਭ ਕੁੱਝ ਦੱਸ ਦਿੱਤਾ। ਇਸ ਤਰ੍ਹਾਂ ਬੱਚਿਆਂ ਨਾਲ ਗੱਲਾਂ ਕਰਦਿਆਂ ਮੇਰਾ ਦਿਨ ਬਹੁਤ ਖ਼ੂਬਸੂਰਤ ਰਿਹਾ।

ਰਾਤ ਹੋਈ ਤਾਂ ਕਈ ਘਰਾਂ ਵਿੱਚ ਲੋਹੜੀ ਪਾਈ ਜਾਣੀ ਸੀ ਅਤੇ ਪਾਰਟੀਆਂ ਵੀ ਸਨ। ਮੈਂ ਉਨ੍ਹਾਂ ਸਾਰਿਆਂ ਦੇ ਘਰਾਂ ਵਿੱਚ ਗਿਆ ਅਤੇ ਸਾਰੇ ਆਏ ਹੋਏ ਪੇਂਡੂਆਂ ਅਤੇ ਰਿਸ਼ਤੇਦਾਰਾਂ ਨੂੰ ਮਿਲਿਆ।

ਇਸ ਤਰ੍ਹਾਂ ਇਹ ਲੋਹੜੀ ਦਾ ਤਿਉਹਾਰ ਮੇਰੇ ਲਈ ਲੋਹੜੀ ਦੇ ਨਾਲ-ਨਾਲ ਜਾਣ-ਪਹਿਚਾਣ ਦਾ ਤਿਉਹਾਰ ਬਣ ਗਿਆ।

ਸੱਚਮੁੱਚ ਇਹ 36 ਸਾਲਾਂ ਬਾਅਦ ਦੇਖੀ ਲੋਹੜੀ ਮੇਰੇ ਲਈ ਇਤਿਹਾਸਕ ਲੋਹੜੀ ਹੋ ਨਿੱਬੜੀ ।

**# ਸੰਪਰਕ : 006421392147**

# ਸ਼ਹੀਦ ਸੋਹਣ ਲਾਲ ਪਾਠਕ ਦਾ ਜੀਵਨ ਅਧਿਆਇ

**ਪਿਰਥੀਪਾਲ ਸਿੰਘ ਮਾੜੀਮੇਘਾ**

ਨੌਜਵਾਨ ਦੇਸ਼ ਭਗਤ ਸ਼ਹੀਦ ਸੋਹਣ ਲਾਲ ਪਾਠਕ ਪੱਟੀ ਦਾ ਮੇਲ 1908 ਵਿੱਚ ਆਜ਼ਾਦੀ ਸੰਗਰਾਮ ਦੀ ਹਸਤੀ ਲਾਲਾ ਹਰਦਿਆਲ ਨਾਲ ਹੋਇਆ। ਉਹ ਲੰਡਨ 'ਚ ਆਪਣੀ ਪੜ੍ਹਾਈ ਛੱਡ ਕੇ ਵਾਪਸ ਲਾਹੌਰ ਆਏ ਸਨ। ਇਸ ਮਿਲਣੀ ਤੋਂ ਬਾਅਦ ਦੋਹਾਂ ਵਿੱਚ ਆਜ਼ਾਦੀ ਦੀ ਤਾਂਘ ਵਧੇਰੇ ਉਤੇਜਿਤ ਹੋ ਗਈ।

ਸੋਹਣ ਲਾਲ ਪਾਠਕ ਵਰਗਾ ਮਹਾਨ ਇਨਕਲਾਬੀ ਇੱਕ ਗਰੀਬ ਵਿਅਕਤੀ ਪੰਡਤ ਚੰਦਾ ਰਾਮ ਜੀ ਦੇ ਘਰ 7 ਜਨਵਰੀ 1883 ਈਸਵੀ ਨੂੰ ਇਤਿਹਾਸਕ ਨਗਰ ਪੱਟੀ ਵਿਖੇ ਪੈਦਾ ਹੋਇਆ । ਸੋਹਣ ਲਾਲ ਬਚਪਨ ਤੋਂ ਸਰੀਰਕ ਪੱਖੋਂ ਕਮਜ਼ੋਰ ਸਨ, ਪਰ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਸਾਰ ਉਨ੍ਹਾਂ ਦੀ ਇਨਕਲਾਬੀ ਸ਼ਕਤੀ ਨੇ ਅੰਗਰੇਜ਼ ਸਾਮਰਾਜ ਹਕੂਮਤ ਦੀਆਂ ਚੂਲਾਂ ਹਲਾ ਦਿੱਤੀਆਂ।

ਆਪ ਨੇ ਅੱਠਵੀਂ ਜਮਾਤ ਦੀ ਪੜ੍ਹਾਈ ਪੱਟੀ ਤੋਂ ਪਹਿਲੇ ਦਰਜੇ ਵਿੱਚ ਪਾਸ ਕੀਤੀ। ਆਪ ਨਹਿਰ ਦੇ ਮਹਿਕਮੇ ਵਿੱਚ ਬੇਲਦਾਰ ਲੱਗ ਗਏ। ਬੇਲਦਾਰ ਦੀ ਨੌਕਰੀ ਛੱਡ ਕੇ ਆਪ ਜ਼ਿਲ੍ਹਾ ਅੰਮ੍ਰਿਤਸਰ ਦੇ ਨਗਰ ਚਵਿੰਡਾ ਦੇਵੀ ਵਿੱਚ ਅਧਿਆਪਕ ਲੱਗੇ। ਪੰਡਿਤ ਸੋਹਣ ਲਾਲ ਪਾਠਕ ਜੀ ਦਾ ਵਿਆਹ 1901 ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਨਗਰ ਕਲਾਨੌਰ ਦੀ ਵਸਨੀਕ ਸ੍ਰੀਮਤੀ ਲਕਸ਼ਮੀ ਦੇਵੀ ਨਾਲ ਹੋਇਆ।

ਸੋਹਣ ਲਾਲ ਜੀ ਦੇ ਦੋਸਤ ਸ੍ਰੀ ਮੇਹਰ ਚੰਦ ਵਾਸੀ ਖੇਮਕਰਨ ਅਤੇ ਸਰਦਾਰ ਗਿਆਨ ਸਿੰਘ ਵਾਸੀ ਸੰਮਬੜਿਆਲ ਜ਼ਿਲ੍ਹਾ ਸਿਆਲਕੋਟ ਨੂੰ ਲੋਕ ਆਮ ਤੌਰ 'ਤੇ ਉਨ੍ਹਾਂ ਦੇ ਬੌਡੀ ਗਾਰਡ ਸਮਝਦੇ ਸਨ। ਉਹ ਇਸ ਲਈ ਕਿ ਉਹ ਸੋਹਣ ਲਾਲ ਤੋਂ ਸਰੀਰਕ ਪੱਖੋਂ ਤਕੜੇ ਸਨ। ਡੀ ਏ ਵੀ ਕਾਲਜ ਲਾਹੌਰ ਵਿਖੇ ਆਰੀਆ ਸਮਾਜ ਦਾ ਕਾਫੀ ਜ਼ੋਰ ਸੀ ਤੇ ਸੋਹਣ ਲਾਲ ਉਸ ਕਾਲਜ ਵਿੱਚ ਹੁੰਦੀਆਂ ਆਰੀਆ ਵਿਦਵਾਨਾਂ ਦੀਆਂ ਵਿਚਾਰ ਗੋਸ਼ਟੀਆਂ ਵਿੱਚ ਹਿੱਸਾ ਲੈਣ ਲੱਗ ਪਿਆ।

1903 ਵਿੱਚ ਨਾਮੁਰਾਦ ਬਿਮਾਰੀ ਪਲੇਗ ਨਾਲ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਮਰਨ ਤੋਂ ਪਹਿਲਾਂ ਮਾਂ ਨੇ ਕਿਹਾ ਕਿ ਸੋਹਣ ਨੂੰ ਬਿਮਾਰੀ ਦੀ ਖ਼ਬਰ ਨਾ ਦਿੱਤੀ ਜਾਵੇ, ਕਿਉਂਕਿ ਜੇ ਉਹ ਆ ਗਿਆ ਤੇ ਬਿਮਾਰੀ ਨਾਲ ਉਸ ਦੀ ਜ਼ਿੰਦਗੀ ਵੀ ਖ਼ਤਰੇ ਵਿੱਚ ਪੈ ਜਾਵੇਗੀ। ਉਸ ਵਕਤ ਹਾਲਾਤ ਇਹ ਸਨ ਕਿ ਜਦੋਂ ਇਹ ਬਿਮਾਰੀ ਪਿੰਡ ਵਿੱਚ ਆ ਜਾਂਦੀ ਸੀ ਤੇ ਅੰਗਰੇਜ਼ ਲੋਕਾਂ ਦੇ ਘਰ ਸਾੜ ਦਿੰਦੇ ਤੇ ਲੋਕ ਖੇਤਾਂ ਦੇ ਖੁੱਲ੍ਹੇ ਮੈਦਾਨ ਵਿੱਚ ਰਾਤਾਂ ਕੱਟਣ ਲਈ ਮਜਬੂਰ ਹੁੰਦੇ ਸਨ।

ਸੋਹਣ ਲਾਲ ਪਾਠਕ ਨੂੰ ਸ਼ਹੀਦ ਮਦਨ ਲਾਲ ਢੀਂਗਰਾ ਦੀ ਸ਼ਹੀਦੀ ਨੇ ਬਹੁਤ ਪ੍ਰਭਾਵਤ ਕੀਤਾ ਤੇ ਉਹ ਆਜ਼ਾਦੀ ਸੰਗਰਾਮ ਵਿੱਚ ਹੋਰ ਜ਼ੋਰ ਨਾਲ ਕੁੱਦ ਪਏ। ਇੱਕ ਵਾਰ ਸੋਹਣ ਲਾਲ ਜੀ ਆਪਣੇ ਸਾਥੀਆਂ ਨਾਲ ਪੁਲਸ ਇੰਸਪੈਕਟਰ ਕੋਲ ਕਿਸੇ ਕਾਰਜ ਲਈ ਗਏ ਤੇ ਉਸ ਨੇ ਅੱਗੋਂ ਬੜੇ ਹੰਕਾਰ ਵਿੱਚ ਕਿਹਾ ਤੁਸੀਂ ਨੌਕਰੀ ਕਰਨਾ ਚਾਹੁੰਦੇ ਹੋ। ਸਾਰਿਆਂ ਨੇ ਆਪਣੀ ਮਰਜ਼ੀ ਦੱਸੀ। ਜਦੋਂ ਸੋਹਣ ਲਾਲ ਦੀ ਵਾਰੀ ਆਈ ਤੇ ਉਸ ਨੇ ਆਕੜ ਕੇ ਕਿਹਾ ਕਿ, ਮੈਂ ਸਰਕਾਰੀ ਨੌਕਰੀ ਦੀ ਥਾਂ ਕੌਮ ਦੀ ਸੇਵਾ ਕਰਾਂਗਾ। ਇੰਸਪੈਕਟਰ ਨੇ ਕਿਹਾ ਕਿ ਪੜ੍ਹਦੇ ਸਮੇਂ ਵਜ਼ੀਫਾ ਤਾਂ ਸਰਕਾਰ ਦਾ ਖਾਧਾ ਤਾਂ ਨੌਕਰੀ ਕੌਮ ਦੀ ਕਰੋਗੇ? ਅੱਗੋਂ ਸੋਹਣ ਲਾਲ ਨੇ ਕਿਹਾ, ਮੈਂ ਕੌਮ ਦਾ ਵਜ਼ੀਫਾ ਖਾਧਾ ਹੈ, ਏਸ ਲਈ ਸੇਵਾ ਵੀ ਕੌਮ ਦੀ ਹੀ ਕਰਾਂਗਾ।

ਸੋਹਣ ਲਾਲ ਜਿਹੜੇ ਸਕੂਲ ਵਿੱਚ ਮਾਸਟਰ ਲੱਗੇ ਸਨ, ਉਸ ਸਕੂਲ ਦਾ ਪ੍ਰਿੰਸੀਪਲ ਪਹਿਲਾਂ ਹੀ ਉਨ੍ਹਾਂ ਦੀਆਂ ਵਿਦਰੋਹੀ ਕਾਰਵਾਈਆਂ ਤੋਂ ਔਖਾ ਸੀ। ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਸੋਹਣ ਲਾਲ ਅੰਗਰੇਜ਼ ਸਰਕਾਰ ਦੇ ਬਾਗ਼ੀ ਲਾਲਾ ਹਰਦਿਆਲ ਨੂੰ ਆਮ ਹੀ ਮਿਲਦਾ ਹੈ ਤੇ ਉਸ ਨੇ ਸੋਹਣ ਲਾਲ ਨੂੰ ਆਖ ਦਿੱਤਾ ਕਿ ਜਾਂ ਤਾਂ ਲਾਲਾ ਹਰਦਿਆਲ ਨੂੰ ਮਿਲਣਾ ਛੱਡ ਦੇ ਨਹੀਂ ਤਾਂ ਸਕੂਲ ਛੱਡ ਦੇ। ਉਸੇ ਵੇਲੇ ਸੋਹਣ ਲਾਲ ਨੇ ਆਪਣਾ ਅਸਤੀਫਾ ਹੈੱਡਮਾਸਟਰ ਨੂੰ ਦੇ ਦਿੱਤਾ।

ਸੋਹਣ ਲਾਲ ਦੇ ਘਰ ਲੜਕੇ ਨੇ ਜਨਮ ਲਿਆ ਤੇ ਉਨ੍ਹਾਂ ਦੀ ਪਤਨੀ ਵੀ ਬਿਮਾਰ ਹੋ ਗਈ ਅਤੇ 11 ਦਿਨਾਂ ਬਾਅਦ ਉਸ ਦੀ ਮੌਤ ਹੋ ਗਈ। ਇੱਕ ਹਫ਼ਤੇ ਬਾਅਦ ਮੁੰਡਾ ਵੀ ਪੂਰਾ ਹੋ ਗਿਆ। ਪਾਠਕ ਨੂੰ ਇਸ ਦੁਖਦਾਈ ਵਰਤਾਰੇ ਦਾ ਸਦਮਾ ਤਾਂ ਬਹੁਤ ਲੱਗਿਆ, ਪਰ ਨਾਲ ਇਹ ਤਸੱਲੀ ਹੋ ਗਈ ਕਿ ਉਹ ਹੁਣ ਪੂਰੀ ਤਰ੍ਹਾਂ ਆਜ਼ਾਦੀ ਨਾਲ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦਾ ਸੰਘਰਸ਼ ਲੜੇਗਾ।

ਇਨਕਲਾਬੀ ਵੀ ਬੜੇ ਮਹਾਨ ਹੁੰਦੇ ਹਨ। ਸੋਹਣ ਲਾਲ ਦਾ ਪਿਤਾ ਬਜ਼ੁਰਗ ਸੀ ਤੇ ਇੱਕ ਵੱਡੀ ਭੈਣ ਵਿਧਵਾ ਜਿਸ ਦੀ ਕੋਈ ਔਲਾਦ ਨਹੀਂ ਸੀ। ਸੋਹਣ ਲਾਲ ਨੂੰ ਉਨ੍ਹਾਂ ਦੇ ਬਹੁਤ ਹੀ ਨੇੜਲੇ ਸਾਥੀ ਨੇ ਕਿਹਾ ਕਿ ਤੈਨੂੰ ਆਪਣੇ ਬਾਪ ਤੇ ਭੈਣ ਦੀ ਸੇਵਾ ਕਰਨੀ ਚਾਹੀਦੀ ਹੈ। ਉਨ੍ਹਾਂ ਜਵਾਬ ਦਿੱਤਾ ਕਿ ਭੈਣ ਤੇ ਬਾਪ ਦੀ ਸੇਵਾ ਕਰਨਾ ਮੇਰਾ ਫਰਜ਼ ਬਣਦਾ ਹੈ, ਪਰ ਇੱਕ ਪਾਸੇ ਦੇਸ਼ ਤਬਾਹ ਹੋ ਰਿਹਾ ਹੈ, ਤੇ ਦੂਜੇ ਪਾਸੇ ਭੈਣ ਤੇ ਪਿਤਾ ਹਨ, ਅਜਿਹੇ ਹਾਲਾਤ ਵਿੱਚ ਮੈਂ ਦੇਸ਼ ਦੀ ਸੇਵਾ ਕਰਾਂ ਜਾਂ ਭੈਣ ਤੇ ਬਾਪ ਦੀ? ਮੈਂ ਜਾਣਦਾ ਹਾਂ ਕਿ ਭੈਣ ਤੇ ਬਾਪ ਦੀ ਸੇਵਾ ਨਾ ਕਰਨ ਨਾਲ ਮੈਨੂੰ ਪਾਪ ਲੱਗੇਗਾ, ਪਰ ਦੇਸ਼ ਦੀ ਸੇਵਾ ਕਰਨ ਨਾਲ ਮੈਨੂੰ ਕਈ ਗੁਣਾਂ ਵੱਡਾ ਪੁੰਨ ਮਿਲੇਗਾ, ਏਸ ਲਈ ਮੈਂ ਭੈਣ ਅਤੇ ਬਾਪ ਦੀ ਸੇਵਾ ਵਾਸਤੇ ਮੁਲਕ ਨੂੰ ਪਿੱਠ ਨਹੀਂ ਦੇ ਸਕਦਾ ।

ਸੋਹਣ ਲਾਲ 1909 ਵਿੱਚ ਆਪਣੇ ਮਿੱਤਰ ਗਿਆਨ ਸਿੰਘ ਕੋਲ ਸਿਆਮ ਪਹੁੰਚ ਗਏ ਅਤੇ ਅੱਗੇ ਮਨੀਲਾ ਤੋਂ ਹੁੰਦੇ ਹੋਏ 18 ਅਪ੍ਰੈਲ 1913 ਨੂੰ ਅਮਰੀਕਾ ਚਲੇ ਗਏ। ਲਾਲਾ ਹਰਦਿਆਲ ਉਸ ਵੇਲੇ ਅਮਰੀਕਾ ਵਿੱਚ ਪ੍ਰੋਫੈਸਰ ਲੱਗੇ ਹੋਏ ਸਨ। ਲਾਲਾ ਹਰਦਿਆਲ ਨੇ ਪ੍ਰੋਫ਼ੈਸਰ ਤੋਂ ਅਸਤੀਫਾ ਦੇ ਕੇ ਹਿੰਦੀ ਕਿਰਤੀਆਂ ਨੂੰ ਦੇਸ਼ ਦੀ ਆਜ਼ਾਦੀ ਪ੍ਰਤੀ ਜਾਗਰੂਕ ਕਰਨ ਵਾਸਤੇ ਸਰੇਆਮ ਲੈਕਚਰ ਦੇਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਦਾ ਅਮਰੀਕਾ ਵਿੱਚ ਏਨਾ ਅਸਰ-ਰਸੂਖ ਸੀ ਕਿ ਉਹ ਲੇਬਰ ਪਾਰਟੀ ਦੇ ਪ੍ਰਧਾਨ ਬਣ ਗਏ । ਉਸ ਵੇਲੇ ਲਾਲਾ ਹਰਦਿਆਲ ਨੇ ਨਵੀਨ ਗੀਤਾ ਲਿਖੀ, ਜਿਸ ਦਾ ਮਕਸਦ ਸੀ ਕਿ ਪਹਾੜਾਂ ਵਿੱਚ ਤਪੱਸਿਆ ਤੇ ਮੋਕਸ਼ ਨੂੰ ਛੱਡ ਕੇ ਕੁਰਬਾਨੀ ਦੇ ਕੇ ਹਿੰਦ ਨੂੰ ਆਜ਼ਾਦ ਕਰਾਓ । ਸੋਹਣ ਲਾਲ ਨੇ ਗ਼ਦਰ ਪਾਰਟੀ ਵੱਲੋਂ ਲੱਗੀ ਡਿਊਟੀ ਅਨੁਸਾਰ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦਾ ਸੰਘਰਸ਼ ਵੀ ਕੈਨੇਡਾ ਜਾ ਕੇ ਲੜਿਆ।

ਗਦਰ ਪਾਰਟੀ ਦੇ ਬੁਲਾਵੇ 'ਤੇ ਸੋਹਣ ਲਾਲ ਜੀ ਪੜ੍ਹਾਈ ਛੱਡ ਕੇ ਸਾਨ ਫਰਾਂਸਿਸਕੋ ਆ ਗਏ। ਗਦਰ ਪਾਰਟੀ ਨੇ ਸੋਹਣ ਲਾਲ ਦੀ ਜ਼ਿੰਮੇਵਾਰੀ ਬਰਮਾ ਵਾਲੇ ਪਾਸੇ ਤੋਂ ਗਦਰ ਕਰਨ ਦੀ ਲਾਈ । ਸੋਹਣ ਲਾਲ ਦੇ ਉਦਮਾਂ ਸਦਕਾ ਸਿੰਘਾਪੁਰ ਦੀ ਫੌਜ ਨੇ 14-15-16 ਮਾਰਚ 1915 ਨੂੰ ਬਗਾਵਤ ਕਰਕੇ ਸਿੰਘਾਪੁਰ 'ਤੇ ਇੱਕ ਵਾਰ ਕਬਜ਼ਾ ਰੱਖਿਆ ਅਤੇ ਅਖੀਰ ਅੰਗਰੇਜ਼ਾਂ ਨੇ ਹੋਰ ਫ਼ੌਜ ਮੰਗਵਾ ਕੇ ਕਬਜ਼ਾ ਤੋੜਿਆ।

ਸੋਹਣ ਲਾਲ 15 ਅਗਸਤ 1915 ਨੂੰ ਬਰਮਾ ਦੀ ਮੇਮੋ ਛਾਉਣੀ ਵਿਖੇ ਹਿੰਦੀ ਸਿਪਾਹੀਆਂ ਨੂੰ ਬਗਾਵਤ ਵਾਸਤੇ ਤਿਆਰ ਕਰਕੇ ਵਾਪਸ ਆ ਰਹੇ ਸਨ ਤੇ ਅੰਗਰੇਜ਼ਾਂ ਦੇ ਇੱਕ ਬੂਟ ਚਾਟ ਹੌਲਦਾਰ ਤੇ ਦੋ ਸਿਪਾਹੀਆਂ ਨੇ ਉਨ੍ਹਾਂ ਨੂੰ ਜੱਫੇ ਵਿੱਚ ਲੈ ਕੇ ਗ੍ਰਿਫਤਾਰ ਕਰ ਲਿਆ।

ਅੰਗਰੇਜ਼ਾਂ ਨੇ ਸੋਹਣ ਲਾਲ ਪਾਠਕ ਨੂੰ 10 ਫਰਵਰੀ 1916 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਫਾਂਸੀ ਦੇ ਤਖ਼ਤੇ ਤੋਂ ਉਨ੍ਹਾਂ ਬਿਆਨ ਦਿੱਤਾ, ਮੈਂ ਅੱਜ ਹੱਦੋਂ ਵੱਧ ਖੁਸ਼ ਹਾਂ, ਕਿਉਂਕਿ ਮੈਂ ਭਾਰਤ ਮਾਤਾ ਦੀ ਆਜ਼ਾਦੀ ਦੀ ਖਾਤਰ ਫਾਂਸੀ ਚੜ੍ਹਨ ਜਾ ਰਿਹਾ ਹਾਂ।

**# ਸੰਪਰਕ : 98760-78731**

### ਡਲਿਵਰੀ ਆਪ੍ਰੇਸ਼ਨ ਤੋਂ ਬਾਅਦ ਔਰਤ ਦੀ ਮੌਤ ਦਾ ਮਾਮਲਾ ਗਰਮਾਇਆ

# ਮ੍ਰਿਤਕਾ ਦੇ ਵਾਰਸਾਂ ਨੇ ਲਾਸ਼ ਨੂੰ ਸੜਕ 'ਤੇ ਰੱਖ ਕੇ ਲਾਇਆ ਧਰਨਾ

## ਡਾਕਟਰ 'ਤੇ ਅਣਗਹਿਲੀ ਵਰਤਣ ਦਾ ਦੋਸ਼




**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਥਾਨਕ ਗਾਂਧੀ ਨਗਰ ਨੌਧਰਾਣੀ ਰੋਡ ਦੀ ਵਸਨੀਕ ਔਰਤ ਅਮਨਦੀਪ ਕੌਰ ਦਾ ਲੰਘੇ ਦਿਨੀਂ ਸਥਾਨਕ ਸਿਵਲ ਹਸਪਤਾਲ ਦੇ ਗਾਇਨੀ ਵਿਭਾਗ 'ਚ ਆਪ੍ਰੇਸ਼ਨ ਹੋਣ ਤੋਂ ਬਾਅਦ ਹਾਲਤ ਵਿਗੜ ਜਾਣ ਉਪਰੰਤ ਐਤਵਾਰ ਸਵੇਰੇ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਇਲਾਜ ਦੌਰਾਨ ਮੌਤ ਹੋ ਗਈ ਹੈ, ਜਿਸ ਤੋਂ ਭੜਕੇ ਮ੍ਰਿਤਕਾ ਦੇ ਵਾਰਸਾਂ ਨੇ ਆਪ੍ਰੇਸ਼ਨ ਦੌਰਾਨ ਡਾਕਟਰ 'ਤੇ ਕਥਿਤ ਅਣਗਹਿਲੀ ਵਰਤਣ ਦਾ ਦੋਸ਼ ਲਗਾਉਂਦੇ ਹੋਏ ਅੱਜ ਸ਼ਾਮ ਸਥਾਨਕ ਸਿਵਲ ਹਸਪਤਾਲ ਦੇ ਗੇਟ ਸਾਹਮਣੇ ਸੜਕ ਵਿਚਕਾਰ ਲਾਸ਼ ਰੱਖ ਕੇ ਰੋਹ ਭਰਪੂਰ ਧਰਨਾ ਦਿੰਦਿਆਂ ਨਾਅਰੇਬਾਜ਼ੀ ਕਰਦੇ ਹੋਏ ਆਪ੍ਰੇਸ਼ਨ ਕਰਨ ਵਾਲੀ ਮਹਿਲਾ ਡਾਕਟਰ ਖਿਲਾਫ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ।

ਮ੍ਰਿਤਕਾ ਦੇ ਪਤੀ ਜਸਵੀਰ ਸਿੰਘ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਲੰਘੀ 6 ਫਰਵਰੀ ਦੀ ਦੁਪਹਿਰ ਵੇਲੇ ਆਪਣੀ ਗਰਭਵਤੀ ਪਤਨੀ ਅਮਨਦੀਪ ਕੌਰ ਨੂੰ ਇਲਾਜ ਲਈ ਮਾਲੇਰਕੋਟਲਾ ਦੇ ਸਿਵਲ ਹਸਪਤਾਲ ਵਿਖੇ ਲੈ ਕੇ ਆਇਆ ਸੀ, ਜਿੱਥੇ 7 ਫਰਵਰੀ ਨੂੰ ਲੇਡੀਜ਼ ਡਾਕਟਰ ਨੇਹਾ ਗਰਗ ਨੇ ਮੇਰੀ ਪਤਨੀ ਦਾ ਵੱਡਾ ਆਪ੍ਰੇਸ਼ਨ ਕੀਤਾ ਸੀ ਅਤੇ ਲੜਕਾ ਪੈਦਾ ਹੋਇਆ ਸੀ, ਜੋ ਕਿ ਠੀਕ-ਠਾਕ ਹੈ, ਪ੍ਰੰਤੂ ਆਪ੍ਰੇਸ਼ਨ ਤੋਂ ਬਾਅਦ ਜਦੋਂ ਦਰਦ ਨਾਲ ਮੇਰੀ ਪਤਨੀ ਦੀ ਹਾਲਤ ਖਰਾਬ ਹੋਣ ਲੱਗੀ ਤਾਂ ਡਾਕਟਰ ਨੇਹਾ ਗਰਗ ਨੇ ਸ਼ਾਮ ਸਾਢੇ 7 ਵਜੇ ਦੇ ਕਰੀਬ ਮੇਰੀ ਪਤਨੀ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਰੈਫਰ ਕਰ ਦਿੱਤਾ।

ਪਤੀ ਜਸਵੀਰ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਕਰੀਬ 9 ਵਜੇ ਇਲਾਜ ਦੌਰਾਨ ਰਾਜਿੰਦਰਾ ਹਸਪਤਾਲ ਵਿਖੇ ਮੇਰੀ ਪਤਨੀ ਦੀ ਮੌਤ ਹੋ ਗਈ।ਇਸ ਦੌਰਾਨ ਸਾਨੂੰ ਪਤਾ ਲੱਗਾ ਕਿ ਮਾਲੇਰਕੋਟਲਾ ਸਿਵਲ ਹਸਪਤਾਲ 'ਚ ਮੇਰੀ ਪਤਨੀ ਦੇ ਆਪ੍ਰੇਸ਼ਨ ਦੌਰਾਨ ਡਾਕਟਰ ਵੱਲੋਂ ਵਰਤੀ ਗਈ ਕਥਿਤ ਅਣਗਹਿਲੀ ਕਾਰਨ ਮੌਤ ਹੋਈ ਹੈ।ਮ੍ਰਿਤਕਾ ਦੇ ਪਤੀ ਸਮੇਤ ਸਮੂਹ ਧਰਨਾਕਾਰੀਆਂ ਨੇ ਮੰਗ ਕੀਤੀ ਹੈ ਕਿ ਡਾਕਟਰਾਂ ਦਾ ਬੋਰਡ ਬਣਾ ਕੇ ਸੀ.ਸੀ.ਟੀ.ਵੀ. ਕੈਮਰਿਆਂ ਸਾਹਮਣੇ ਮ੍ਰਿਤਕਾ ਦਾ ਪੋਸਟ ਮਾਰਟਮ ਕੀਤਾ ਜਾਵੇ ਤੇ ਅਣਗਹਿਲੀ ਵਰਤਣ ਵਾਲੀ ਮਹਿਲਾ ਡਾਕਟਰ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।ਜਦੋਂ ਤੱਕ ਮਾਮਲੇ ਦੀ ਜਾਂਚ ਚੱਲ ਰਹੀ ਹੈ, ਉਦੋਂ ਤੱਕ ਉਕਤ ਮਹਿਲਾ ਡਾਕਟਰ ਨੇਹਾ ਗਰਗ ਦੇ ਸਿਵਲ ਹਸਪਤਾਲ 'ਚ ਕੰਮ ਕਰਨ 'ਤੇ ਰੋਕ ਲਗਾਈ ਜਾਵੇ।ਮੌਕੇ 'ਤੇ ਪੁੱਜੇ ਥਾਣਾ ਸਿਟੀ-1 ਦੇ ਐੱਸ.ਐੱਚ.ਓ. ਸੁਰਿੰਦਰ ਭੱਲਾ ਨੇ ਧਰਨਾਕਾਰੀਆਂ ਨੂੰ ਇਨਸਾਫ ਦਿਵਾਉਣ ਦਾ ਭਰੋਸਾ ਦਿੰਦਿਆਂ ਸ਼ਾਂਤ ਕਰਨ ਦੀ ਕਾਫੀ ਕੋਸ਼ਿਸ਼ ਕੀਤੀ, ਪ੍ਰੰਤੂ ਟੱਸ ਤੋਂ ਮੱਸ ਨਾ ਹੋਏ ਧਰਨਾਕਾਰੀ ਆਪਣੀ ਮੰਗ 'ਤੇ ਅੜੇ ਰਹੇ।

ਧਰਨਾਕਾਰੀਆਂ ਨਾਲ ਗੱਲਬਾਤ ਕਰਨ ਲਈ ਪੁੱਜੇ ਸਹਾਇਕ ਸਿਵਲ ਸਰਜਨ ਡਾਕਟਰ ਸੰਜੀਲਾ ਖਾਨ ਨੇ ਧਰਨਾਕਾਰੀਆਂ ਨੂੰ ਇਨਸਾਫ ਦਿੱਤੇ ਜਾਣ ਦਾ ਭਰੋਸਾ ਦਿੰਦੇ ਹੋਏ ਕਿਹਾ ਕਿ ਸਵੇਰੇ ਡਾਕਟਰਾਂ ਦੇ ਬੋਰਡ ਦੀ ਨਿਗਰਾਨੀ 'ਚ ਮ੍ਰਿਤਕਾ ਦਾ ਪੋਸਟ ਮਾਰਟਮ ਕੀਤਾ ਜਾਵੇਗਾ ਤੇ ਮਾਮਲੇ ਦੀ ਵਿਭਾਗੀ ਜਾਂਚ ਦੌਰਾਨ ਜੇਕਰ ਆਪ੍ਰੇਸ਼ਨ 'ਚ ਡਾਕਟਰ ਦੀ ਅਣਗਹਿਲੀ ਪਾਈ ਗਈ ਤਾਂ ਉਕਤ ਡਾਕਟਰ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਜਦੋਂ ਤੱਕ ਮਾਮਲੇ ਦੀ ਜਾਂਚ ਚੱਲ ਰਹੀ ਹੈ, ਉਦੋਂ ਤੱਕ ਉਕਤ ਡਾਕਟਰ ਦੇ ਆਪ੍ਰੇਸ਼ਨ ਕਰਨ 'ਤੇ ਰੋਕ ਲਗਾਈ ਜਾਵੇਗੀ।ਉਕਤ ਭਰੋਸੇ ਤੋਂ ਬਾਅਦ 7 ਵਜੇ ਦੇ ਕਰੀਬ ਧਰਨਾਕਾਰੀਆਂ ਨੇ ਧਰਨਾ ਸਮਾਪਤ ਕਰ ਦਿੱਤਾ ਤੇ ਸਵੇਰੇ ਪੋਸਟ ਮਾਰਟਮ ਕਰਨ ਲਈ ਲਾਸ਼ ਨੂੰ ਸਿਵਲ ਹਸਪਤਾਲ ਦੇ ਫਰਿੱਜ 'ਚ ਰੱਖਿਆ ਗਿਆ ਹੈ।

### ਮੇਰੀ ਕੋਈ ਗਲਤੀ ਨਹੀਂ : ਡਾ. ਨੇਹਾ ਗਰਗ

ਇਸ ਮਾਮਲੇ ਸਬੰਧੀ ਜਦੋਂ ਆਪ੍ਰੇਸ਼ਨ ਕਰਨ ਵਾਲੀ ਮਹਿਲਾ ਡਾਕਟਰ ਨੇਹਾ ਗਰਗ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਧਰਨਾਕਾਰੀਆਂ ਵੱਲੋਂ ਲਗਾਏ ਗਏ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਮੇਰੀ ਕੋਈ ਗਲਤੀ ਨਹੀਂ ਹੈ, ਨਾ ਹੀ ਮੈਂ ਕੋਈ ਅਣਗਹਿਲੀ ਵਰਤੀ ਹੈ।

ਮੇਰੇ ਵੱਲੋਂ ਆਪ੍ਰੇਸ਼ਨ ਬਿਲਕੁਲ ਠੀਕ ਕੀਤਾ ਗਿਆ ਹੈ।ਉਸ ਦੀ ਮੌਤ ਤਾਂ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਇਲਾਜ ਦੌਰਾਨ ਹੋਈ ਹੈ।

## ਖ਼ੂਨ ਦੇ ਰਿਸ਼ਤਿਆਂ 'ਤੇ ਤਬਦੀਲ ਕਰਨ ਵਾਲੀ ਜਾਇਦਾਦ 'ਤੇ ਟੈਕਸ ਦਾ ਸੀਪੀਆਈ ਵੱਲੋਂ ਵਿਰੋਧ

**ਲੁਧਿਆਣਾ (ਭਾਟੀਆ)**-ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਨੇ ਸਰਕਾਰ ਵੱਲੋਂ ਖ਼ੂਨ ਦੇ ਰਿਸ਼ਤਿਆਂ ਨੂੰ ਤਬਦੀਲ ਕਰਨ ਵਾਲੀ ਜਾਇਦਾਦ 'ਤੇ ਸਟੈਂਪ ਡਿਊਟੀ ਲਾਉਣ ਦੀਆਂ ਖਬਰਾਂ ਦਾ ਸਖਤ ਵਿਰੋਧ ਕੀਤਾ ਹੈ।ਪਾਰਟੀ ਆਗੂਆਂ ਨੇ ਕਿਹਾ ਕਿ ਸਰਕਾਰ ਇਹ ਕਹਿ ਕੇ ਸੱਤਾ ਵਿੱਚ ਆਈ ਸੀ ਕਿ ਰੇਤ ਦੇ ਮਾਫੀਆ ਨੂੰ ਫੜ ਕੇ ਸਰਕਾਰ 20 ਹਜ਼ਾਰ ਕਰੋੜ ਹਰ ਸਾਲ ਰੇਤ ਦੀਆਂ ਖੱਡਾਂ ਤੋਂ ਕਮਾਏਗੀ ਅਤੇ ਉਸ ਨੂੰ ਲੋਕਾਂ 'ਤੇ ਕੋਈ ਵੀ ਟੈਕਸ ਨਹੀਂ ਲਗਾਉਣਾ ਪਏਗਾ।ਹੁਣ ਸਰਕਾਰ ਆਪਣੇ ਕੀਤੇ ਹੋਏ ਵਾਅਦੇ ਤੋਂ ਮੁੱਕਰ ਰਹੀ ਹੈ ਤੇ ਆਮ ਲੋਕਾਂ 'ਤੇ ਇਹ ਬੋਝ ਪਾ ਕੇ ਆਪਣੀ ਨਾਕਾਮੀ ਨੂੰ ਲੁਕਾਉਣਾ ਚਾਹੁੰਦੀ ਹੈ ਅਤੇ ਆਮਦਨ ਵਧਾਉਣਾ ਚਾਹੁੰਦੀ ਹੈ।ਜ਼ਿਕਰਯੋਗ ਹੈ ਕਿ ਇਸ ਸਰਕਾਰ ਦੇ ਆਉਣ ਤੋਂ ਪਹਿਲਾਂ ਸਟੈਂਪ ਡਿਊਟੀ ਨਹੀਂ ਸੀ ਤੇ ਹੁਣ ਖ਼ੂਨ ਦੇ ਰਿਸ਼ਤਿਆਂ ਵਿੱਚ ਤਬਦੀਲ ਕੀਤੀ ਜਾਣ ਵਾਲੀ ਜਾਇਦਾਦ 'ਤੇ ਇਕ ਤੋਂ ਢਾਈ ਪ੍ਰਤੀਸ਼ਤ ਦੀ ਸਟੈਂਪ ਡਿਊਟੀ ਦਾ ਸੁਝਾਅ ਲਿਆ ਕੇ ਸਰਕਾਰ ਆਪਣੇ ਹੀ ਕੀਤੇ ਵਾਅਦਿਆਂ ਤੋਂ ਮੁੱਕਰ ਰਹੀ ਹੈ ਕਿ ਉਹ ਸੱਤਾ ਵਿੱਚ ਆਉਣ ਤੋਂ ਬਾਅਦ ਪਿਛਲੀਆਂ ਸਰਕਾਰਾਂ ਵਾਂਗੂੰ ਕੋਈ ਵੀ ਟੈਕਸ ਨਹੀਂ ਲਾਉਣਗੇ।ਇਸ ਨਾਲ ਜਿੱਥੇ ਲੋਕਾਂ 'ਤੇ ਬੋਝ ਵਧੇਗਾ, ਉਥੇ ਲੋਕਾਂ ਵਿੱਚ ਇਸ ਦਾ ਰੋਸ ਵੀ ਹੋਵੇਗਾ। ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਇਸ ਤਜਵੀਜ਼ ਦਾ ਸਖਤ ਵਿਰੋਧ ਕਰਦੀ ਹੈ ਅਤੇ ਲੋਕਾਂ 'ਤੇ ਪੈਣ ਵਾਲੇ ਬੋਝ ਨੂੰ ਬਰਦਾਸ਼ਤ ਨਹੀਂ ਕਰੇਗੀ।

ਬਿਆਨ ਜਾਰੀ ਕਰਨ ਵਾਲਿਆਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਡੀ ਪੀ ਮੌੜ, ਡਾਕਟਰ ਅਰੁਣ ਮਿੱਤਰਾ, ਚਮਕੌਰ ਸਿੰਘ, ਐੱਮ ਐੱਸ ਭਾਟੀਆ, ਰਮੇਸ਼ ਰਤਨ, ਕੇਵਲ ਸਿੰਘ ਬਨਵੈਤ ਤੇ ਵਿਜੇ ਕੁਮਾਰ ਸ਼ਾਮਲ ਸਨ।

# 'ਆਪ' ਦੀਆਂ ਨੀਤੀਆਂ ਤੇ ਝੂਠੇ ਲਾਰੇ ਦਿੱਲੀ ਚੋਣਾਂ 'ਚ ਹਾਰ ਦਾ ਮੁੱਖ ਕਾਰਨ ਬਣੇ : ਮੋਤੀ, ਗਗੜਾ, ਚਾਹਲ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਦੇ ਲੋਕਾਂ, ਪੰਜਾਬ ਦੇ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਭਾਵੇਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਦੀ ਕੋਈ ਖੁਸ਼ੀ ਨਹੀਂ ਹੈ, ਪਰ ਝੂਠਾਂ ਦੀ ਪੰਡ ਸਾਬਿਤ ਹੋ ਰਹੀ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਮੰਤਰੀ ਮੰਡਲ ਦੇ ਸਮੂਹ ਮੈਂਬਰਾਂ, ਸਾਰੇ ਵਿਧਾਇਕਾਂ ਤੇ ਹੋਰਨਾਂ ਵੱਲੋਂ ਪੰਜਾਬ ਦੀ ਸਾਰੀ ਤਾਕਤ ਪਿਛਲੇ ਕਈ ਦਿਨਾਂ ਤੋਂ ਦਿੱਲੀ ਚੋਣਾਂ ਵਿੱਚ ਝੋਕਣ ਦੇ ਬਾਵਜੂਦ ਆਮ ਆਦਮੀ ਪਾਰਟੀ ਦੇ ਹਾਰਨ ਦੀ ਪੰਜਾਬ ਦੇ ਸਾਰੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਤਸੱਲੀ ਜ਼ਰੂਰ ਹੋਈ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਚੇਅਰਮੈਨ ਗੁਰਦੀਪ ਸਿੰਘ ਮੋਤੀ, ਸੂਬਾ ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ, ਗੁਰਜੀਤ ਸਿੰਘ ਘੋੜੇਵਾਹ, ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ, ਐਡੀਸ਼ਨਲ ਜਨਰਲ ਸਕੱਤਰ ਸੱਤਿਆਪਾਲ ਗੁਪਤਾ, ਮੁੱਖ ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ, ਸੂਬਾ ਪ੍ਰੈੱਸ ਸਕੱਤਰ ਕੁਲਵੰਤ ਸਿੰਘ ਚਾਨੀ ਤੇ ਅਸ਼ੋਕ ਕੌਸ਼ਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਭਾਵੇਂ ਦਿੱਲੀ 'ਤੇ ਰਾਜ ਭਾਗ ਸਮੇਂ ਦੌਰਾਨ ਆਪ ਵੱਲੋਂ ਪ੍ਰਚਾਰਿਆ ਜਾ ਰਿਹਾ ਦਿੱਲੀ ਦਾ ਸਿਹਤ ਤੇ ਸਿੱਖਿਆ ਮਾਡਲ ਅੱਖੀਂ ਤੌਰ 'ਤੇ ਨਹੀਂ ਵੇਖਿਆ, ਪਰ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਦੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਸਰਕਾਰੀ ਸਕੂਲਾਂ ਤੇ ਸਰਕਾਰੀ ਡਿਸਪੈਂਸਰੀਆਂ ਦੇ ਜਿਹੜੇ ਮੰਦੇ ਹਾਲ ਚੱਲ ਰਹੇ ਹਨ, ਇਹ ਗੱਲ ਕਿਸੇ ਪੰਜਾਬੀ ਤੋਂ ਲੁਕੀ ਛੁਪੀ ਨਹੀਂ ਹੈ।ਪੰਜਾਬ ਦੇ ਅਨੇਕਾਂ ਸਰਕਾਰੀ ਸਕੂਲ ਆਪਣੇ ਪੱਕੇ ਪ੍ਰਿੰਸੀਪਲਾਂ, ਮੁੱਖ ਅਧਿਆਪਕਾਂ ਤੇ ਅਧਿਆਪਕਾਂ ਨੂੰ ਤਰਸ ਰਹੇ ਹਨ, ਆਮ ਆਦਮੀ ਕਲਿਨਕਾਂ ਵਿੱਚ ਕੰਮ ਕਰਦੇ ਸਰਕਾਰੀ ਡਾਕਟਰਾਂ ਤੇ ਫਰਮਾਸਿਸਟਾਂ ਦਾ ਵੱਡੇ ਪੱਧਰ 'ਤੇ ਪੰਜਾਬ ਸਰਕਾਰ ਵੱਲੋਂ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਬੇਰੁਜ਼ਗਾਰਾਂ ਤੇ ਨਵੇਂ ਭਰਤੀ ਹੋ ਰਹੇ ਮੁਲਾਜ਼ਮਾਂ ਦਾ ਵੱਡੇ ਪੱਧਰ 'ਤੇ ਆਰਥਿਕ ਸ਼ੋਸ਼ਣ ਕਰ ਰਹੀ ਹੈ।ਇਹ ਸਰਕਾਰ ਇਸ ਸਬੰਧ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਕੀਤੇ ਗਏ ਫੈਸਲਿਆਂ ਨੂੰ ਵੀ ਮੰਨਣ ਤੋਂ ਇਨਕਾਰੀ ਹੋ ਗਈ ਹੈ।ਵੱਖ-ਵੱਖ ਸਰਕਾਰੀ ਵਿਭਾਗਾਂ, ਬੋਰਡਾਂ ਤੇ ਕਾਰਪੋਰੇਸ਼ਨਾਂ ਵਿੱਚ ਠੇਕੇ ਤੇ ਆਊਟ ਸੋਰਸ ਅਧੀਨ ਕੰਮ ਕਰਦੇ ਮੁਲਾਜ਼ਮਾਂ, ਆਸ਼ਾ ਵਰਕਰਾਂ, ਮਿਡ ਡੇ ਮੀਲ ਵਰਕਰ, ਆਂਗਣਵਾੜੀ ਵਰਕਰਾਂ ਦਾ ਵੱਡੇ ਪੱਧਰ 'ਤੇ ਭਗਵੰਤ ਮਾਨ ਸਰਕਾਰ ਵੱਲੋਂ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ।ਪੰਜਾਬ ਮੰਤਰੀ ਮੰਡਲ ਵੱਲੋਂ ਫੈਸਲਾ ਕਰਨ ਦੇ ਬਾਵਜੂਦ ਜਨਵਰੀ 2004 ਤੋਂ ਬਾਅਦ ਭਰਤੀ ਹੋਏ ਲਗਭਗ 2 ਲੱਖ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਕੀਤੀ ਜਾ ਰਹੀ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਸਾਢੇ ਪੰਜ ਸਾਲਾਂ ਦਾ ਬਣਦਾ ਬਕਾਇਆ ਤੇ ਮਹਿੰਗਾਈ ਭੱਤੇ ਦੀਆਂ 11 ਫੀਸਦੀ ਤਿੰਨ ਕਿਸ਼ਤਾਂ ਨਹੀਂ ਦਿੱਤੀਆਂ ਜਾ ਰਹੀਆਂ, ਪੈਨਸ਼ਨਰਾਂ ਲਈ ਤਨਖਾਹ ਕਮਿਸ਼ਨ ਦੀ ਸਿਫਾਰਸ਼ ਹੋਣ ਦੇ ਬਾਵਜੂਦ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ, ਤਨਖਾਹ ਕਮਿਸ਼ਨ ਦੀ ਸਿਫਾਰਿਸ਼ ਹੋਣ ਦੇ ਬਾਵਜੂਦ ਪਿੰਡਾਂ ਵਿੱਚ ਕੰਮ ਕਰਦੇ ਲੱਖਾਂ ਮੁਲਾਜ਼ਮਾਂ ਦਾ ਪੇਂਡੂ ਭੱਤਾ ਲਾਗੂ ਨਹੀਂ ਕੀਤਾ ਜਾ ਰਿਹਾ, ਜਦਕਿ ਪੰਜਾਬ ਦੇ ਮੁੱਖ ਮੰਤਰੀ ਨੇ ਸੱਤਾ ਸੰਭਾਲਣ ਸਮੇਂ ਕਿਹਾ ਸੀ ਕਿ ਇਹ ਸਰਕਾਰ ਹੁਣ ਪਿੰਡਾਂ ਵਿੱਚੋਂ ਚੱਲੇਗੀ।ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਦੀ ਸਾਰੀ ਉੱਚ ਅਫਸਰਸ਼ਾਹੀ ਇਨ੍ਹਾਂ ਸਹੂਲਤਾਂ ਦਾ ਬੜੇ ਲੰਬੇ ਸਮੇਂ ਤੋਂ ਲਾਭ ਲੈ ਰਹੀ ਹੈ।ਇਸ ਤੋਂ ਇਲਾਵਾ ਪੰਜਾਬ ਵਿੱਚ ਅਮਨ ਕਾਨੂੰਨ ਦੀ ਹਾਲਤ ਦਿਨੋਂ ਦਿਨ ਵਿਗੜਦੀ ਜਾ ਰਹੀ ਹੈ।ਦਿਨ ਦਿਹਾੜੇ ਪਿੰਡਾਂ ਤੇ ਸ਼ਹਿਰਾਂ ਵਿੱਚ ਲੁੱਟ-ਖੋਹ ਤੇ ਗੁੰਡਾਗਰਦੀ ਦੀਆਂ ਘਟਨਾਵਾਂ ਵਿੱਚ ਅਥਾਹ ਵਾਧਾ ਹੋ ਰਿਹਾ ਹੈ।ਪੰਜਾਬ ਸਰਕਾਰ ਵੱਲੋਂ ਫੋਕੀ ਇਸ਼ਤਿਹਾਰਬਾਜ਼ੀ ਦੇ ਨਾਂ 'ਤੇ ਖਰਚ ਕਰਕੇ ਪੰਜਾਬ ਦੇ ਸਰਕਾਰੀ ਖਜ਼ਾਨੇ ਦੇ ਕਰੋੜਾਂ ਰੁਪਏ ਬਰਬਾਦ ਕੀਤੇ ਜਾ ਰਹੇ ਹਨ।

## ਕਾਤਰਾਂ

### ਵਿਸ਼ਾਲ ਨਗਰ ਕੀਰਤਨ ਭਲਕੇ

**ਦੋਰਾਹਾ (ਹਰਮਿੰਦਰ ਸੇਠ)**-ਗੁਰਦੁਆਰਾ ਗੋਬਿੰਦ ਸਾਗਰ ਸਾਹਿਬ ਨੇੜੇ ਨਗਰ ਕੌਂਸਲ ਦਫਤਰ ਦਰਾਹਾ ਹੈਲੋ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੰਗਤ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ 11 ਫਰਵਰੀ ਮੰਗਲਵਾਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਜਾਣਕਾਰੀ ਸ੍ਰੀ ਗੁਰੂ ਰਵਿਦਾਸ ਵੈੱਲਫੇਅਰ ਕਮੇਟੀ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਵੈੱਲਫੇਅਰ ਕਮੇਟੀ ਰਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਜੋ ਵਿਸ਼ਾਲ ਨਗਰ ਕੀਰਤਨ ਹੋਵੇਗਾ। ਕਮੇਟੀ ਦੇ ਚੇਅਰਮੈਨ ਨੇ ਦੱਸਿਆ ਕਿ ਇਹ ਵਿਸ਼ਾਲ ਨਗਰ ਕੀਰਤਨ ਸ਼ਹਿਰ ਦੇ ਵੱਖ-ਵੱਖ ਸਥਾਨ ਤੋਂ ਹੁੰਦਾ ਹੋਇਆ ਅੰਤ ਗੁਰਦੁਆਰਾ ਗੋਬਿੰਦ ਸਾਗਰ ਸਾਹਿਬ ਵਿਖੇ ਅਰਦਾਸ ਉਪਰੰਤ ਸਮਾਪਤ ਹੋਵੇਗਾ।

### ਡੱਲੇਵਾਲ ਦੀ ਸਿਹਤ ਮੁੜ ਨਾਜ਼ੁਕ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਖਨੌਰੀ ਬਾਰਡਰ 'ਤੇ 26 ਨਵੰਬਰ 2024 ਤੋਂ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨੂੰ ਲਾਗੂ ਕਰਾਉਣ ਲਈ ਮਰਨ ਵਰਤ ਦੇ 76ਵੇਂ ਦਿਨ 'ਚ ਪੁੱਜੇ ਜਗਜੀਤ ਸਿੰਘ ਡੱਲੇਵਾਲ ਦੀ ਹਾਲਤ ਮੁੜ ਨਾਜ਼ੁਕ ਬਣਦੀ ਜਾ ਰਹੀ ਹੈ।ਪਿਛਲੇ 5 ਦਿਨਾਂ ਤੋਂ ਉਨ੍ਹਾਂ ਨੂੰ ਡਾਕਟਰੀ ਸਹਾਇਤਾ ਦੇਣ 'ਚ ਮੁਸ਼ਕਲ ਆ ਰਹੀ ਹੈ, ਕਿਉਂਕਿ ਡਾਕਟਰਾਂ ਨੂੰ ਡਰਿੱਪ ਲਾਉਣ ਲਈ ਨਾੜ ਨਹੀਂ ਦਿਸ ਰਹੀ ਹੈ ਤੇ ਉਨ੍ਹਾਂ ਦਾ ਇਲਾਜ ਨਾ ਦੇ ਬਰਾਬਰ ਚੱਲ ਰਿਹਾ ਹੈ।ਡੱਲੇਵਾਲ ਦੇ ਹੱਥਾਂ ਦੀਆਂ ਜ਼ਿਆਦਾਤਰ ਨਾੜਾਂ ਬੰਦ ਹੋ ਗਈਆਂ ਹਨ।ਡਾਕਟਰ ਉਨ੍ਹਾਂ ਨੂੰ ਲੱਤਾਂ ਦੀਆਂ ਨਾੜੀਆਂ ਰਾਹੀਂ ਡਰਿੱਪ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।

# ਮਿਲਾਵਟਖੋਰੀ ਖਿਲਾਫ ਪੰਜਾਬ ਸਰਕਾਰ ਪੀ ਡੀ ਐੱਫ ਏ ਨਾਲ : ਖੁੱਡੀਆਂ

## ਪੰਜਾਬ ਦੀ ਡੇਅਰੀ ਲਈ ਸਰਕਾਰ ਮਿਲਕਫ਼ੈੱਡ ਨੂੰ ਮਜ਼ਬੂਤ ਕਰੇ : ਸਦਰਪੁਰਾ

**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**



ਜਗਰਾਉਂ ਦੀ ਪਸ਼ੂ ਮੰਡੀ ਵਿਖੇ ਚੱਲ ਰਹੇ 18ਵੇਂ ਤਿੰਨ ਰੋਜ਼ਾ ਕੌਮਾਂਤਰੀ ਪੀਡੀਐੱਫਏ ਡੇਅਰੀ ਤੇ ਐਗਰੀ ਐਕਸਪੋ ਦੇ ਦੂਜੇ ਦਿਨ ਬਤੌਰ ਮੁੱਖ ਮਹਿਮਾਨ ਪੁੱਜੇ, ਪੰਜਾਬ ਦੇ ਖੇਤੀਬਾੜੀ ਤੇ ਪਸ਼ੂ ਪਾਲਣ ਵਿਭਾਗ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮਿਲਾਵਟਖੋਰੀ ਖਿਲਾਫ ਪੰਜਾਬ ਸਰਕਾਰ ਪੀਡੀਐੱਫਏ ਦੇ ਨਾਲ ਚਟਾਨ ਵਾਂਗ ਖੜੀ ਹੈ।ਸਰਕਾਰ ਪੀਡੀਐੱਫਏ ਨਾਲ ਮਿਲ ਕੇ ਮਿਲਾਵਟਖੋਰੀ ਖਿਲਾਫ ਸਖਤ ਐਕਸ਼ਨ ਉਲੀਕਣ ਦੇ ਨਾਲ ਡੇਅਰੀ ਕਿੱਤੇ ਨੂੰ ਹੋਰ ਪ੍ਰਫੁੱਲਤ ਤੇ ਲਾਹੇਵੰਦ ਬਣਾਉਣ ਲਈ ਟੇਬਲ ਟਾਕ ਕਰੇਗੀ।ਇਸ ਮੌਕੇ ਪੀਡੀਐੱਫਏ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਹੁਣ ਤੱਕ ਸਰਕਾਰਾਂ ਦੀ ਡੇਅਰੀ ਕਿੱਤੇ ਨੂੰ ਲੈ ਕੇ ਅਣਦੇਖੀ 'ਤੇ ਰੋਸ ਜ਼ਾਹਰ ਕਰਦਿਆਂ ਮੌਜੂਦਾ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਦੀ ਡੇਅਰੀ ਕੁਝ ਜ਼ਿਆਦਾ ਨਹੀਂ ਮੰਗਦੀ, ਪਰ ਸੂਬੇ ਦੀ ਡੇਅਰੀ ਨੂੰ ਸਫਲ ਬਣਾਉਣ ਲਈ ਮਿਲਕਫੈੱਡ ਨੂੰ ਮਜ਼ਬੂਤ ਕੀਤਾ ਜਾਵੇ।ਮਿਲਕਫ਼ੈੱਡ ਦੀ ਨੀਂਹ ਕਮਜ਼ੋਰ ਹੈ ਤੇ ਉਸ ਨੂੰ ਹੋਰ ਕਮਜ਼ੋਰ ਕੀਤਾ ਜਾ ਰਿਹਾ ਹੈ।ਇਸ ਲਈ ਬਿਨਾਂ ਸਮਾਂ ਗਵਾਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਅੱਗੇ ਆਉਣ।ਅੱਜ ਪੀਡੀਐੱਫਏ ਡੇਅਰੀ ਐਕਸਪੋ ਪੂਰੀ ਤਰ੍ਹਾਂ ਜ਼ੋਬਨ 'ਤੇ ਰਿਹਾ।ਪੰਜਾਬ ਤੋਂ ਇਲਾਵਾ ਦੇਸ਼ ਦੇ ਦਰਜਨਾਂ ਸੂਬਿਆਂ ਤੋਂ ਜਿੱਥੇ ਡੇਅਰੀ ਮਾਲਕਾਂ ਤੇ ਪਸ਼ੂ ਪਾਲਕ ਉਮੜੇ, ਉੱਥੇ ਵਿਦੇਸ਼ਾਂ ਤੋਂ ਵੀ ਵੱਡੀ ਗਿਣਤੀ 'ਚ ਪੁੱਜੇ ਗੋਰਿਆਂ ਦੀਆਂ ਟੋਲੀਆਂ ਡੇਅਰੀ ਐਕਸਪੋ ਦੇ ਕੋਨੇ ਕੋਨੇ ਵਿੱਚ ਨਜ਼ਰ ਆ ਰਹੀਆਂ ਸਨ।ਬ੍ਰਾਜ਼ੀਲ ਤੋਂ 20 ਮੈਂਬਰੀ ਵਫਦ ਨੇ ਦਿਨ ਭਰ ਡੇਅਰੀ ਐਕਸਪੋ ਵਿੱਚ ਬਿਤਾਉਂਦਿਆਂ ਆਪਣੇ ਦੇਸ਼ ਤੇ ਪੰਜਾਬ ਦੀ ਡੇਅਰੀ ਚਲਾਉਣ ਦੇ ਗੁਰ ਸਾਂਝੇ ਕੀਤੇ।ਪੀਡੀਐੱਫਏ ਵੱਲੋਂ ਕਰਵਾਏ ਗਏ ਦੁੱਧ ਚੁਆਈ ਮੁਕਾਬਲਿਆਂ ਦੌਰਾਨ ਪਸ਼ੂ ਪ੍ਰੇਮੀਆਂ ਨਾਲ ਖਚਾਖਚ ਭਰੇ ਪੰਡਾਲ ਵਿੱਚ ਪਹੁੰਚਦਿਆਂ ਆਪਣੇ ਸੰਬੋਧਨ 'ਚ ਕਿਹਾ ਕਿ ਪੀਡੀਐੱਫਏ ਨੇ ਖੁਦ ਆਪਣੇ ਪੈਰਾਂ 'ਤੇ ਡੇਅਰੀ ਕਿੱਤੇ ਨੂੰ ਸਿਖਰ 'ਤੇ ਪਹੁੰਚਾਉਂਦਿਆਂ ਕੀਰਤੀਮਾਨ ਸਥਾਪਤ ਕੀਤਾ, ਜਿਸ ਨੇ ਪੰਜਾਬ ਨੂੰ ਅਸਲ ਵਿੱਚ ਝੋਨੇ ਤੇ ਕਣਕ ਦੇ ਬਦਲ ਦੀ ਸਪੱਸ਼ਟ ਤਸਵੀਰ ਦਿਖਾਈ ਹੈ।ਉਨ੍ਹਾਂ ਪੰਜਾਬ ਦੇ ਕਿਸਾਨਾਂ ਖਾਸ ਕਰ ਨੌਜਵਾਨਾਂ ਨੂੰ ਝੋਨੇ ਕਣਕ ਦੇ ਫਸਲੀ ਚੱਕਰ 'ਚੋਂ ਨਿੱਕਲ ਕੇ ਤੇ ਨੌਕਰੀਆਂ ਦੀ ਝਾਕ ਛੱਡ ਕੇ ਡੇਅਰੀ ਕਿੱਤੇ ਦੇ ਨਾਲ ਨਾਲ ਘੋੜਿਆਂ, ਬੱਕਰੀਆਂ, ਸੂਰ ਤੇ ਮੱਛੀ ਪਾਲਣ ਕਿੱਤੇ ਨੂੰ ਅਪਣਾਉਣ ਦੀ ਅਪੀਲ ਕੀਤੀ।

ਇਸ ਮੌਕੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਅਪੀਲ ਕੀਤੀ ਕਿ ਪੰਜਾਬ ਸਰਕਾਰ ਛੋਟੇ ਕਿਸਾਨਾਂ ਦਾ ਹੱਥ ਫੜੇ।ਉਨ੍ਹਾਂ ਦੀ ਬਿਹਤਰੀ ਲਈ ਬਣਦੇ ਕਦਮ ਚੁੱਕੇ।ਉਨ੍ਹਾਂ ਕਿਹਾ ਕਿ ਪੀਡੀਐੱਫਏ ਦੀ ਬਦੌਲਤ ਅੱਜ ਪੰਜਾਬ ਦੀ ਡੇਅਰੀ ਨੇ ਦੁੱਧ ਉਤਪਾਦਨ ਵਿੱਚ ਦੁਨੀਆ ਦੀ ਡੇਅਰੀ ਨੂੰ ਪਿੱਛੇ ਛੱਡ ਦਿੱਤਾ ਹੈ।ਉਨ੍ਹਾਂ ਕਿਹਾ ਕਿ ਪੀਡੀਐੱਫਏ ਪੰਜਾਬ ਦੇ ਕਿਸਾਨਾਂ ਦੀ ਆਪਣੀ ਜਥੇਬੰਦੀ ਹੈ, ਜੋ ਪੰਜਾਬ ਦੇ ਕਿਸਾਨਾਂ ਦੀ ਬੇਹਤਰੀ ਲਈ ਡੇਅਰੀ ਕਿੱਤੇ ਨੂੰ ਸਿਖਰ ਵੱਲ ਲੈ ਗਈ ਹੈ।ਇਸ ਮੌਕੇ ਦੁੱਧ ਚੁਆਈ ਦੇ ਜੇਤੂਆਂ ਨੂੰ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਵਿਧਾਇਕਾ ਸਰਬਜੀਤ ਕੌਰ ਮਾਣੂੰਕੇ, ਪੀਡੀਐੱਫਏ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ, ਪੀਏਯੂ ਦੇ ਵਾਈਸ ਚਾਂਸਲਰ ਜੇ ਪੀ ਸਿੰਘ, ਪੰਜਾਬ ਡੇਰੀ ਵਿਭਾਗ ਦੇ ਡਾਇਰੈਕਟਰ ਕੁਲਦੀਪ ਸਿੰਘ ਜੱਸੋਵਾਲ ਤੇ ਆਰ ਐੱਸ ਸੋਢੀ ਨੇ ਸਨਮਾਨਤ ਕੀਤਾ।

ਇਸ ਮੌਕੇ ਸਕੱਤਰ ਰੇਸ਼ਮ ਸਿੰਘ ਭੁੱਲਰ, ਬਲਵੀਰ ਸਿੰਘ ਨਵਾਂ ਸ਼ਹਿਰ, ਰਾਜਪਾਲ ਸਿੰਘ ਕੁਲਾਰ, ਰਣਜੀਤ ਸਿੰਘ ਲੰਘੇਆਣਾ, ਰੇਸ਼ਮ ਸਿੰਘ ਜ਼ੀਰਾ, ਕੁਲਦੀਪ ਸਿੰਘ ਮਾਨਸਾ, ਪਰਮਿੰਦਰ ਸਿੰਘ ਘੁਡਾਣੀ, ਸੁਖਦੇਵ ਸਿੰਘ ਬਰੌਲੀ, ਬਲਜਿੰਦਰ ਸਿੰਘ ਸਠਿਆਲਾ, ਸੁਖਜਿੰਦਰ ਸਿੰਘ ਘੁੰਮਣ, ਗੁਰਮੀਤ ਸਿੰਘ ਰੋਡੇ, ਕੁਲਦੀਪ ਸਿੰਘ ਸੇਰੋਂ, ਅਵਤਾਰ ਸਿੰਘ ਥਾਬਲਾ, ਸੁਖਪਾਲ ਸਿੰਘ ਵਰਪਾਲ, ਬਲਵਿੰਦਰ ਸਿੰਘ ਚੌਤਰਾ, ਸੁਖਰਾਜ ਸਿੰਘ ਗੁੜੇ, ਮਨਜੀਤ ਸਿੰਘ ਮੋਹੀ, ਗੁਰਬਖਸ਼ ਸਿੰਘ ਬਾਜੇਕੇ, ਕੁਲਦੀਪ ਸਿੰਘ ਪਟਿਆਲਾ, ਨਿਰਮਲ ਸਿੰਘ ਫੂਲ, ਸਿਕੰਦਰ ਸਿੰਘ ਪਟਿਆਲਾ, ਅਮਰਿੰਦਰ ਸਿੰਘ ਬੱਲ ਤੇ ਜਸਵਿੰਦਰ ਸਿੰਘ ਨਵਾਂ ਸ਼ਹਿਰ ਆਦਿ ਹਾਜ਼ਰ ਸਨ।

# ਸੰਯੁਕਤ ਕਿਸਾਨ ਮੋਰਚੇ ਨੇ ਰਾਜਾ ਵੜਿੰਗ ਦੇ ਪੀ ਏ ਨੂੰ ਸੌਂਪਿਆ ਮੰਗ ਪੱਤਰ



**ਲੁਧਿਆਣਾ (ਐੱਮ ਐੱਸ ਭਾਟੀਆ)**-ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਭਰ ਦੇ ਮੈਂਬਰ ਪਾਰਲੀਮੈਂਟਾਂ/ਰਾਜ ਸਭਾ ਮੈਂਬਰਾਂ ਨੂੰ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਤੇ ਰਹਿੰਦੀਆਂ ਮੰਗਾਂ ਦੀ ਪੂਰਤੀ ਲਈ ਮੰਗ ਪੱਤਰ ਸੌਂਪੇ ਗਏ।ਇਸੇ ਕੜੀ ਤਹਿਤ ਲੁਧਿਆਣਾ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਲੁਧਿਆਣਾ ਦੇ ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਪੀ ਏ ਜਗਵੀਰ ਸਿੰਘ ਸਿੱਧੂ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਹਾਜ਼ਰ ਜਥੇਬੰਦੀਆਂ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਆਗੂ ਰਘਵੀਰ ਸਿੰਘ ਬੈਨੀਪਾਲ, ਆਲ ਇੰਡੀਆ ਕਿਸਾਨ ਸਭਾ 1936 ਦੇ ਚਮਕੌਰ ਸਿੰਘ ਬਰਮੀ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਹਰਦੇਵ ਸਿੰਘ ਸੰਧੂ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੁਦਾਗਰ ਸਿੰਘ ਘੁਡਾਣੀ, ਆਲ ਇੰਡੀਆ ਕਿਸਾਨ ਸਭਾ (ਹੰਨਮੁੱਲਾ) ਦੇ ਬਲਦੇਵ ਸਿੰਘ ਲਤਾਲਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੇ ਹਾਕਮ ਸਿੰਘ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਰਵਿੰਦਰ ਸਿੰਘ ਕੋਹਾੜਾ ਨੇ ਆਖਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਕੇਵਲ ਭੱਜ ਹੀ ਨਹੀਂ ਰਹੀ, ਸਗੋਂ ਉਨ੍ਹਾਂ ਉੱਪਰ ਹੋਰ ਪਾਬੰਦੀਆਂ ਲਗਾ ਕੇ ਕਿਸਾਨਾਂ ਨੂੰ ਖੇਤੀ ਦੇ ਧੰਦੇ ਤੋਂ ਬਾਹਰ ਕਰਨਾ ਚਾਹੁੰਦੀ ਹੈ।ਉਨ੍ਹਾਂ ਸਾਂਸਦਾਂ ਨੂੰ ਮੰਗ ਪੱਤਰ ਦਿੰਦਿਆਂ ਆਖਿਆ ਕਿ ਉਹ ਲੋਕ ਸਭਾ ਤੇ ਰਾਜ ਸਭਾ ਵਿੱਚ ਆਪਣੇ ਭਾਸ਼ਣ ਦੌਰਾਨ ਕਿਸਾਨਾਂ ਦੇ ਹੱਕਾਂ ਦੀ ਗੱਲ ਕਰਨ ਤੇ ਭਾਜਪਾ ਸਰਕਾਰ ਉੱਪਰ ਦਬਾਅ ਬਣਾਉਣ ਕਿ ਸਰਕਾਰ ਕਿਸਾਨਾਂ ਦੇ ਜੀਵਨ ਪੱਧਰ ਨੂੰ ਸੁਖਾਲਾ ਕਰਨ ਦੀਆਂ ਨੀਤੀਆਂ ਬਣਾਵੇ।ਉਨ੍ਹਾਂ ਮੰਗ ਕੀਤੀ ਕਿ ਪੇਸ਼ ਕੀਤੇ ਖੇਤੀ ਮੰਡੀਨੀਤੀ ਦੇ ਖਰੜੇ ਨੂੰ ਮੁੱਢੋਂ ਰੱਦ ਕੀਤਾ ਜਾਵੇ।ਉਨ੍ਹਾਂ ਮੰਗ ਕੀਤੀ ਕਿ ਹਵਾ, ਪਾਣੀ ਤੇ ਮਿੱਟੀ ਨੂੰ ਪ੍ਰਦੂਸ਼ਤ ਕਰਨ ਵਾਲੀਆਂ ਫ਼ੈਕਟਰੀਆਂ ਉੱਪਰ ਰੋਕ ਲਗਾਈ ਜਾਵੇ ਆਦਿ।

ਇਸ ਮੌਕੇ ਕਿਸਾਨਾਂ ਨੇ ਆਖਿਆ ਕਿ ਜੇ ਸਾਂਸਦਾਂ ਵੱਲੋਂ ਕਿਸਾਨਾਂ ਦੀਆਂ ਮੰਗਾਂ ਨਾ ਉਠਾਈਆਂ ਤਾਂ ਉਨ੍ਹਾਂ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਵੱਲੋਂ ਕੇਂਦਰ ਸਰਕਾਰ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਵੀ ਕੀਤੀ।ਸਾਂਸਦ ਦੇ ਪੀ ਏ ਨੇ ਰਾਜਾ ਵੜਿੰਗ ਨਾਲ ਉਨ੍ਹਾਂ ਦੀ ਮੀਟਿੰਗ ਜਲਦੀ ਕਰਵਾਉਣ ਤੇ ਉਨ੍ਹਾਂ ਦਾ ਮੰਗ ਪੱਤਰ ਸਾਂਸਦ ਨੂੰ ਭੇਜਣ ਦਾ ਵਾਅਦਾ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਨੇਕ ਸਿੰਘ ਗੁੱਜਰਵਾਲ, ਰਾਜਵੀਰ ਸਿੰਘ ਕਿਲ੍ਹਾ ਰਾਏਪੁਰ, ਰਣਜੀਤ ਸਿੰਘ ਸਾਇਆ, ਅਮਰਜੀਤ ਸਿੰਘ ਸਹਿਜਾਦ, ਸਤਨਾਮ ਸਿੰਘ ਵੜੈਚ, ਸਿਕੰਦਰ ਸਿੰਘ ਜੜਤੌਲੀ, ਜੁਗਰਾਜ ਸਿੰਘ ਮੇਹਲੋਂ, ਨਰਿੰਦਰ ਸਿੰਘ, ਕਿਰਨਜੀਤ ਸਿੰਘ ਅਦਿ ਹਾਜ਼ਰ ਸਨ।

# ਗਰੀਬਾਂ ਨੂੰ ਉਜਾੜ ਕੇ ਪਾਰਕਾਂ ਬਣਾਉਣਾ ਇਹ ਕਿਹੋ ਜਿਹਾ ਵਿਕਾਸ ਹੈ : ਕਾਲੀ ਪਾਇਲ

## ਪਿੰਡ ਨਿਵਾਸੀਆਂ ਨੂੰ ਧੋਖੇ 'ਚ ਰੱਖ ਕੇ ਬਣਾਈ ਜਾ ਰਹੀ ਹੈ ਪਾਰਕ : ਪਿੰਡ ਵਾਸੀ



**ਦੋਰਾਹਾ (ਹਰਮਿੰਦਰ ਸੇਠ)**-75 ਸਾਲ ਤੋਂ ਗਰੀਬ ਦਲਿਤ ਮਜ਼ਲੂਮ ਤੇ ਬੇਜ਼ਮੀਨੇ ਲੋਕ ਅਕਾਲੀ, ਕਾਂਗਰਸ, ਬੀਜੇਪੀ ਤੇ ਝਾੜੂ ਦੀਆਂ ਸਰਕਾਰਾਂ ਦੇਸ਼ ਭਰ ਵਿੱਚ ਬਣਾਉਂਦੇ ਆ ਰਹੇ ਹਨ, ਜਦ ਇਹ ਪਾਰਟੀਆਂ ਸੱਤਾ ਪ੍ਰਾਪਤ ਕਰ ਲੈਂਦੀਆਂ ਹਨ, ਸਭ ਤੋਂ ਪਹਿਲਾਂ ਇਨ੍ਹਾਂ ਗਰੀਬਾਂ, ਦਲਤਾਂ, ਮਜ਼ਲੂਮਾਂ ਤੇ ਬੇਜ਼ਮੀਨੇ ਲੋਕਾਂ 'ਤੇ ਤਸ਼ਦਦ ਸ਼ੁਰੂ ਕਰਦੀਆਂ ਹਨ ਤਾਂ ਜੋ ਇਹ ਆਪਣੇ ਹੱਕ ਜਾਂ ਕੀਤੇ ਹੋਏ ਵਾਅਦਿਆਂ ਬਾਰੇ ਗੱਲ ਨਾ ਕਰ ਸਕਣ। ਇਹੋ ਜਿਹਾ ਵਰਤਾਰਾ ਪਿੰਡ ਕਣਕ ਤਹਿਸੀਲ ਪਾਇਲ ਦਾ ਹੈ, ਜਿੱਥੇ ਗਰੀਬਾਂ, ਦਲਿਤਾਂ, ਮਜ਼ਲੂਮਾਂ ਦੇ ਲਗਭਗ 75 ਸਾਲ ਤੋਂ ਗੋਹਾ ਕੂੜਾ ਸੁੱਟਣ ਵਾਲੀ ਜਗ੍ਹਾ 'ਤੇ ਪਾਰਕ ਬਣਾਉਣ ਦਾ ਪੰਚਾਇਤ ਵੱਲੋਂ ਨਾਦਰਸ਼ਾਹੀ ਫਰਮਾਨ ਜਾਰੀ ਕਰ ਦਿੱਤਾ ਗਿਆ ਹੈ, ਜਦ ਇਹ ਸਰਕਾਰ ਬਣੀ ਸੀ ਤਾਂ ਇਸ ਨੇ ਚੀਕ ਚੀਕ ਕੇ ਕਿਹਾ ਸੀ ਕਿ ਆਮ ਆਦਮੀ ਦੀ ਸਰਕਾਰ ਪਿੰਡਾਂ ਤੇ ਮਹੱਲਿਆਂ ਵਿੱਚੋਂ ਚੱਲੇਗੀ ਅਤੇ ਲੋਕਾਂ ਦੀ ਰਾਏ ਨਾਲ ਹਰ ਇੱਕ ਫੈਸਲਾ ਲਿਆ ਜਾਵੇਗਾ, ਪ੍ਰੰਤੂ ਇੱਥੇ ਆਪਣੇ ਹੀ ਕੀਤੇ ਵਾਅਦਿਆਂ ਤੋਂ ਭੱਜ ਰਹੀ ਆਮ ਆਦਮੀ ਪਾਰਟੀ ਲੋਕਾਂ ਦੀ ਰਾਏ ਦੇ ਉਲਟ ਪਰਖ ਬਣਾ ਰਹੀ ਹੈ, ਜੋ ਕਿ ਬਹੁਤ ਹੀ ਗਲਤ ਹੈ ਅਤੇ ਪਿੰਡ ਨਿਵਾਸੀ ਇਸ ਦੇ ਵਿਰੋਧ ਵਿੱਚ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਗੁਰਦੀਪ ਸਿੰਘ ਕਾਲੀ ਨੇ ਪਿੰਡ ਕਣਕ ਵਿੱਚ ਪਿੰਡ ਵਾਸੀਆਂ ਨੂੰ ਮਿਲਣ ਤੋਂ ਬਾਅਦ ਕੀਤਾ। ਉਨ੍ਹਾ ਕਿਹਾ ਕਿ ਗਰੀਬਾਂ ਨੂੰ ਉਜਾੜ ਕੇ ਪਾਰਕਾਂ ਬਣਾਉਣਾ, ਇਹ ਕਿਹੋ ਜਿਹਾ ਵਿਕਾਸ ਹੈ।

ਪਿੰਡ ਨਿਵਾਸੀਆਂ ਨੇ ਭਾਰੀ ਇਕੱਠ ਕਰਕੇ ਕਿਹਾ ਕਿ ਸਾਨੂੰ ਧੋਖੇ ਵਿੱਚ ਰੱਖ ਕੇ ਹੇ ਪਾਰਕ ਬਣਾਈ ਜਾ ਰਹੀ ਹੈ। ਇਹ ਕਿਹਾ ਜਾ ਰਿਹਾ ਸੀ ਕਿ ਇੱਥੇ ਸਫਾਈ ਕਰਨੀ ਹੈ, ਪ੍ਰੰਤੂ ਬਾਅਦ ਵਿੱਚ ਇਥੇ ਪਾਰਕ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਇਥੇ ਕਈ ਵਿਅਕਤੀਆਂ ਦੀ ਰਜਿਸਟਰੀ ਵਾਲੀ ਜਗ੍ਹਾ ਵੀ ਹੈ, ਜਿਸ ਨੂੰ ਧੱਕੇ ਨਾਲ ਦੱਬ ਕੇ ਪਾਰਕ ਬਣਾਈ ਜਾ ਰਹੀ ਹੈ। ਪਿੰਡ ਦੀ ਪੰਚਾਇਤ ਹੁਣ ਪਿੰਡ ਨਿਵਾਸੀਆਂ ਨੂੰ ਆਪਸ ਵਿੱਚ ਪਾੜਨ ਲਈ ਕਹਿ ਰਹੀ ਹੈ ਕਿ ਅਸੀਂ ਇਥੇ ਕਮਿਊਨਿਟੀ ਸੈਂਟਰ ਬਣਾਉਣਾ ਚਾਹੁੰਦੇ ਹਾਂ। ਪਿੰਡ ਨਿਵਾਸੀਆਂ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਕੋਲ ਕਾਫੀ ਜਗ੍ਹਾ ਪਈ ਹੈ, ਜੇਕਰ ਪਾਰਕ ਤੇ ਕਮਿਊਨਿਟੀ ਸੈਂਟਰ ਬਣਾਉਣਾ ਹੈ, ਉਥੇ ਬਣਾਇਆ ਜਾ ਸਕਦਾ ਹੈ। ਸਾਨੂੰ ਇਸ ਜਗ੍ਹਾ ਨੂੰ ਵਰਤਣ ਲਈ ਦਿੱਤਾ ਜਾਵੇ, ਕਿਉਂਕਿ ਪਸ਼ੂਆਂ ਦਾ ਗੋਹਾ ਕੂੜਾ ਸੁੱਟਣ ਲਈ ਸਾਡੇ ਕੋਲ ਹੋਰ ਕੋਈ ਜਗ੍ਹਾ ਨਹੀਂ ਹੈ। ਕਈ ਪਰਿਵਾਰਾਂ ਦਾ ਗੁਜ਼ਾਰਾ ਪਸ਼ੂ ਪਾਲਣ 'ਤੇ ਹੀ ਚਲਦਾ ਹੈ ਤੇ ਉਨ੍ਹਾਂ ਕੋਲ ਗੋਹਾ ਕੂੜਾ ਸੁੱਟਣ ਲਈ ਕੋਈ ਜਗ੍ਹਾ ਨਹੀਂ ਹੈ।

ਕਾਲੀ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਘਟਨਾ ਹੈ। ਇਹ ਗਰੀਬਾਂ ਨਾਲ ਧੋਖਾ ਹੈ ਤੇ ਸਾਡੀ ਜਥੇਬੰਦੀ ਇਸ ਜਗ੍ਹਾ ਉੱਪਰ ਕਿਸੇ ਵੀ ਹਾਲਤ ਵਿੱਚ ਪਾਰਕ ਨਹੀਂ ਬਣਨ ਦਵੇਗੀ, ਕਿਉਂਕਿ ਇਹ ਜਗ੍ਹਾ ਗਰੀਬ ਲੋਕਾਂ ਦੇ ਰੁਜ਼ਗਾਰ ਨਾਲ ਜੁੜੀ ਹੋਈ ਹੈ।ਇਸ ਮੌਕੇ ਹਰਜਿੰਦਰ ਸਿੰਘ, ਮੁਖਤਿਆਰ ਸਿੰਘ, ਮਨਜੀਤ ਸਿੰਘ, ਗੁਰਮੀਤ ਸਿੰਘ, ਪਾਲ ਸਿੰਘ, ਹਰਭਜਨ ਸਿੰਘ, ਬੂਟਾ ਸਿੰਘ, ਬਲਦੇਵ ਸਿੰਘ ਆਦਿ ਵੱਡੀ ਗਿਣਤੀ ਵਿੱਚ ਪਿੰਡ ਨਿਵਾਸੀ ਸ਼ਾਮਲ ਸਨ।

# ਦਿੱਲੀ ਦੇ ਲੋਕਾਂ ਨੇ ਜਤਾਇਆ ਭਾਜਪਾ 'ਤੇ ਭਰੋਸਾ : ਡਾ. ਹਰਜੋਤ ਕਮਲ

## ਦਿੱਲੀ ਜਿੱਤ ਦੀ ਖੁਸ਼ੀ 'ਚ ਵੰਡੀ ਮਠਿਆਈ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਜਪਾ ਦੇ ਸੂਬਾ ਸਕੱਤਰ ਤੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਦਿੱਲੀ ਚੋਣ ਪ੍ਰਬੰਧਨ ਤੋਂ ਵਾਪਸ ਆਉਣ ਤੋਂ ਬਾਅਦ ਨਵੀਂ ਦਾਣਾ ਮੰਡੀ ਆਪਣੇ ਭਾਜਪਾ ਦਫਤਰ ਪਹੁੰਚੇ, ਮੰਡੀ ਦੇ ਕਮਿਸ਼ਨ ਏਜੰਟਾਂ ਤੇ ਭਾਜਪਾ ਵਰਕਰਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਭਾਜਪਾ ਆਗੂ ਡਾ. ਹਰਜੋਤ ਕਮਲ ਨੇ ਦਿੱਲੀ ਵਿੱਚ ਭਾਜਪਾ ਦੀ ਜਿੱਤ ਦਾ ਜਸ਼ਨ ਮਨਾਉਣ ਲਈ ਆਪਣੇ ਸਾਰੇ ਸਮਰਥਕਾਂ ਨੂੰ ਮਠਿਆਈਆਂ ਵੰਡੀਆਂ।ਪਾਰਟੀ ਲੀਡਰਸ਼ਿਪ ਦੇ ਨਿਰਦੇਸ਼ਾਂ 'ਤੇ, ਭਾਜਪਾ ਨੇਤਾ ਡਾ. ਹਰਜੋਤ ਕਮਲ ਦਿੱਲੀ ਦੇ ਰਾਜੌਰੀ ਗਾਰਡਨ ਵਿਧਾਨ ਸਭਾ ਹਲਕੇ ਵਿੱਚ ਪਾਰਟੀ ਉਮੀਦਵਾਰ ਮਨਜਿੰਦਰ ਸਿੰਘ ਸਿਰਸਾ ਨੂੰ 18000 ਤੋਂ ਵੱਧ ਵੋਟਾਂ ਨਾਲ ਜੇਤੂ ਬਣਾਉਣ ਤੋਂ ਬਾਅਦ ਵਾਪਸ ਪਰਤ ਆਏ ਹਨ।ਡਾ. ਹਰਜੋਤ ਕਮਲ ਰਾਜੌਰੀ ਗਾਰਡਨ ਵਿਧਾਨ ਸਭਾ ਹਲਕੇ ਦੇ ਚੋਣ ਪ੍ਰਬੰਧਨ ਲਈ ਜ਼ਿੰਮੇਵਾਰ ਸਨ।ਡਾ. ਹਰਜੋਤ ਕਮਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਝੂਠ ਦੇ ਆਧਾਰ 'ਤੇ ਚੋਣਾਂ ਲੜ ਰਹੀ ਹੈ। ਪੰਜਾਬ ਵਿੱਚ ਵੀ ਇਸ ਨੇ ਦਿੱਲੀ ਮਾਡਲ ਦਿਖਾ ਕੇ ਚੋਣਾਂ ਜਿੱਤੀਆਂ, ਪਰ ਦਿੱਲੀ ਦੇ ਲੋਕ ਅਰਵਿੰਦ ਕੇਜਰੀਵਾਲ ਦੇ ਝੂਠ ਨੂੰ ਸਮਝ ਗਏ।ਇਹੀ ਕਾਰਨ ਸੀ ਕਿ ਉੱਥੋਂ ਦੇ ਲੋਕਾਂ ਨੇ ਆਖਰਕਾਰ ਭਾਜਪਾ ਤੇ ਭਰੋਸਾ ਕੀਤਾ।ਇਹ ਦਿੱਲੀ ਦੇ ਲੋਕਾਂ ਦੇ ਭਰੋਸੇ ਦੀ ਜਿੱਤ ਹੈ, ਇਹ ਜਿੱਤ ਹੁਣ ਰੁਕਣ ਵਾਲੀ ਨਹੀਂ ਹੈ। ਇਸ ਜਿੱਤ ਦਾ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੀ ਰਾਜਨੀਤੀ 'ਤੇ ਵੀ ਸਿੱਧਾ ਅਸਰ ਪਵੇਗਾ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮੰਤ ਗਰਗ ਵੀ ਉੱਥੇ ਪਹੁੰਚੇ ਤੇ ਉਨ੍ਹਾਂ ਨੇ ਡਾ. ਹਰਜੋਤ ਕਮਲ ਨੂੰ ਦਿੱਲੀ ਵਿੱਚ ਜਿੱਤ ਦੀ ਵਧਾਈ ਵੀ ਦਿੱਤੀ।ਇਸ ਮੌਕੇ ਵੱਡੀ ਗਿਣਤੀ ਵਿੱਚ ਵਰਕਰ ਤੇ ਆਗੂ ਮੌਜੂਦ ਸਨ।

# ਐੱਨ ਆਰ ਆਈਜ਼ ਵੱਲੋਂ ਜਲਾਲਾਬਾਦ 'ਚ ਕਬੱਡੀ ਕੱਪ 16 ਨੂੰ

**ਜਲਾਲਾਬਾਦ (ਜੰਗੀਰ ਕੌਰ ਫਲੀਆਵਾਲਾ/ਜੀਤ ਕੁਮਾਰ/ਰਣਬੀਰ ਕੌਰ ਢਾਬਾਂ)**-ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਜਲਾਲਾਬਾਦ ਦੇ ਮਲਟੀਪਰਜ਼ ਖੇਡ ਸਟੇਡੀਅਮ ਵਿਖੇ ਪਿੰਡ ਪੰਨੀ ਕੜਾਈ ਦੇ ਐੱਨ.ਆਰ.ਆਈ. ਵੀਰਾਂ ਤੇ ਨੈਸ਼ਨਲ ਕਬੱਡੀ ਫੈਡਰੇਸ਼ਨ ਕੈਨੇਡਾ ਦੇ ਸਾਂਝੇ ਸਹਿਯੋਗ ਨਾਲ ਯੂਥ ਕਬੱਡੀ ਕਲੱਬ ਕੈਨੇਡਾ ਵੱਲੋਂ ਸਵ. ਅਜੀਤ ਸਿੰਘ ਚਿੱਟੀ (ਕੋਚ) ਤੇ ਅਮਰਜੀਤ ਸਿੰਘ (ਬੱਬੂ) ਵਿਰਕ ਦੀ ਯਾਦ ਨੂੰ ਸਮਰਪਤ ਇਕ ਰੋਜ਼ਾ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ।

ਇਥੇ ਮਲਟੀਪਰਜ਼ ਖੇਡ ਸਟੇਡੀਅਮ ਵਿਖੇ ਮੀਟਿੰਗ ਉਪਰੰਤ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਹਰਵਿੰਦਰ ਸਿੰਘ (ਲੱਡੂ) ਤੇ ਨੀਟੂ ਕੰਗ ਨੇ ਦੱਸਿਆ ਕਿ ਇਹ ਕਬੱਡੀ ਕੱਪ ਸਵ. ਕੋਚ ਅਜੀਤ ਸਿੰਘ (ਚਿੱਟੀ) ਤੇ ਅਮਰਜੀਤ ਸਿੰਘ ਵਿਰਕ ਉਰਫ ਬੱਬੂ ਦੀ ਯਾਦ ਵਿੱਚ ਨੈਸ਼ਨਲ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ ਤੇ ਯੂਥ ਕਬੱਡੀ ਕਲੱਬ ਦੇ ਸਹਿਯੋਗ ਨਾਲ ਜਲਾਲਾਬਾਦ ਦੇ ਮਲਟੀਪਰਪਜ਼ ਸਪੋਰਟਸ ਸਟੇਡੀਅਮ ਵਿਖੇ 16 ਫਰਵਰੀ 2025 ਨੂੰ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ 6 ਲੜਕਿਆਂ ਦੀਆਂ ਟੀਮਾਂ ਤੇ 4 ਲੜਕੀਆਂ ਦੀਆਂ ਟੀਮਾਂ ਹਿੱਸਾ

## ਖਿਡਾਰੀਆਂ ਦੇ ਨਾਲ ਦਰਸ਼ਕਾਂ ਨੂੰ ਵੀ ਮਿਲਣਗੇ ਇਨਾਮ : ਹਰਵਿੰਦਰ ਸਿੰਘ




ਲੈਣਗੀਆਂ ਅਤੇ ਲੜਕਿਆਂ ਦੀ ਜੇਤੂ ਟੀਮ ਲਈ ਪਹਿਲਾ ਇਨਾਮ 1 ਲੱਖ 50 ਹਜ਼ਾਰ ਰੁਪਏ ਤੇ ਦੂਸਰਾ ਇਨਾਮ 1 ਲੱਖ ਰੁਪਏ ਦਿੱਤਾ ਜਾਵੇਗਾ। ਇਸ ਦੇ ਇਲਾਵਾ ਲੜਕੀਆਂ ਦੀ ਜੇਤੂ ਟੀਮ ਨੂੰ ਪਹਿਲਾ ਇਨਾਮ 41000 ਤੇ ਦੂਸਰਾ ਇਨਾਮ 31000 ਦਾ ਹੋਵੇਗਾ।

ਇਸ ਕਬੱਡੀ ਕੱਪ ਨੂੰ ਵੇਖਣ ਆਏ ਦਰਸ਼ਕਾਂ ਨੂੰ ਕੂਪਨ ਦਿੱਤੇ ਜਾਣਗੇ, ਜਿਸ ਵਿੱਚ ਸਾਈਕਲ ਤੇ ਐੱਲ.ਈ.ਡੀ. ਇਨਾਮ ਵਜੋਂ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਕਬੱਡੀ ਕੱਪ ਦਾ ਮੁੱਖ ਮਕਸਦ ਇਸ ਸਰਹੱਦੀ ਇਲਾਕੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਪਿੱਛੇ ਹੱਟ ਕੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਪ੍ਰਤੀ ਉਤਸ਼ਾਹਤ ਕਰਨਾ ਹੈ। ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਇਸ ਕਬੱਡੀ ਕੱਪ ਵਿੱਚ ਸ਼ਾਮਲ ਹੋ ਕੇ ਅਨੰਦ ਲੈਣ ਲਈ ਸੱਦਾ ਦਿੱਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚਰਨਜੀਤ ਸਿੰਘ (ਚੰਨਾ), ਦਵਿੰਦਰ ਸਿੰਘ ਰਾਏ, ਅਮਨ ਧਵਨ, ਅਮਰੀਕ ਖੱਖ, ਹਰਜਿੰਦਰ ਸਿੰਘ, ਸੁਨੀਲ ਕਬੱਡੀ ਕੋਚ, ਪ੍ਰਿੰਸ ਬਰਾੜ, ਹਰਪ੍ਰੀਤ ਸਿੰਘ ਸੋਢੀ, ਰਜਿੰਦਰ ਵੈਲੀ, ਰਿੰਕੂ ਖਾਲਸਾ, ਬਿੱਕਰ ਸਿੰਘ ਸਰਾਏ, ਮੱਖਣ ਸਿੰਘ ਧਾਲੀਵਾਲ ਅਮਰੀਕਾ, ਗੋਲਡੀ ਖੱਟੜ, ਕੁਲਵੀਰ ਆਦਿ ਮੌਜੂਦ ਸਨ।

# ਪਸਸਫ ਵੱਲੋਂ ਮੰਗਾਂ ਸੰਬੰਧੀ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਧਰਨਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406/22/ਚੰਡੀਗੜ੍ਹ ਦੇ ਸੱਦੇ 'ਤੇ (ਪ.ਸ.ਸ.ਫ.) ਜ਼ਿਲ੍ਹਾ ਕਮੇਟੀ ਫਿਰੋਜ਼ਪੁਰ ਦੇ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ 7, 8 ਫਰਵਰੀ 2025 ਦੇ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਧਰਨਿਆਂ ਦੀ ਸ਼ੁਰੂਆਤ ਤਹਿਤ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਦਫ਼ਤਰ ਅੱਗੇ ਦਿਨ-ਰਾਤ ਦੇ ਰੋਸ ਧਰਨੇ ਦਿੱਤੇ ਗਏ।ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਪਸਸਫ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ, ਨਿਸ਼ਾਨ ਸਿੰਘ ਸ਼ਹਿਜ਼ਾਦੀ, ਗੁਰਬੀਰ ਸਿੰਘ ਸ਼ਹਿਜ਼ਾਦੀ, ਮਹਿਲ ਸਿੰਘ, ਸਤਨਾਮ ਸਿੰਘ ਜਸਵਿੰਦਰ ਰਾਜ ਸ਼ਰਮਾ ਨੇ ਕਿਹਾ ਕਿ ਪੀ ਐੱਫ ਆਰ ਡੀ ਏ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਬਹਾਲ ਕਰਨ, ਸਾਰੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਜਨਤਕ ਅਦਾਰਿਆਂ ਦਾ ਨਿੱਜੀਕਰ/ਨਿਗਮੀਕਰਨ ਅਤੇ ਸਰਕਾਰੀ ਵਿਭਾਗਾਂ ਦੀ ਆਕਾਰ ਘਟਾਈ ਬੰਦ ਕਰਨ, ਅੱਠਵੇਂ ਤਨਖਾਹ ਕਮਿਸ਼ਨ ਦਾ ਗਠਨ ਕਰਨ, ਰਹਿੰਦੀਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੇ ਜ਼ਬਤ ਕੀਤੇ ਬਕਾਇਆਂ ਨੂੰ ਬਹਾਲ ਕੀਤਾ ਜਾਵੇ ਅਤੇ ਕੌਮੀਂ ਸਿੱਖਿਆ ਨੀਤੀ ਨੂੰ ਵਾਪਸ ਕਰਵਾਇਆ ਜਾਵੇ।ਭਰਾਤਰੀ ਜਥੇਬੰਦੀਆਂ ਦੇ ਆਗੂ ਜਸਪਾਲ ਸਿੰਘ ਪ੍ਰਧਾਨ ਪੰਜਾਬ ਪੁਲਸ ਐਸੋਸੀਏਸ਼ਨ, ਮਹਿੰਦਰ ਸਿੰਘ ਧਾਲੀਵਾਲ ਸੂਬਾ ਜਨਰਲ ਸਕੱਤਰ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਨੇ ਕਿਹਾ ਕਿ ਸੰਵਿਧਾਨ ਦੀਆਂ ਧਾਰਾ 310 ਤੇ 311 (2) ਨੂੰ ਰੱਦ ਕਰਵਾਉਣ, ਧਰਮ ਨਿਰਪੱਖਤਾ ਦੀ ਰਾਖੀ ਕਰਨ ਆਦਿ ਮੰਗਾਂ ਪ੍ਰਵਾਨ ਕੀਤੀਆਂ ਜਾਣ।ਉਨ੍ਹਾਂ ਸਮੂਹ ਮੁਲਾਜ਼ਮ ਵਰਗ ਨੂੰ ਅਗਲੇ ਸੰਘਰਸ਼ਾਂ ਲਈ ਤਿਆਰ ਰਹਿੰਦਿਆਂ ਇਨ੍ਹਾਂ ਰੈਲੀਆਂ ਧਰਨਿਆਂ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ।ਇਸ ਮੌਕੇ ਪਸਸਫ ਜ਼ਿਲ੍ਹਾ ਜਨਰਲ ਸਕੱਤਰ ਜਗਦੀਪ ਸਿੰਘ ਮਾਂਗਟ, ਸੀਨੀਅਰ ਮੀਤ ਪ੍ਰਧਾਨ ਰਾਜੀਵ ਹਾਂਡਾ, ਨਿਸ਼ਾਨ ਸਿੰਘ ਸ਼ਹਿਜ਼ਾਦੀ, ਮਹਿੰਦਰ ਸਿੰਘ ਬਰਾੜ, ਤਰਸੇਮ ਸਿੰਘ ਹਾਜੇਵਾਲੀ, ਪ੍ਰੈੱਸ ਸਕੱਤਰ ਗੁਰਮੀਤ ਸਿੰਘ ਜੰਮੂ, ਸਹਾਇਕ ਪ੍ਰੈੱਸ ਸਕੱਤਰ ਸੰਜੀਵ ਵਰਮਾ, ਮੀਤ ਪ੍ਰਧਾਨ ਨਰੇਸ਼ ਕੁਮਾਰ ਸੈਣੀ, ਮਹਿਲ ਸਿੰਘ, ਗੁਰਬੀਰ ਸਿੰਘ ਸ਼ਹਿਜ਼ਾਦੀ, ਰਾਮੇਸ਼ ਕੁਮਾਰ ਕੰਬੋਜ, ਜੋਗਿੰਦਰ ਸਿੰਘ ਕੜਾਹੇ ਵਾਲਾ, ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਬੱਧਣ ਘੱਲ ਖੁਰਦ, ਰਾਜ ਕੁਮਾਰ ਬਲਾਕ ਪ੍ਰਧਾਨ ਮਖੂ, ਕੌਰ ਸਿੰਘ ਬਲਾਕ ਪ੍ਰਧਾਨ ਜ਼ੀਰਾ, ਦਰਸ਼ਨ ਸਿੰਘ ਭੁੱਲਰ ਬਲਾਕ ਪ੍ਰਧਾਨ ਗੁਰੂ ਹਰਸਹਾਏ ਸਤਨਾਮ ਸਿੰਘ ਬਲਾਕ ਪ੍ਰਧਾਨ ਫਿਰੋਜ਼ਪੁਰ ਆਦਿ ਆਗੂਆਂ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਉਨ੍ਹਾਂ ਉੱਪਰ ਤਸ਼ਦਦ ਢਾਹੇ ਜਾ ਰਹੇ ਹਨ।ਇਸ ਮੌਕੇ ਧਰਨੇ ਦੇ ਪਹਿਲੇ ਦਿਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

# ਦਫ਼ਤਰੀ ਮੁਲਾਜ਼ਮਾਂ ਵੱਲੋਂ 13 ਨੂੰ ਮੁੱਖ ਮੰਤਰੀ ਨਿਵਾਸ ਚੰਡੀਗੜ੍ਹ ਵੱਲ ਕੂਚ ਕਰਨ ਦਾ ਐਲਾਨ

## 2 ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਤੇ ਰੈਗੂਲਰ ਨਾ ਕਰਨ 'ਤੇ ਮੁਲਾਜ਼ਮਾਂ 'ਚ ਰੋਸ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਵਾਰ ਵਾਰ ਸੂਬੇ ਦੀ ਅਫ਼ਸਰਸ਼ਾਹੀ ਨੂੰ ਹੁਕਮ ਕਰਨ ਦੇ ਬਾਵਜੂਦ ਮੁਲਾਜ਼ਮਾਂ ਦੇ ਮਸਲੇ ਹੱਲ ਨਾ ਹੋਣ ਦੇ ਰੋਸ ਵਜੋਂ ਦਫ਼ਤਰੀ ਕਾਮਿਆਂ ਵੱਲੋਂ 13 ਫਰਵਰੀ ਨੂੰ ਸਿੱਖਿਆ ਭਵਨ ਦਾ ਘਿਰਾਓ ਕਰਕੇ ਮੁੱਖ ਮੰਤਰੀ ਨਿਵਾਸ ਚੰਡੀਗੜ੍ਹ ਵੱਲ ਕੂਚ ਕਰਨ ਦਾ ਐਲਾਨ ਕਰ ਦਿੱਤਾ ਹੈ।ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਕ੍ਰਮਵਾਰ 14 ਮਾਰਚ 2024, 6 ਨਵੰਬਰ 2024, 9 ਦਸੰਬਰ 2024 ਤੇ 26 ਦਸੰਬਰ 2024 ਨੂੰ ਹੋਈਆਂ ਮੀਟਿੰਗਾਂ ਵਿੱਚ ਮੰਗਾਂ ਨੂੰ ਤੁਰੰਤ ਨਿਬੇੜਨ ਦੇ ਆਦੇਸ਼ ਦਿੱਤੇ, ਪਰ ਅੱਜ ਤੱਕ ਮੰਗਾਂ ਦੀ ਸਥਿਤੀ ਜਿਓਂ ਦੀ ਤਿਓਂ ਬਣੀ ਹੋਈ ਹੈ।

ਆਗੂਆਂ ਨੇ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਮੁਲਾਜ਼ਮਾਂ ਨਾਲ ਮੀਟਿੰਗਾਂ ਕਰਕੇ ਮੁਲਾਜ਼ਮਾਂ ਦੇ ਮਸਲੇ ਨਿਬੇੜਨ ਦੇ ਯਤਨ 'ਚ ਹੈ, ਪਰ ਦੂਜੇ ਪਾਸੇ ਅਫਸਰਸ਼ਾਹੀ ਮੁਲਾਜ਼ਮਾਂ ਦਾ ਸ਼ੋਸ਼ਣ ਕਰਨ 'ਤੇ ਉਤਾਰੂ ਹੈ।ਮੁਲਾਜ਼ਮਾਂ ਦੀ 14 ਜਨਵਰੀ ਨੂੰ ਵਿਭਾਗ ਨਾਲ ਹੋਈ ਮੀਟਿੰਗ ਵਿੱਚ ਇਸ ਗੱਲ 'ਤੇ ਸਹਿਮਤੀ ਬਣੀ ਸੀ ਕਿ ਹੜਤਾਲ ਦੇ ਸਮੇਂ ਦਾ ਪੈਂਡਿੰਗ ਪਿਆ ਸਾਰਾ ਕੰਮ ਕਰਨ ਦੀ ਸੂਰਤ ਵਿੱਚ ਵਿਭਾਗ ਵੱਲੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਜਾਰੀ ਕਰ ਦਿੱਤੀਆਂ ਜਾਣਗੀਆਂ। ਮੁਲਾਜ਼ਮਾਂ ਵੱਲੋਂ ਦਿਨ-ਰਾਤ ਇੱਕ ਕਰਕੇ ਅਪਣੇ ਪੈਂਡਿੰਗ ਪਏ ਸਾਰੇ ਕੰਮ ਕਰ ਦਿੱਤੇ ਗਏ ਹਨ ਅਤੇ ਇਸ ਸਬੰਧੀ ਜਥੇਬੰਦੀ ਵੱਲੋਂ ਡੀ ਜੀ ਐੱਸ ਈ ਅਤੇ ਸਿੱਖਿਆ ਸਕੱਤਰ ਨੂੰ ਕਈ ਵਾਰ ਮਿਲ ਕੇ ਦਸੰਬਰ ਤੇ ਜਨਵਰੀ ਮਹੀਨੇ ਦੀਆਂ ਤਨਖਾਹਾਂ ਦੇ ਫੰਡ ਜਾਰੀ ਕਰਵਾਉਣ ਲਈ ਬੇਨਤੀ ਵੀ ਕੀਤੀ ਜਾ ਚੁੱਕੀ ਹੈ, ਪਰ ਅਜੇ ਤੱਕ ਤਨਖਾਹਾਂ ਦੇ ਫੰਡ ਜਾਰੀ ਨਹੀਂ ਕੀਤੇ ਗਏ, ਉਲਟਾ ਮੁੱਖ ਦਫ਼ਤਰ ਵੱਲੋਂ ਜ਼ਿਲ੍ਹਿਆਂ ਨੂੰ ਹੜਤਾਲ ਦੇ ਦਿਨਾਂ ਦੀ ਤਨਖਾਹ ਕੱਟ ਕੇ ਡਿਮਾਂਡ ਭੇਜਣ ਦੇ ਨਾਦਰਸ਼ਾਹੀ ਫਰਮਾਨ ਜਾਰੀ ਕੀਤੇ ਜਾ ਰਹੇ ਹਨ, ਜਿਸ ਤੋਂ ਮੁਲਾਜ਼ਮਾਂ ਵਿੱਚ ਰੋਸ ਵਧ ਗਿਆ ਹੈ ਤੇ ਦਫ਼ਤਰੀ ਕਾਮੇ ਮੁੜ ਸੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋ ਗਏ ਹਨ।

ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ 21 ਅਪ੍ਰੈਲ 2022 ਤੇ ਕੈਬਨਿਟ ਸਬ ਕਮੇਟੀ ਵੱਲੋਂ 14 ਮਾਰਚ 2024 ਨੂੰ ਦਫ਼ਤਰੀ ਕਰਮਚਾਰੀਆਂ ਨੂੰ ਰੈਗੂਲਰ ਕਰਨ ਦੀ ਸਹਿਮਤੀ ਦਿੱਤੀ ਸੀ ਤੇ 14 ਮਾਰਚ ਦੀ ਮੀਟਿੰਗ ਵਿੱਚ ਵਿੱਤ ਮੰਤਰੀ ਦੇ ਆਦੇਸ਼ਾਂ ਅਨੁਸਾਰ ਜਥੇਬੰਦੀ ਵੱਲੋਂ ਡੀ.ਜੀ.ਐੱਸ.ਈ. ਨੂੰ ਐਫੀਡੇਵਿਟ ਵੀ ਦਿੱਤਾ ਸੀ, ਪ੍ਰੰਤੂ ਇਸ ਦੇ ਬਾਵਜੂਦ ਮੁਲਾਜ਼ਮਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ।ਮੀਟਿੰਗ ਦੌਰਾਨ ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਮੁੜ ਅਧਿਕਾਰੀਆਂ 'ਤੇ ਅਧਾਰਤ ਵਿੱਤ ਵਿਭਾਗ ਪ੍ਰਸੋਨਲ ਵਿਭਾਗ ਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੀ ਬਣੀ ਅਫਸਰ ਕਮੇਟੀ ਨੂੰ ਦਫ਼ਤਰੀ ਕਰਮਚਾਰੀਆਂ ਤੇ ਵਿਸ਼ੇਸ਼ ਅਧਿਆਪਕਾਂ ਨੂੰ 8886 ਅਧਿਆਪਕਾਂ ਦੀ ਤਰਜ਼ 'ਤੇ ਰੈਗੂਲਰ ਕਰਨ ਲਈ ਤੁਰੰਤ ਅਫ਼ਸਰ ਕਮੇਟੀ ਦੀ ਮੀਟਿੰਗ ਕਰਕੇ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ, ਇਸ ਦੇ ਨਾਲ ਹੀ ਮਿੱਡ ਡੇ ਮੀਲ ਦਫ਼ਤਰੀ ਕਰਮਚਾਰੀਆਂ ਦੀ ਤਨਖਾਹ ਵਾਧੇ ਦੀ ਫਾਈਲ 'ਤੇ ਤੁਰੰਤ ਕਾਰਵਾਈ ਕਰਨ ਦੇ ਵਿੱਤ ਸਕੱਤਰ ਨੂੰ ਆਦੇਸ਼ ਦਿੱਤੇ, ਪਰ ਫਾਇਲ ਅਜੇ ਵੀ ਵਿੱਤ ਵਿਭਾਗ ਵਿੱਚ ਹੀ ਲਟਕੀ ਹੋਈ ਹੈ।

ਆਗੂਆਂ ਨੇ ਕਿਹਾ ਕਿ ਪਟਿਆਲਾ ਪ੍ਰਸ਼ਾਸਨ ਵੱਲੋਂ 26 ਜਨਵਰੀ ਨੂੰ ਮੁੱਖ ਮੰਤਰੀ ਦੇ ਗਣਤੰਤਰਤਾ ਦਿਵਸ ਦੇ ਸਮਾਗਮ ਤੋਂ ਪਹਿਲਾਂ ਜਥੇਬੰਦੀ ਦੀ ਮੀਟਿੰਗ 6 ਫਰਵਰੀ ਨੂੰ ਕੈਬਨਿਟ ਸਬ ਕਮੇਟੀ ਨਾਲ ਕਰਵਾਉਣ ਦਾ ਲਿਖਤੀ ਪੱਤਰ ਦਿੱਤਾ ਗਿਆ ਸੀ, ਪਰ 6 ਫਰਵਰੀ ਨੂੰ ਕੈਬਨਿਟ ਸਬ ਮੀਟਿੰਗ ਦੀ ਕੋਈ ਮੀਟਿੰਗ ਨਹੀਂ ਹੋਈ, ਜਿਸ ਕਰਕੇ ਮੁਲਾਜ਼ਮਾਂ ਵਿੱਚ ਗੁੱਸੇ ਦੀ ਲਹਿਰ ਹੈ।

ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਸਰਵਸਿੱਖਿਆ ਅਭਿਆਨ ਮਿੱਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਹਰਦੇਵ ਸਿੰਘ ਨੇ ਐਲਾਨ ਕੀਤਾ ਕਿ ਸਰਕਾਰ ਤਾਂ ਮੁਲਾਜ਼ਮਾਂ ਦੀਆ ਮੰਗਾਂ ਪ੍ਰਤੀ ਸੰਜੀਦਾ ਹੈ, ਪਰ ਅਫਸਰ ਜਾਣਬੁਝ ਕੇ ਮੁਲਾਜ਼ਮਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਆਗੂਆਂ ਨੇ ਕਿਹਾ ਕਿ ਸਰਕਾਰ ਦਾ ਏਜੰਡਾ ਸੀ ਕਿ ਸੂਬੇ ਵਿੱਚ ਕੋਈ ਵੀ ਮੁਲਾਜ਼ਮ ਕੱਚਾ ਨਹੀਂ ਰਹਿਣ ਦੇਣਾ, ਪਰ 2 ਸਾਲ ਤੋਂ ਉੱਪਰ ਦਾ ਸਮਾਂ ਬੀਤ ਗਿਆ ਹੈ ਤੇ ਅਧਿਕਾਰੀ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਉਲਝਾ ਰਹੇ ਹਨ।ਅਜੇ ਤੱਕ ਅਫਸਰ ਕਮੇਟੀ ਦੀਆਂ ਕਈ ਮੀਟਿੰਗਾਂ ਹੋਣ ਦੇ ਬਾਵਜੂਦ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸਬੰਧੀ ਰਿਪੋਰਟ ਕੈਬਨਿਟ ਸਬ ਕਮੇਟੀ ਨੂੰ ਨਹੀਂ ਸੌਂਪੀ ਗਈ ਹੈ।ਉਨ੍ਹਾਂ ਕਿਹਾ ਕਿ ਜੇ 11 ਫਰਵਰੀ ਦੀ ਅਫਸਰ ਕਮੇਟੀ ਦੀ ਹੋਣ ਜਾ ਰਹੀ ਮੀਟਿੰਗ ਵਿੱਚ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸਬੰਧੀ ਕੋਈ ਠੋਸ ਫੈਸਲਾ ਨਹੀਂ ਲਿਆ ਜਾਂਦਾ ਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਫੰਡ ਜਾਰੀ ਨਹੀਂ ਕੀਤੇ ਜਾਂਦੇ ਤਾਂ ਮੰਗਾਂ ਪ੍ਰਤੀ ਅਪਣਾਈ ਟਾਲ-ਮਟੋਲ ਦੀ ਨੀਤੀ ਵਿਰੁੱਧ ਮੁਲਾਜ਼ਮ ਮੁਲਾਜ਼ਮ 13 ਫਰਵਰੀ ਨੂੰ ਸਿੱਖਿਆ ਭਵਨ ਮੋਹਾਲੀ ਦੇ ਬਾਹਰ ਇਕੱਤਰ ਹੋ ਕੇ ਚੰਡੀਗੜ੍ਹ ਮੁੱਖ ਮੰਤਰੀ ਦੇ ਨਿਵਾਸ ਵੱਲ ਨੂੰ ਕੂਚ ਕਰਨਗੇ।

10 - February - Page - 6.qxd 2/9/2025 10:51 PM Page 1



# ਨਗਰ ਨਿਗਮਾਂ ਦੇ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਲਈ ਫੰਡਾਂ ਨੂੰ ਤੁਰੰਤ ਇਸਤੇਮਾਲ ਦੇ ਨਿਰਦੇਸ਼

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹਿਰਾਂ ਦੇ ਨਾਗਰਿਕਾਂ ਨੂੰ ਸਾਫ਼-ਸੁਥਰਾ, ਬਿਹਤਰ ਅਤੇ ਆਧੁਨਿਕ ਸਹੂਲਤਾਂ ਪ੍ਰਦਾਨ ਕਰਕੇ 'ਰੰਗਲਾ ਪੰਜਾਬ' ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਵਚਨਬੱਧਤਾ ਨੂੰ ਦਰਸਾਉਂਦੇ ਹੋਏ ਡਾ. ਰਵਜੋਤ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਕਾਸ ਕਾਰਜਾਂ ਲਈ ਅਲਾਟ ਕੀਤੇ ਫੰਡਾਂ ਨੂੰ ਬਿਨਾਂ ਕਿਸੇ ਦੇਰੀ ਦੇ ਜਲਦੀ ਤੋਂ ਜਲਦੀ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਇਨ੍ਹਾਂ ਸਕੀਮਾਂ ਦਾ ਲਾਭ ਮਿਲਣਾ ਯਕੀਨੀ ਬਣਾਇਆ ਜਾ ਸਕੇ। ਮਿਉਂਸੀਪਲ ਭਵਨ ਵਿਖੇ ਡਾ. ਰਵਜੋਤ ਸਿੰਘ ਨੇ ਨਗਰ ਨਿਗਮ ਦੇ ਕਮਿਸ਼ਨਰਾਂ ਨਾਲ ਮੀਟਿੰਗ ਕਰਕੇ ਸਵੱਛ ਭਾਰਤ ਮਿਸ਼ਨ (ਸ਼ਹਿਰੀ), ਸਮਾਰਟ ਸਿਟੀ ਮਿਸ਼ਨ, ਪੰਜਾਬ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ, ਪੰਜਾਬ ਮਿਉਂਸੀਪਲ ਸਰਵਿਸਜ ਸੁਧਾਰ ਪ੍ਰੋਜੈਕਟ, ਐਮ.ਡੀ.ਐਫ ਸਮੇਤ ਵੱਖ-ਵੱਖ ਸਕੀਮਾਂ ਤਹਿਤ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਉੱਚ ਪੱਧਰੀ ਮਿਆਰਾਂ ਨੂੰ ਕਾਇਮ ਰੱਖਦੇ ਹੋਏ ਵਿਕਾਸ ਪ੍ਰੋਜੈਕਟਾਂ ਨੂੰ ਨੇਪਰੇ ਚਾੜ੍ਹਨ ਵਿੱਚ ਤੇਜ਼ੀ ਲਿਆਉਣ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਨੇ ਸਥਾਨਕ ਸਰਕਾਰਾਂ ਵਿਭਾਗ ਨਾਲ ਸਬੰਧਿਤ ਹੋਰ ਵੱਖ-ਵੱਖ ਅਹਿਮ ਮਾਮਲਿਆਂ ਬਾਰੇ ਜਿਵੇਂ ਕਿ ਬਿਲਡਿੰਗ ਪਲਾਨ ਦੀ ਪ੍ਰਵਾਨਗੀ, ਪਲਾਟਾਂ ਨੂੰ ਨਿਯਮਤ ਕਰਨ ਲਈ ਐਨ.ਓ.ਸੀ ਦੇ ਬਕਾਇਆ ਕੇਸਾਂ, ਆਵਾਰਾ ਪਸ਼ੂਆਂ ਦੇ ਪ੍ਰਬੰਧਨ, ਏ ਬੀ ਸੀ ਪ੍ਰੋਗਰਾਮ ਅਤੇ ਗਊ ਸੈੱਸ ਆਦਿ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ।ਉਨ੍ਹਾਂ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਪਲਾਟਾਂ ਨੂੰ ਨਿਯਮਤ ਕਰਨ ਲਈ ਐਨ.ਓ.ਸੀ ਅਤੇ ਬਿਲਡਿੰਗ ਪਲਾਨ ਦੀ ਪ੍ਰਵਾਨਗੀ ਸਬੰਧੀ ਸਾਰੇ ਪੈਂਡਿੰਗ ਕੇਸਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ, ਤਾਂ ਜੋ ਪ੍ਰਕਿਰਿਆ ਨੂੰ ਸਚਾਰੂ ਬਣਾਇਆ ਜਾ ਸਕੇ ਅਤੇ ਹੋਰ ਦੇਰੀ ਤੋਂ ਬਚਿਆ ਜਾ ਸਕੇ।



ਇਸ ਤੋਂ ਇਲਾਵਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ ਰਵਜੋਤ ਸਿੰਘ ਨੇ ਆਵਾਰਾ ਕੁੱਤਿਆਂ ਵੱਲੋਂ ਵੱਢੇ ਜਾਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਵਿਸ਼ੇਸ਼ ਤੌਰ 'ਤੇ ਅਧਿਕਾਰੀਆਂ ਨਾਲ ਚਰਚਾ ਕਰਦਿਆਂ ਨਗਰ ਨਿਗਮਾਂ ਦੇ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਐਨੀਮਲ ਬਥ ਕੰਟਰੋਲ (ਏ ਬੀ ਸੀ) ਪ੍ਰੋਗਰਾਮ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਯਕੀਨੀ ਬਣਾਉਣ।ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਕਿੱਤੇ ਵੀ ਕੂੜੇ ਦੇ ਢੇਰ ਦਿਖਾਈ ਨਹੀਂ ਦੇਣੇ ਚਾਹੀਦੇ ਹਨ ਅਤੇ ਕੂੜੇ ਦਾ ਵਿਗਿਆਨਕ ਢੰਗ ਨਾਲ ਨਿਪਟਾਰਾ ਕਰਵਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਪੰਜਾਬ ਪਾਰਦਰਸ਼ਤਾ ਐਕਟ ਦੇ ਅਨੁਸਾਰ ਸ਼ਹਿਰੀ ਸਥਾਨਕ ਇਕਾਈਆ ਨੂੰ ਮੁੱਖ ਮਿਉਂਸੀਪਲ ਸੇਵਾਵਾਂ ਜਿਵੇਂ ਪਾਣੀ-ਸੀਵਰੇਜ ਕੁਨੈਕਸ਼ਨ, ਵਪਾਰਕ ਲਾਇਸੈਂਸ, ਅਤੇ ਡੋਰਸਟੈਪ ਸੇਵਾਵਾਂ ਦੀ ਨਿਰਵਿਘਨ ਪ੍ਰਕਿਰਿਆ ਲਈ ਨਿਰਧਾਰਤ ਸਮਾਂ-ਸੀਮਾਵਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਇਸ ਦੇ ਨਾਲ ਹੀ, ਸਟੇਟ ਲੈਵਲ ਪੋਰਟਲ ਰਾਹੀਂ ਡੇਟਾ ਅੱਪਡੇਟ ਨੂੰ ਨਿਯਮਿਤ ਕਰਕੇ ਰੋਸ਼ਨੀ ਵਿਵਸਥਾ ਦੀ ਨਿਗਰਾਨੀ ਅਤੇ ਰੱਖ-ਰਖਾਅ ਸੁਧਾਰਿਆ ਜਾਵੇਗਾ।ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਇਸ ਲਈ ਜੇਕਰ ਕਿਸੇ ਵੀ ਸ਼ਹਿਰੀ ਸਥਾਨਕ ਇਕਾਈਆਂ (ਯੂ.ਐਲ.ਬੀਜ਼) ਨੂੰ ਵਾਧੂ ਫੰਡਾਂ ਦੀ ਲੋੜ ਹੋਵੇ ਤਾਂ ਉਹ ਮੁਕੰਮਲ ਪ੍ਰਸਤਾਵ ਤਿਆਰ ਕਰਕੇ ਮੁੱਖ ਦਫ਼ਤਰ ਨੂੰ ਪ੍ਰਵਾਨਗੀ ਲਈ ਭੇਜਣਾ ਯਕੀਨੀ ਬਣਾਉਣ।ਇਸ ਮੌਕੇ ਮੀਟਿੰਗ ਵਿੱਚ ਸਥਾਨਕ ਸਰਕਾਰਾਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਤੇਜਵੀਰ ਸਿੰਘ, ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ, ਪੀ.ਐਮ.ਆਈ.ਡੀ.ਸੀ ਦੇ ਸੀ.ਈ.ਓ ਦੀਪਤੀ ਉੱਪਲ, ਸਮੂਹ ਨਗਰ ਨਿਗਮਾਂ ਦੇ ਕਮਿਸ਼ਨਰ, ਮੁੱਖ ਦਫ਼ਤਰ ਅਤੇ ਖੇਤਰੀ ਦਫ਼ਤਰਾਂ ਦੇ ਹੋਰ ਸੀਨੀਅਰ ਅਧਿਕਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਗੈਰ-ਕਾਨੂੰਨੀ ਮਾਈਨਿੰਗ ਮਾਮਲੇ 'ਚ ਐਫ ਆਈ ਆਰ ਦਰਜ ਕੀਤੀ

**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**- ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਦੇ ਦੋਸ਼ੀਆਂ ਨੂੰ ਕਾਬੂ ਕਰਨ ਲਈ ਪੁਲਸ ਨੇ ਮਾਜਰੀ ਥਾਣੇ ਵਿੱਚ ਮਾਈਨਜ਼ ਐਂਡ ਮਿਨਰਲਜ਼ (ਰੈਗੂਲੇਸ਼ਨ ਆਫ਼ ਡਿਵੈਲਪਮੈਂਟ) ਐਕਟ 1957 ਦੀਆਂ ਧਾਰਾਵਾਂ 21 (1) ਅਤੇ 4 (1) ਦੇ ਤਹਿਤ ਅਣਪਛਾਤੇ ਵਿਅਕਤੀਆਂ ਵਿਰੁੱਧ ਐਫ ਆਈ ਆਰ ਦਰਜ ਕੀਤੀ ਹੈ। ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਕਿ ਮੀਆਂਪੁਰ ਚੰਗਰ ਵਿਖੇ ਗੈਰ-ਕਾਨੂੰਨੀ ਮਾਈਨਿੰਗ ਵਾਲੀ ਥਾਂ ਦੀ ਸੂਚਨਾ ਮਿਲਦਿਆਂ ਹੀ ਐਸ.ਡੀ.ਐਮ ਖਰੜ ਗੁਰਮੰਦਰ ਸਿੰਘ ਦੀ ਅਗਵਾਈ ਹੇਠ ਇੱਕ ਪ੍ਰਸ਼ਾਸਨਿਕ ਟੀਮ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਤੱਥਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਦੀ ਪੁਸ਼ਟੀ ਤੋਂ ਬਾਅਦ ਤੁਰੰਤ ਦੋਸ਼ੀਆਂ ਖਿਲਾਫ ਐਫ.ਆਈ.ਆਰ. ਦਰਜ ਕਰਨ ਦੀ ਸਿਫਾਰਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਮੁਢਲੇ ਤੌਰ 'ਤੇ ਇਸ ਜਗ੍ਹਾ ਦੇ ਨੇੜੇ ਇੱਕ ਭਾਰੀ ਖੁਦਾਈ ਕਰਨ ਵਾਲੀ ਮਸ਼ੀਨ ਬਰਾਮਦ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਨੂੰ ਜ਼ਮੀਨ ਦੀ ਮਾਲਕੀ ਦਾ ਪਤਾ ਲਗਾਉਣ ਲਈ ਕਿਹਾ ਗਿਆ ਹੈ। ਡਿਪਟੀ ਕਮਿਸ਼ਨਰ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਨੂੰ ਇਸ ਮਾਮਲੇ ਦੀ ਸਮਾਂਬੱਧ ਜਾਂਚ ਕਰਨ ਅਤੇ ਇਸ ਗੈਰ-ਕਾਨੂੰਨੀ ਮਾਈਨਿੰਗ ਦੇ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕਰਨ ਲਈ ਕਿਹਾ ਗਿਆ ਹੈ।

## ਓ ਪੀ ਐਸ ਬਹਾਲ ਕਰੋ, ਨਹੀਂ ਤਾਂ ਦਿੱਲੀ ਵਰਗਾ ਹੋਵੇਗਾ ਹਾਲ : ਧੂਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਇਕਾਈ ਹੁਸ਼ਿਆਰਪੁਰ ਦੇ ਜ਼ਿਲ੍ਹਾ ਕਨਵੀਨਰ ਸੰਜੀਵ ਧੂਤ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਤੁਰੰਤ ਪ੍ਰਭਾਵ ਤੋਂ ਪੰਜਾਬ ਵਿੱਚ ਓ.ਪੀ.ਐਸ ਬਹਾਲ ਕਰੇ ਨਹੀਂ ਤਾਂ ਉਨ੍ਹਾਂ ਦਾ ਹਾਲ ਵੀ ਦਿੱਲੀ ਸਰਕਾਰ ਵਰਗਾ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 18 ਨਵੰਬਰ 2022 ਨੂੰ ਇੱਕ ਅਧੂਰਾ ਜਿਹਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਜਿਸ ਦੀ ਐਸ.ਓ.ਪੀ ਅਜੇ ਤੱਕ ਵੀ ਜਾਰੀ ਨਹੀਂ ਕੀਤੀ ਜਾ ਸਕੀ। ਉਹਨਾਂ ਸਰਕਾਰ ਨੂੰ ਚੇਤਾਂਦਿਆਂ ਕਿਹਾ ਕਿ ਝੂਠ ਦੀ ਮਿਆਦ ਜ਼ਿਆਦਾ ਦੇਰ ਤੱਕ ਨਹੀਂ ਟਿਕ ਸਕਦੀ, ਇਸ ਕਰਕੇ ਮੁੱਖ ਮੰਤਰੀ ਪੰਜਾਬ ਨੂੰ ਤੁਰੰਤ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਬਹਾਲ ਕਰ ਦੇਣੀ ਚਾਹੀਦੀ ਹੈ ਨਹੀਂ ਤਾਂ ਪੰਜਾਬ ਦੇ ਲੋਕਾਂ ਅਤੇ ਮੁਲਾਜ਼ਮਾਂ ਦਾ ਰੋਸ ਆਪ ਸਰਕਾਰ ਦਾ ਵੀ ਦਿੱਲੀ ਵਰਗਾ ਹਾਲ ਕਰ ਦਵੇਗਾ।

## ਪੰਜਾਬ ਸਰਕਾਰ ਵੱਲੋਂ 15 ਬਿਰਧ ਘਰਾਂ ਲਈ 4.21 ਕਰੋੜ ਰੁਪਏ ਦੀ ਗ੍ਰਾਂਟ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਸੂਬੇ ਦੇ ਬਜ਼ੁਰਗਾਂ ਦੀ ਸੇਵਾ ਸੰਭਾਲ ਅਤੇ ਮਾਣ-ਸਨਮਾਨ ਬਰਕਰਾਰ ਰੱਖਣ ਲਈ ਵਚਨਬੱਧ ਹੈ। ਇਸ ਤਹਿਤ, ਸੂਬਾ ਸਰਕਾਰ ਨੇ ਬੇਸਹਾਰਾ ਬਜ਼ੁਰਗਾਂ ਨੂੰ ਸੁਰੱਖਿਅਤ ਪਨਾਹ ਪ੍ਰਦਾਨ ਕਰਨ ਲਈ ਸਾਰੇ ਜ਼ਿਲ੍ਹਿਆਂ ਵਿੱਚ ਬਿਰਧ ਘਰ ਸਥਾਪਤ ਕੀਤੇ ਹਨ। ਪੰਜਾਬ ਸਰਕਾਰ ਵੱਲੋਂ ਸੂਬੇ ਦੇ 15 ਬਿਰਧ ਘਰਾਂ ਲਈ ਵਿੱਤੀ ਸਾਲ 2024-25 ਲਈ 4.21 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ।ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਬਿਰਧ ਘਰਾਂ ਵਿੱਚ ਕੋਈ ਵੀ ਬਜ਼ੁਰਗ ਰਹਿ ਸਕਦਾ ਹੈ, ਜਿੱਥੇ ਉਨ੍ਹਾਂ ਦੇ ਰਿਹਾਇਸ਼, ਕੱਪੜੇ, ਭੋਜਨ ਅਤੇ ਹੋਰ ਲੋੜੀਦੀਆਂ ਜ਼ਰੂਰਤਾਂ ਮੁਫਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਮੰਤਵ ਲਈ ਵਿਭਾਗ ਵੱਲੋਂ ਗੈਰ-ਸਰਕਾਰੀ ਸੰਸਥਾਵਾਂ ਦੇ ਸਹਿਯੋਗ ਨਾਲ ਬਿਰਧ ਘਰ ਚਲਾਏ ਜਾ ਰਹੇ ਹਨ।ਉਨ੍ਹਾਂ ਖੁਲਾਸਾ ਕੀਤਾ ਕਿ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਬਿਰਧ ਘਰਾਂ ਨੂੰ ਕ੍ਰਮਵਾਰ ਅੰਮ੍ਰਿਤਸਰ ਨੂੰ 37.68 ਲੱਖ ਰੁਪਏ, ਬਠਿੰਡਾ ਨੂੰ 28.54 ਲੱਖ ਰੁਪਏ, ਫਾਜ਼ਿਲਕਾ ਨੂੰ 28.54 ਲੱਖ ਰੁਪਏ, ਲੁਧਿਆਣਾ ਨੂੰ 70.41 ਲੱਖ ਰੁਪਏ, ਮਾਲੇਰਕੋਟਲਾ 22.47 ਲੱਖ ਰੁਪਏ, ਮੋਗਾ ਨੂੰ 28.54 ਲੱਖ ਰੁਪਏ, ਪਠਾਨਕੋਟ ਨੂੰ 28.79 ਲੱਖ ਰੁਪਏ, ਪਟਿਆਲਾ 17.77 ਲੱਖ ਰੁਪਏ, ਰੋਪੜ 30.80 ਲੱਖ ਰੁਪਏ, ਸੰਗਰੂਰ 58.49 ਲੱਖ ਰੁਪਏ, ਤਰਨਤਾਰਨ ਨੂੰ 21.55 ਲੱਖ ਰੁਪਏ, ਫਰੀਦਕੋਟ ਨੂੰ 22.02 ਲੱਖ ਰੁਪਏ ਅਤੇ ਫਿਰੋਜ਼ਪੁਰ ਨੂੰ 26.37 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਵਿਭਾਗ ਵੱਲੋਂ ਬਰਨਾਲਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ 75 ਬਜ਼ੁਰਗਾਂ ਦੀ ਸਮਰੱਥਾ ਵਾਲੇ ਬਿਰਧ ਘਰਾਂ ਦੀ ਉਸਾਰੀ ਕੀਤੀ ਜਾ ਰਹੀ ਹੈ। ਇਹ ਬਿਰਧ ਘਰ 17.34 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਜਾ ਰਹੇ ਹਨ। ਇਨ੍ਹਾਂ ਬਿਰਧ ਘਰਾਂ ਵਿਚ ਬਜ਼ੁਰਗਾਂ ਲਈ ਅਨੁਕੂਲ ਮਾਹੌਲ ਸਿਰਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਾਡੇ ਬਜ਼ੁਰਗ ਸਾਡੇ ਸਮਾਜ ਦਾ ਅਹਿਮ ਹਿੱਸਾ ਹਨ ਅਤੇ ਉਨ੍ਹਾਂ ਦੀ ਸਿਹਤ ਸੰਭਾਲ ਕਰਨੀ ਸਾਡੀ ਨੈਤਿਕ ਜ਼ਿੰਮੇਵਾਰੀ ਹੈ।ਬਜ਼ੁਰਗਾਂ ਨੂੰ ਸਨਮਾਨ ਦਿੰਦੇ ਹੋਏ ਉਨ੍ਹਾਂ ਦੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣਾ ਸਰਕਾਰ ਦਾ ਮੁੱਖ ਉਦੇਸ਼ ਹੈ।

## ਸ਼ੋਕ ਸੁਨੇਹਾ

**ਜਲੰਧਰ**- ਸਮਰਪਿਤ ਕਮਿਊਨਿਸਟ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਹੁਸ਼ਿਆਰਪੁਰ ਜ਼ਿਲ੍ਹਾ ਕਮੇਟੀ ਦੇ ਵਿੱਤ ਸਕੱਤਰ ਕਾਮਰੇਡ ਸੱਤਪਾਲ ਲੱਠ ਦੇ ਸਦੀਵੀ ਵਿਛੋੜੇ ਦਾ ਅਤਿ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ।



ਮਰਹੂਮ ਸਾਥੀ ਲੱਠ ਸਿਹਤ ਵਿਭਾਗ ਦੇ ਮੁਲਾਜ਼ਮ ਹੁੰਦਿਆਂ ਪੰਜਾਬ ਰਾਜ ਫਾਰਮਾਸਿਸਟ ਐਸੋਸੀਏਸ਼ਨ ਦੇ ਪ੍ਰਧਾਨ ਰਹੇ ਸਨ।ਆਪ ਪ ਸ ਸ ਫ ਦੇ ਵੀ ਨਿਰਵਿਵਾਦ ਆਗੂ ਰਹੇ ਅਤੇ ਹੁਣ ਪੈਨਸ਼ਨਰਜ਼ ਐਸੋਸੀਏਸ਼ਨ ਦੀਆਂ ਸਰਗਰਮੀਆਂ 'ਚ ਵੀ ਯਥਾ ਸ਼ਕਤੀ ਭਰਵਾਂ ਯੋਗਦਾਨ ਪਾਉਂਦੇ ਸਨ।ਉਨ੍ਹਾਂ ਦੇ ਇਸ ਅਸਹਿ ਵਿਛੋੜੇ 'ਤੇ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਕੇਂਦਰੀ ਸਟੈਂਡਿੰਗ ਕਮੇਟੀ ਦੇ ਮੈਂਬਰ ਸਾਥੀ ਹਰਕੰਵਲ ਸਿੰਘ, ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਸਾਥੀ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ, ਹੁਸ਼ਿਆਰਪੁਰ ਜ਼ਿਲ੍ਹਾ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਸਾਥੀ ਗਿਆਨ ਸਿੰਘ ਗੁਪਤਾ ਤੇ ਪ੍ਰਿੰਸੀਪਲ ਪਿਆਰਾ ਸਿੰਘ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਪ੍ਰਧਾਨ ਤੇ ਸਕੱਤਰ ਸਾਥੀ ਸਤੀਸ਼ ਰਾਣਾ ਤੇ ਤੀਰਥ ਸਿੰਘ ਬਾਸੀ ਨੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਦੇ ਅਚਾਨਕ ਤੁਰ ਜਾਣ ਨੂੰ ਜਮਹੂਰੀ ਲਹਿਰ ਲਈ ਕਦੀ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਕਿਹਾ ਹੈ।

## ਅਦਾਲਤੀ ਇਸ਼ਤਿਹਾਰ

ਪਬਲੀਕੇਸ਼ਨ ਨੋਟਿਸ

ਬਾ ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਵਿਸ਼ਾ: ਤਕਸੀਮ ਕੇਸ ਵੱਲੋਂ ਕੁਲਦੀਪ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਮਾਛੀਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ। ਤਕਸੀਮ ਕੇਸ ਖੇਵਟ ਨੰਬਰ 601, 602, ਖਤੌਨੀ ਨੰਬਰ 853, 854 ਵਾਕਿਆ ਰਕਬਾ ਮਾਛੀਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 19.02.2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਾਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਨ੍ਹਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ।ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

1. ਪਵਨਦੀਪ ਕੌਰ ਪੁੱਤਰੀ ਪਿਆਰਾ ਸਿੰਘ ਪੁੱਤਰ ਅਰਜਨ ਸਿੰਘ ਵਾਸੀ ਬੁਰਜ ਕੁਲਾਰਾ, ਤਹਿ. ਜਗਰਾਓਂ, ਜ਼ਿਲ੍ਹਾ ਲੁਧਿਆਣਾ (2) ਦਲੀਪ ਕੌਰ ਪਤਨੀ ਜੋਗਿੰਦਰ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਮਾਛੀਕੇ (3) ਸੁਖਪਾਲ ਕੌਰ ਪਤਨੀ ਬਲਵਿੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਬਿਲਾਸਪੁਰ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

## ਨੋਟਿਸ

ਵਿਸ਼ਾ : ਦਰਖਾਸਤ ਬਾਬਤ ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਨ ਸਬੰਧੀ।

ਦ/ਵ ਦਿਲਵੀਰ ਸਿੰਘ ਪੁੱਤਰ ਚਰਨਜੀਤ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਦੀਨਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਹਰ ਆਮ ਅਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਦਿਲਵੀਰ ਸਿੰਘ ਪੁੱਤਰ ਚਰਨਜੀਤ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਦੀਨਾ ਰਾਹੀਂ ਬੇਨਤੀ ਕੀਤੀ ਕਿ ਉਸ ਦੇ ਪਿਤਾ ਚਰਨਜੀਤ ਸਿੰਘ ਪੁੱਤਰ ਹਰਨੇਕ ਸਿੰਘ ਪੁੱਤਰ ਪਾਲ ਸਿੰਘ ਦੀ ਮਾਲਕੀ ਦੀ ਜ਼ਮੀਨ ਪਿੰਡ ਦੀਨਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਖੇ ਹੈ। ਉਸ ਦੇ ਪਿਤਾ ਚਰਨਜੀਤ ਸਿੰਘ ਦੀ ਮੌਤ ਮਿਤੀ 31.03.2014 ਨੂੰ ਹੋ ਚੁੱਕੀ ਹੈ। ਉਸ ਦੇ ਪਿਤਾ ਚਰਨਜੀਤ ਸਿੰਘ ਦੇ ਸਾਰੇ ਦਸਤਾਵੇਜ਼ਾਂ ਵਿੱਚ ਉਨ੍ਹਾਂ ਦਾ ਨਾਂਅ ਚਰਨਜੀਤ ਸਿੰਘ ਦਰਜ ਹੈ ਅਤੇ ਜਦੋਂ ਕਿ ਉਸ ਦੇ ਪਿਤਾ ਨੂੰ ਪਿੰਡ ਵਿੱਚ ਗੁਰਚਰਨ ਸਿੰਘ ਦੇ ਨਾਂਅ 'ਤੇ ਨਾਲ ਜਾਣਿਆ ਜਾਂਦਾ ਸੀ।ਇਸ ਲਈ ਉਸ ਦਾ ਨਾਂਅ ਜਮ੍ਹਾਂਬੰਦੀ ਵਿੱਚ ਗੁਰਚਰਨ ਸਿੰਘ ਦਰਜ ਹੈ। ਉਸ ਦੇ ਪਿਤਾ ਨੂੰ ਉਕਤ ਦੋਨੋਂ ਨਾਵਾਂ ਚਰਨਜੀਤ ਸਿੰਘ ਅਤੇ ਗੁਰਚਰਨ ਸਿੰਘ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ ਅਤੇ ਉਕਤ ਦੋਨੋਂ ਨਾਂਅ ਇਸ ਦੇ ਪਿਤਾ ਦੇ ਹੀ ਹਨ।ਅੰਤ ਵਿੱਚ ਦਰਖਾਸਤੀ ਨੇ ਬੇਨਤੀ ਕੀਤੀ ਕਿ ਉਸ ਦੇ ਪਿਤਾ ਦਾ ਨਾਂਅ ਗੁਰਚਰਨ ਸਿੰਘ ਤੋਂ ਬਦਲ ਕੇ ਗੁਰਚਰਨ ਸਿੰਘ ਉਰਫ ਚਰਨਜੀਤ ਸਿੰਘ ਪੁੱਤਰ ਹਰਨੇਕ ਸਿੰਘ ਪੁੱਤਰ ਪਾਲ ਸਿੰਘ ਦਰਜ ਕੀਤਾ ਜਾਵੇ।

ਇਸ ਲਈ ਪੰਜਾਬ ਸਰਕਾਰ ਦੇ ਮੀਮੋ ਨੰਬਰ 25/78/2012-ਭਮ-2 /12445-71 ਚੰਡੀਗੜ੍ਹ ਮਿਤੀ 26.7.2013 ਦੇ ਹਵਾਲੇ ਮੁਤਾਬਿਕ ਮਾਲ ਰਿਕਾਰਡ ਵਿੱਚ ਨਾਂਅ ਤਬਦੀਲੀ ਕਰਾਉਣੀ ਹੈ। ਹੁਣ ਮਾਲ ਰਿਕਾਰਡ ਵਿੱਚ ਗੁਰਚਰਨ ਸਿੰਘ ਉਰਫ ਚਰਨਜੀਤ ਸਿੰਘ ਪੁੱਤਰ ਹਰਨੇਕ ਸਿੰਘ ਪੁੱਤਰ ਪਾਲ ਸਿੰਘ ਦਾ ਇੰਦਰਾਜ਼ ਕਰਵਾਉਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਇਸ ਦਫਤਰ ਵਿੱਚ ਆਪਣਾ ਇਤਰਾਜ਼ 10 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲੇ ਗੌਰ ਨਹੀਂ ਹੋਵੇਗਾ।

ਸਹੀ/- ਤਹਿਸੀਲਦਾਰ-ਕਮ- ਸਰਕਲ ਰੈਵੀਨਿਊ ਅਫਸਰ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਨੰਬਰ 99/ਰੀਡਰ ਮਿਤੀ : 05.02.2025

## ਨੋਟਿਸ

ਵਿਸ਼ਾ : ਦਰਖਾਸਤ ਬਾਬਤ ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਨ ਸਬੰਧੀ ਦ/ਵ ਕੁਲਵਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਪਾਖਰ ਸਿੰਘ ਵਾਸੀ ਮਾਛੀਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਹਰ ਆਮ ਅਤੇ ਖਾਸ ਨੂੰ ਇਹ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਬੇਨਤੀ ਕੀਤੀ ਕਿ ਰਿਕਾਰਡ ਮਾਲ ਵਾਕਿਆ ਪਿੰਡ ਮਾਛੀਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦੀ ਜਮ੍ਹਾਂਬੰਦੀ ਸਾਲ 2022-2023 ਦੀ ਖੇਵਟ ਨੰਬਰ 1310 ਖਤੌਨੀ ਨੰਬਰ 1878-1879 ਵਿੱਚ ਉਸ ਦੇ ਪਿਤਾ ਦਾ ਨਾਮ ਗੁਲਜਾਰਾ ਸਿੰਘ ਪੁੱਤਰ ਪਾਖਰ ਸਿੰਘ ਪੁੱਤਰ ਵੀਰ ਸਿੰਘ ਦਰਜ ਹੈ। ਪਰੰਤੂ ਉਸ ਦੇ ਪਿਤਾ ਦਾ ਸਹੀ ਨਾਂਅ ਕਰਨੈਲ ਸਿੰਘ ਹੈ, ਜੋ ਕਿ ਉਨ੍ਹਾਂ ਨਾਲ ਸੰਬੰਧਤ ਹਰ ਇੱਕ ਕਾਗਜ਼ਾਤ ਜਿਵੇਂ ਕਿ ਉਨ੍ਹਾਂ ਦੇ ਪੁਰਾਣੇ ਰਾਸ਼ਨ ਕਾਰਡ, ਸੈਡਿਊਲਡ ਕਾਸਟ ਸਰਟੀਫਿਕੇਟ, ਮੌਤ ਸਰਟੀਫਿਕੇਟ ਆਦਿ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨਾਲ ਸੰਬੰਧਤ ਅਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ ਵਗੈਰਾ ਵਿੱਚ ਉਸ ਦੇ ਪਿਤਾ ਦਾ ਨਾਂਅ ਕਰਨੈਲ ਸਿੰਘ ਦਰਜ ਹੈ। [illegible]

ਸਹੀ/-ਤਹਿਸੀਲਦਾਰ-ਕਮ- ਸਰਕਲ ਰੈਵੀਨਿਊ ਅਫਸਰ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਨੰਬਰ/103/ਰੀਡਰ ਮਿਤੀ : 06.02.2025

## ਅਦਾਲਤੀ ਇਸ਼ਤਿਹਾਰ

(ਪਬਲੀਕੇਸ਼ਨ ਨੋਟਿਸ)

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ/ ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਵਿਸ਼ਾ: ਤਕਸੀਮ ਕੇਸ ਵੱਲੋਂ ਬਖਸ਼ੀ ਰਾਮ ਪੁੱਤਰ ਪ੍ਰਭਾ ਰਾਮ ਵਾਸੀ ਖਾਈ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ। ਖੇਵਟ ਨੰਬਰ 211/203, 212/204, ਖਤੌਨੀ ਨੰਬਰ 321 ਤੋਂ 328 ਜਮ੍ਹਾਂਬੰਦੀ ਸਾਲ 2018-2019 ਵਾਕਿਆ ਰਕਬਾ ਪਿੰਡ ਖਾਈ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 19.02.2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਾਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਨ੍ਹਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ।ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

[illegible]

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

## ਪਬਲੀਕੇਸ਼ਨ ਨੋਟਿਸ

ਵਿਸ਼ਾ: ਤਕਸੀਮ ਕੇਸ ਵੱਲੋਂ [illegible] ਵਾਸੀ ਮਾਣੂੰਕੇ ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਖੇਵਟ ਨੰ: 76/75, 77/76, 287/281, 830/795, 739/710, 738/709, 1021/964, 1021/964, 1019/962, 1013/956, 1011/954, 1010/953, 1009/952, 1008/951, 1007/951, 943/896, 915/873, 1240/1176, 1187/1124, 1236/1172, 1235/1171, 1022/965, 1067/1009, 1079/1022 ਜਮ੍ਹਾਂਬੰਦੀ ਸਾਲ 2022-2023 [illegible]

[illegible]

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

## ਪੱਤਰਕਾਰ ਗੁਰਨਾਮ ਸਿੰਘ ਗਾਮਾ ਨੂੰ ਨਮ ਅੱਖਾਂ ਨਾਲ ਦਿੱਤੀ ਅੰਤਿਮ ਵਿਦਾਇਗੀ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਆਦਮਪੁਰ ਦੇ ਪੱਤਰਕਾਰ ਗੁਰਨਾਮ ਸਿੰਘ ਗਾਮਾ ਦੇ ਸਦੀਵੀ ਵਿਛੋੜੇ ਨਾਲ ਸਮੁੱਚੇ ਪੱਤਰਕਾਰ ਭਾਈਚਾਰੇ, ਸੰਗੀਤ ਜਗਤ ਅਤੇ ਸੰਗੀ ਸਾਥੀਆਂ ਵਿੱਚ ਗਹਿਰੇ ਦੁੱਖ ਦਾ ਮਾਹੌਲ ਹੈ। ਅਚਾਨਕ ਹੀ ਉਸ ਦੇ ਤੁਰ ਜਾਣ ਦਾ ਜਦੋਂ ਸੋਸ਼ਲ ਮੀਡੀਆ 'ਤੇ ਪਤਾ ਲੱਗਿਆ ਤਾਂ ਦਿਲ ਨੂੰ ਬਹੁਤ ਹੀ ਗਹਿਰੀ ਸੱਟ ਵੱਜੀ। ਸਮੇਂ ਸਮੇਂ 'ਤੇਲੋਕਾਂ ਦੀ ਅਵਾਜ਼ ਨੂੰ ਵੱਖ ਵੱਖ ਅਖਬਾਰਾਂ, ਚੈਨਲਾਂ ਤੇ ਮੀਡੀਏ ਰਾਹੀਂ ਉਠਾਉਂਦਾ ਰਹਿੰਦਾ ਸੀ ਉਹ ਸਾਡੇ ਤੋਂ ਸਦਾ ਲਈ ਹੱਥ ਛੁਡਾ ਕੇ ਦੂਰ ਚਲਾ ਗਿਆ। ਗੁਰਨਾਮ ਗਾਮਾ ਇਕ ਨੇਕ ਦਿਲ ਇਨਸਾਨ ਸੀ, ਜੋ ਹਰ ਸਮੇਂ ਕੁਝ ਨਾ ਕੁਝ ਕਰਦੇ ਰਹਿਣ ਲਈ ਯਤਨਸ਼ੀਲ ਸੀ। ਹਰ ਦੁੱਖ ਸੁੱਖ ਵਿੱਚ ਸਮਾਜਿਕ ਭੂਮਿਕਾ ਨਿਭਾਉਣਾ ਉਸ ਦਾ ਸੁਭਾਅ ਸੀ।ਉਸ ਨੇ ਜਿੱਥੇ ਇਲਾਕੇ ਵਿੱਚ ਬਤੌਰ ਮੀਡੀਆ ਸੰਚਾਲਕ ਵਜੋਂ ਆਪਣੀਆਂ ਅਣਥੱਕ ਸੇਵਾਵਾਂ ਦਿੱਤੀਆਂ, ਉੱਥੇ ਹੀ ਉਹ ਵੱਖ-ਵੱਖ ਧਾਰਮਿਕ ਸਟੇਜਾਂ 'ਤੇ ਆਪਣੀ ਗਾਇਕੀ ਰਾਹੀਂ ਵੀ ਆਪਣੀ ਕਲਾ ਨੂੰ ਰੂਪਮਾਨ ਕਰਦਾ ਰਿਹਾ।ਉਸ ਦੀ ਗਾਇਕੀ ਨੂੰ ਦੇਸ਼ ਵਿਦੇਸ਼ ਵਿੱਚ ਵੀ ਮਾਨਤਾ ਮਿਲੀ। ਉਸ ਨੇ ਅਨੇਕਾਂ ਵਾਰ ਬਾਹਰਲੇ ਮੁਲਕਾਂ ਵਿੱਚ ਜਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਉਸ ਦੇ ਤੁਰ ਜਾਣ ਦਾ ਜਿੱਥੇ ਪਰਿਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਹੀ ਸਮਾਜ ਨੂੰ ਵੀ ਉਸ ਦੇ ਤੁਰ ਜਾਣ ਦਾ ਬਹੁਤ ਵੱਡਾ ਘਾਟਾ ਪਿਆ ਹੈ। ਉਸ ਦੇ ਸੰਗੀ ਸਾਥੀਆਂ, ਸੱਜਣਾ-ਮਿੱਤਰਾਂ ਵਿੱਚ ਉਸ ਦੀ ਯਾਦ ਹਮੇਸ਼ਾ ਮਹਿਕਦਾ ਫੁੱਲ ਬਣ ਕੇ ਖਿੜੀ ਰਹੇਗੀ।ਸਮੁੱਚੇ ਇਲਾਕੇ ਦੇ ਪੱਤਰਕਾਰ ਭਾਈਚਾਰੇ ਵੱਲੋਂ ਗੁਰਨਾਮ ਸਿੰਘ ਗਾਮਾ ਦੀ ਇਸ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਉਨ੍ਹਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਅੱਜ ਪਿੰਡ ਪੰਡੋਰੀ ਨਿੱਝਰਾਂ ਜ਼ਿਲ੍ਹਾ ਜਲੰਧਰ ਵਿਖੇ (ਨੇੜੇ ਆਦਮਪੁਰ) ਵਿਖੇ ਕਰ ਦਿੱਤਾ ਗਿਆ ਹੈ।

## ਪ ਸ ਸ ਫ. ਵੱਲੋਂ ਦੂਜੇ ਦਿਨ ਵੀ ਜ਼ਿਲ੍ਹਾ ਪੱਧਰੀ ਰੈਲੀ



**ਹੁਸ਼ਿਆਰਪੁਰ, (ਬਲਵੀਰ ਸੈਣੀ)** ਦੇਸ਼ ਦੇ ਮੁਲਾਜ਼ਮਾਂ ਦੀ ਕੌਮੀਂ ਜੱਥੇਬੰਦੀ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਰੁੱਧ ਪੜਾਅ-ਵਾਰ ਸੰਘਰਸ਼ ਉਲੀਕਿਆ ਗਿਆ ਹੈ।ਸੂਬੇ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ.) ਵਲੋਂ ਕੇਂਦਰੀ ਕਮੇਟੀ ਦੇ ਫੈਸਲੇ ਤਹਿਤ ਮਿਤੀ 7-8 ਫਰਵਰੀ ਨੂੰ ਦੋ ਦਿਨ ਜ਼ਿਲ੍ਹਾ ਕੇਂਦਰਾਂ 'ਤੇ ਰੈਲੀਆਂ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ।ਦੂਜੇ ਦਿਨ ਦੇ ਸੰਘਰਸ਼ ਦੇ ਤਹਿਤ ਪ ਸ ਸ ਫ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਜ਼ਿਲ੍ਹਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ ਦੀ ਪ੍ਰਧਾਨਗੀ ਹੇਠ ਮਿੰਨੀ ਸਕੱਤਰੇਤ ਹੁਸ਼ਿਆਰਪੁਰ ਅੱਗੇ ਜ਼ਿਲ੍ਹਾ ਪੱਧਰੀ ਰੈਲੀ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਜੱਥੇਬੰਦੀ ਦੇ ਸੂਬਾ ਪ੍ਰਧਾਨ ਸਾਥੀ ਸਤੀਸ਼ ਰਾਣਾ ਨੇ ਦੱਸਿਆਂ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਸੰਘਰਸ਼ ਕੀਤਾ ਜਾ ਰਿਹਾ ਹੈ ਪ੍ਰੰਤੂ ਆਮ ਆਦਮੀਆਂ ਦੇ ਮੁੱਖ ਮੰਤਰੀ ਵਲੋਂ ਸਾਂਝੇ ਫਰੰਟ ਨੂੰ ਵਾਰ ਵਾਰ ਮੀਟਿੰਗ ਦਾ ਸਮਾਂ ਦੇ ਕੇ ਰੱਦ ਕੀਤਾ ਜਾ ਰਿਹਾ ਹੈ, ਜਿਸਤੋਂ ਇਸ ਸਪੱਸ਼ਟ ਹੈ ਕਿ ਇਹ ਸਰਕਾਰ ਮੁਲਾਜ਼ਮ ਮੰਗਾਂ ਨੂੰ ਹੱਲ ਕਰਨ ਦੇ ਰੌਅ ਵਿੱਚ ਨਹੀ ਹੈ ਅਤੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਇੰਦਰਜੀਤ ਵਿਰਦੀ, ਪ੍ਰਿੰਸੀਪਲ ਅਮਦੀਪ ਸ਼ਰਮਾ, ਪਵਨ ਕੁਮਾਰ, ਜਗਦੀਸ਼ ਕੁਮਾਰ, ਰਾਜ ਕੁਮਾਰ ਗੜ੍ਹਸ਼ੰਕਰ, ਸੀਮਾ ਰਾਣੀ, ਲੈਂਬਰ ਸਿੰਘ ਧਾਮੀ, ਕਮਲਜੀਤ ਕੌਰ, ਬਲਵੀਰ ਸੈਣੀ, ਰਾਜ ਕੁਮਾਰ ਘਾਸੀਪੁਰ, ਵਿਕਾਸ ਸ਼ਰਮਾ ਵਲੋਂ ਮੰਗ ਕੀਤੀ ਗਈ ਕਿ ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਪੂਰੇ ਗ੍ਰੇਡਾਂ ਅਤੇ ਭੱਤਿਆਂ ਸਹਿਤ ਰੈਗੂਲਰ ਕੀਤਾ ਜਾਵੇ, ਪੀ.ਐਫ.ਆਰ.ਡੀ.ਏ. ਐਕਟ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਮਹਿਗਾਈ ਭੱਤੇ ਦੀਆਂ ਕਿਸ਼ਤਾਂ ਅਤੇ ਬਕਾਇਆਂ ਦੀ ਅਦਾਇਗੀ ਤੁਰੰਤ ਕੀਤੀ ਜਾਵੇ, ਕੈਸ਼ਲੈਸ ਹੈਲਥ ਸਕੀਮ ਸੋਧ ਕੇ ਮੁੜ ਲਾਗੂ ਕੀਤੀ ਜਾਵੇ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਤੇ ਲਗਾਇਆ 200 ਰੁਪਏ ਮਹੀਨਾ ਵਿਕਾਸ ਟੈਕਸ ਕੱਟਣਾ ਬੰਦ ਕੀਤਾ ਜਾਵੇ, ਜਨਤਕ ਅਦਾਰਿਆਂ ਦਾ ਨਿੱਜੀਕਰਣ ਅਤੇ ਸਰਕਾਰੀ ਵਿਭਾਗਾਂ ਦੀ ਆਕਾਰ-ਘਟਾਈ ਬੰਦ ਕੀਤੀ ਜਾਵੇ, ਸਾਰੇ ਰਾਜਾਂ ਅੰਦਰ ਤਨਖਾਹ ਕਮਿਸ਼ਨਾਂ ਦਾ ਗਠਨ ਕੀਤਾ ਜਾਵੇ, ਠੇਕਾ ਮੁਲਾਜ਼ਮਾਂ ਸਮੇਤ ਪੈਨਸ਼ਨਰਾਂ ਤੇ ਮੁਲਾਜ਼ਮਾਂ ਲਈ ਕੈਸ਼ਲੈਸ ਹੈਲਥ ਸਕੀਮ ਚਾਲੂ ਕੀਤੀ ਜਾਵੇ, ਕੌਮੀ ਸਿੱਖਿਆ ਨੀਤੀ 2020 ਨੂੰ ਰੱਦ ਕੀਤਾ ਜਾਵੇ, ਸੰਵਿਧਾਨ ਦੀਆਂ ਧਾਰਾਵਾਂ 310, 311 (2) ਏ. ਅਤੇ ਸੀ. ਰੱਦ ਕੀਤੀਆਂ ਜਾਣ, ਧਰਮ ਨਿਰਪੱਖਤਾ ਦੀ ਰਾਖੀ ਕੀਤੀ ਜਾਵੇ, ਕੇਂਦਰ ਰਾਜ ਵਿੱਤੀ ਸਬੰਧਾਂ ਨੂੰ ਮੁੜ ਪ੍ਰਭਾਸ਼ਿਤ ਕੀਤਾ ਜਾਵੇ, ਪੰਜਾਬ ਦੇ ਮੁਲਾਜ਼ਮਾਂ ਦੇ ਪੇਂਡੂ ਭੱਤੇ ਸਹਿਤ ਸਮੁੱਚੇ ਬੰਦ ਕੀਤੇ ਭੱਤੇ ਬਹਾਲ ਕੀਤੇ ਜਾਵੇ, ਏ.ਸੀ.ਪੀ. ਸਕੀਮ ਲਾਗੂ ਕੀਤੀ ਜਾਵੇ, ਪੰਜਾਬ ਦੇ ਮੁਲਾਜ਼ਮਾਂ ਦਾ ਪਰਖ ਅਧੀਨ ਸਮਾਂ ਇੱਕ ਸਾਲ ਦਾ ਕੀਤਾ ਜਾਵੇ ਅਤੇ ਇਸ ਸਮੇਂ ਦੌਰਾਨ ਪੂਰੀ ਤਨਖਾਹ ਅਤੇ ਭੱਤੇ ਦਿੱਤੇ ਜਾਣ, ਪੰਜਾਬ ਦੇ ਮੁਲਾਜ਼ਮਾਂ ਤੇ ਕੇਂਦਰੀ ਤਨਖਾਹ ਸਕੇਲਾਂ ਦੀ ਥਾਂ 'ਤੇ ਪੰਜਾਬ ਦੇ ਤਨਖਾਹ ਸਕੇਲ ਲਾਗੂ ਕੀਤੇ ਜਾਣ। ਰੈਲੀ ਦੇ ਅੰਤ ਵਿੱਚ ਜ਼ਿਲ੍ਹਾ ਪ੍ਰਧਾਨ ਵਲੋਂ ਅਗਲੇ ਸੰਘਰਸ਼ਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।

## ਵਿਧਾਇਕ ਵੱਲੋਂ ਸ਼ਹਿਰ ਦੀਆਂ ਵਿਕਾਸ ਯੋਜਨਾਵਾਂ ਦੀ ਸਮੀਖਿਆ ਤੇ ਗਮਾਡਾ ਅਧਿਕਾਰੀਆਂ ਨਾਲ ਮੀਟਿੰਗ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**— ਐਮ ਐਲ ਏ ਕੁਲਵੰਤ ਸਿੰਘ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵੱਲੋਂ ਸਰਕਾਰ ਵੱਲੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ ਦੇ ਵਿਕਾਸ ਕਾਰਜਾਂ ਦੀ ਸਮੀਖਿਆ ਅਤੇ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਲਗਾਤਾਰ ਕੀਤੇ ਜਾ ਰਹੇ ਯਤਨਾਂ ਦੀ ਲੜੀ ਵਿੱਚ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੇ ਮੁੱਖ ਪ੍ਰਸ਼ਾਸਕ ਮੋਨੀਸ਼ ਕੁਮਾਰ ਅਤੇ ਵੱਖ ਵੱਖ ਵਿੰਗਾਂ ਦੇ ਇੰਚਾਰਜ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਸ਼ਹਿਰ ਵਿੱਚ 'ਡੂਅਲ ਕੈਰਿਜਵੇਅ' ਕੀਤੀਆਂ ਜਾਣ ਵਾਲੀਆਂ ਚਾਰ ਮੁੱਖ ਸੜਕਾਂ; ਫ਼ੇਜ਼ 7 ਤੋਂ ਫ਼ੇਜ਼ 11, ਪਿੰਡ ਮੋਹਾਲੀ ਤੋਂ ਐਸ.ਐਸ.ਪੀ. ਰਿਹਾਇਸ਼ ਤੱਕ, ਕੁੰਬੜਾ ਚੌਂਕ ਤੋਂ ਬਾਵਾ ਵ੍ਹਾਈਟ ਹਾਊਸ ਚੌਂਕ ਤੱਕ ਅਤੇ ਫਰੈਂਕੋ ਹੋਟਲ ਤੋਂ ਲਾਂਡਰਾਂ ਤੱਕ ਸੜਕ ਦੇ ਕੰਮਾਂ ਦਾ ਜਾਇਜ਼ਾ ਲਿਆ ਗਿਆ। ਇਸ ਤੋਂ ਇਲਾਵਾ ਸ਼ਹਿਰ ਦੇ ਪ੍ਰਮੁੱਖ ਪ੍ਰਾਈਵੇਟ ਹਸਪਤਾਲਾਂ ਵੱਲੋਂ ਆਪਣੇ ਹਸਪਤਾਲਾਂ ਦੀ ਇਮਾਰਤ ਦੀ ਬੇਸਮੈਂਟ ਪਾਰਕਿੰਗ ਲਈ ਨਾ ਵਰਤੇ ਜਾਣ ਕਾਰਨ, ਸਬੰਧਤ ਹਸਪਤਾਲਾਂ ਦੇ ਬਾਹਰ, ਸੜਕਾਂ ਦੇ ਕਿਨਾਰੇ ਪਾਰਕ ਕੀਤੀਆਂ ਜਾਂਦੀਆਂ ਗੱਡੀਆਂ ਕਾਰਨ ਪੈਦਾ ਹੋ ਰਹੀ ਟ੍ਰੈਫਿਕ ਦੀ ਸਮੱਸਿਆ ਦਾ ਹੱਲ ਕਰਨ ਲਈ ਸਬੰਧਤ ਹਸਪਤਾਲਾਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕਰਕੇ ਬੇਸਮੈਂਟਸ ਨੂੰ ਪਾਰਕਿੰਗ ਲਈ ਵਰਤੇ ਜਾਣ ਨੂੰ ਯਕੀਨੀ ਬਣਾਉਣ ਬਾਰੇ ਵੀ ਵਿਸਤਾਰਪੂਰਵਕ ਚਰਚਾ ਕੀਤੀ ਗਈ। ਗਮਾਡਾ ਵੱਲੋਂ ਗਰੁੱਪ ਹਾਊਸਿੰਗ ਲਈ ਅਲਾਟ ਕੀਤੀਆਂ ਥਾਵਾਂ ਦੇ ਬਾਹਰ ਬਿਲਡਰਾਂ ਵੱਲੋਂ ਫ਼ੁੱਟਪਾਥ ਦੀ ਜਗ੍ਹਾ ਨੂੰ ਪਾਰਕਿੰਗ ਲਈ ਵਰਤੇ ਜਾਣ ਕਾਰਨ ਸ਼ਹਿਰ ਵਾਸੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ, ਸ਼ਹਿਰ ਵਿੱਚ ਲੱਗ ਰਹੇ ਸੀ.ਸੀ.ਟੀ.ਵੀ. ਕੈਮਰਿਆਂ ਲਈ ਗਮਾਡਾ ਵੱਲੋਂ ਪੰਜਾਬ ਪੁਲਸ ਹਾਊਸਿੰਗ ਕਾਰਪੋਰੇਸ਼ਨ ਨੂੰ 50 ਕਰੋੜ ਰੁਪਏ ਜਾਰੀ ਕਰਨ, ਸ਼ਹਿਰ ਵਿੱਚ ਬਣ ਰਹੇ ਰੋਟਰੀਜ਼ (ਚੌਂਕ) ਦੇ ਕੰਮ ਦੀ ਪ੍ਰਗਤੀ, ਏਅਰੋਸਿਟੀ ਵਿੱਖੇ ਬਿਜਲੀ ਦੇ ਅੰਡਰ ਗਰਾਊਂਡ ਨੈੱਟਵਰਕ ਵਿੱਚ ਸੁਧਾਰ ਲਿਆਉਣਾ ਆਦਿ ਮੁੱਦੇ ਵੀ ਇਸ ਮੀਟਿੰਗ ਦੇ ਏਜੰਡੇ ਵਿੱਚ ਸ਼ਾਮਲ ਸਨ। ਇਸ ਮੀਟਿੰਗ ਵਿੱਚ ਗਮਾਡਾ ਦੇ ਅਸਟੇਟ ਅਫ਼ਸਰ (ਹਾਊਸਿੰਗ) ਸ਼ਿਵਰਾਜ ਸਿੰਘ ਬੱਲ, ਰਵਿੰਦਰ ਸਿੰਘ ਪੀ.ਸੀ.ਐਸ., ਅਸਟੇਟ ਅਫ਼ਸਰ (ਪਲਾਟਸ) ਅਤੇ ਗਮਾਡਾ ਦੀ ਇੰਜਨੀਅਰਿੰਗ ਅਤੇ ਟਾਊਨ ਪਲਾਨਿੰਗ ਸ਼ਾਖਾ ਦੇ ਅਧਿਕਾਰੀ ਸ਼ਾਮਲ ਸਨ।



## ਬੇਤੀਆ ਤੇ ਮੁਜ਼ੱਫਰਪੁਰ ਸਟੇਸ਼ਨਾਂ ਦੇ ਚੱਲ ਰਹੇ ਪੁਨਰ ਵਿਕਾਸ ਕਾਰਜਾਂ ਦਾ ਰੇਲ ਮੰਤਰੀ ਨੇ ਲਿਆ ਜਾਇਜ਼ਾ



ਹਾਜੀਪੁਰ (ਨ ਜ਼ ਸ)-9 ਫਰਵਰੀ ਨੂੰ ਬੇਤੀਆਹ ਵਿੱਚ ਲੈਵਲ ਕਰਾਸਿੰਗ ਨੰ. 'ਤੇ 02 ਵਜੇ ਨਵੇਂ ਬਣੇ ਰੋਡ ਓਵਰ ਬ੍ਰਿਜ ਨੂੰ ਰਾਸਟਰ ਨੂੰ ਸਮਰਪਿਤ ਕਰਨ ਲਈ ਆਯੋਜਿਤ ਸਮਾਰੋਹ ਵਿੱਚ, ਭਾਰਤ ਸਰਕਾਰ ਦੇ ਰੇਲਵੇ, ਸੂਚਨਾ ਅਤੇ ਪ੍ਰਸਾਰਣ ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ, ਸ੍ਰੀ ਅਸਵਨੀ ਵੈਸਨਵ ਨੇ ਨਾਰੀ ਸਕਤੀ ਦੇ ਰੂਪ ਵਿੱਚ ਔਰਤਾਂ ਰਾਹੀਂ ਨੂੰ ਰਾਸਟਰ ਨੂੰ ਸਮਰਪਿਤ ਕੀਤਾ। ਇਸ ਦੌਰਾਨ, ਉਨ੍ਹਾਂ ਨੇ ਗੋਰਖਪੁਰ ਅਤੇ ਪਟਨਾ ਵਿਚਕਾਰ ਬੇਤੀਆ ਰਾਹੀਂ ਵੰਦੇ ਭਾਰਤ ਰੇਲਗੱਡੀ ਚਲਾਉਣ ਦੀ ਮਾਣਯੋਗ ਸੰਸਦ ਮੈਂਬਰਾਂ ਅਤੇ ਉੱਥੇ ਮੌਜੂਦ ਜਨਤਾ ਦੀ ਵੱਡੀ ਮੰਗ 'ਤੇ ਵਿਚਾਰ ਕਰਨ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਜਲਦੀ ਹੀ ਪੂਰੇ ਭਾਰਤ ਵਿੱਚ ਕਈ ਵੰਦੇ ਭਾਰਤ ਰੇਲਗੱਡੀਆਂ ਚਲਾਈਆਂ ਜਾਣਗੀਆਂ। ਮਾਣਯੋਗ ਰੇਲ ਮੰਤਰੀ ਨੇ ਬੇਤੀਆ ਸਟੇਸਨ ਦੇ 3 ਮਾਡਲ ਨੂੰ ਵੀ ਦੇਖਿਆ, ਜਿਸਨੂੰ ਅੰਮ੍ਰਿਤ ਭਾਰਤ ਸਟੇਸਨ ਯੋਜਨਾ ਦੇ ਤਹਿਤ ਮੁੜ ਵਿਕਸਤ ਕੀਤਾ ਜਾ ਰਿਹਾ ਹੈ। ਇਸ ਮੌਕੇ 'ਤੇ, ਭਾਰਤ ਸਰਕਾਰ ਦੇ ਕੋਲਾ ਅਤੇ ਖਾਣਾਂ ਦੇ ਰਾਜ ਮੰਤਰੀ ਸ੍ਰੀ ਸਤੀਸ ਚੰਦਰ ਦੂਬੇ, ਮਾਨਯੋਗ ਸੰਸਦ ਮੈਂਬਰ ਡਾ. ਸੰਜੇ ਜੈਸਵਾਲ, ਮਾਨਯੋਗ ਸੰਸਦ ਮੈਂਬਰ ਸ੍ਰੀ ਸੁਨੀਲ ਕੁਮਾਰ, ਮਾਨਯੋਗ ਸੰਸਦ ਮੈਂਬਰ ਸ੍ਰੀ ਗੋਪਾਲਜੀ ਠਾਕੁਰ ਅਤੇ ਮਾਨਯੋਗ ਵਿਧਾਇਕਾਂ ਸਮੇਤ ਹੋਰ ਬਹੁਤ ਸਾਰੇ ਮਹਿਮਾਨ ਬੇਤੀਆ ਵਿੱਚ ਆਯੋਜਿਤ ਸਮਾਗਮ ਵਿੱਚ ਮੌਜੂਦ ਸਨ। ਪੂਰਬੀ ਕੇਂਦਰੀ ਰੇਲਵੇ ਦੇ ਜਨਰਲ ਮੈਨੇਜਰ, ਸ੍ਰੀ ਛਤਰਸਾਲ ਸਿੰਘ ਅਤੇ ਸਮਸਤੀਪੁਰ ਡਿਵੀਜਨ ਦੇ ਡਿਵੀਜਨਲ ਰੇਲਵੇ ਮੈਨੇਜਰ, ਸ੍ਰੀ ਵਿਨੈ ਸ੍ਰੀਵਾਸਤਵ ਵੀ ਮੌਜੂਦ ਸਨ। ਸਮਾਰੋਹ ਤੋਂ ਬਾਅਦ ਬੇਤੀਆ ਸਟੇਸਨ 'ਤੇ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ, ਭਾਰਤ ਸਰਕਾਰ ਦੇ ਮਾਣਯੋਗ ਰੇਲਵੇ, ਸੂਚਨਾ ਅਤੇ ਪ੍ਰਸਾਰਣ ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ, ਸ੍ਰੀ ਅਸਵਨੀ ਵੈਸਨਵ ਨੇ ਕਿਹਾ ਕਿ ਸਾਲ 2009 ਤੋਂ 2014 ਦੇ ਵਿਚਕਾਰ, ਬਿਹਾਰ ਵਿੱਚ ਰੇਲਵੇ ਦੇ ਵਿਕਾਸ ਲਈ ਹਰ ਸਾਲ ਔਸਤਨ 1,132 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਸੀ, ਪਰ ਇਸ ਸਾਲ ਦੇ ਬਜਟ ਵਿੱਚ, ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਬਿਹਾਰ ਨੂੰ ਰੇਲਵੇ ਲਈ 10 ਹਜਾਰ 66 ਕਰੋੜ ਰੁਪਏ ਦਾ ਰਿਕਾਰਡ ਬਜਟ ਦਿੱਤਾ ਹੈ।

## ਜੀ ਆਰ ਡੀ ਇੰਟਰਨੈਸ਼ਨਲ ਸਕੂਲ 'ਚ ਪ੍ਰਕਾਸ਼ ਦਿਹਾੜੇ ਸੰਬੰਧੀ ਪ੍ਰਸ਼ਨ ਉੱਤਰ ਮੁਕਾਬਲੇ ਭਲਕੇ

**ਟਾਂਡਾ ਉੜਮੁੜ, (ਉਂਕਾਰ ਸਿੰਘ)**-ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਜੀ ਆਰ ਡੀ ਇੰਟਰਨੈਸ਼ਨਲ ਸਕੂਲ ਟਾਂਡਾ ਉੜਮੁੜ ਵਿਖੇ ਪ੍ਰਸ਼ਨ ਉੱਤਰ ਮੁਕਾਬਲੇ ਸਬੰਧੀ ਵਿਸ਼ਾਲ ਕੰਪੀਟੀਸ਼ਨ 11 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਜੀ ਆਰ ਡੀ ਸਿੱਖਿਆ ਸੰਸਥਾਵਾਂ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਅਤੇ ਸਕੂਲ ਦੇ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਨੇ ਦੱਸਿਆ ਕਿ ਜੀ ਆਰ ਡੀ ਸਿੱਖਿਆ ਸੰਸਥਾਵਾਂ ਤੇ ਚੇਅਰਪਰਸਨ ਪ੍ਰਦੀਪ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਰਸੂਲਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਰਵਾਏ ਜਾਏ ਇਨ੍ਹਾਂ ਮੁਕਾਬਲਿਆਂ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਜੀਵਨੀ ਸਬੰਧੀ ਬੱਚਿਆਂ ਤੋਂ ਪ੍ਰਸ਼ਨ ਪੁੱਛੇ ਜਾਣਗੇ ਤੇ ਵਿਸ਼ਾਲ ਕੰਪੀਟੀਸ਼ਨ ਕਰਵਾਇਆ ਜਾਵੇਗਾ। ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

## ਪੰਜਾਬ ਦੇ 1927 'ਚੋਂ 850 ਸਕੂਲ ਪ੍ਰਿੰਸੀਪਲਾਂ ਤੋਂ ਸੱਖਣੇ : ਲੈਕਚਰਾਰ ਯੂਨੀਅਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਜਾਬ ਵਿੱਚ 1927 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਨ, ਜਿਨ੍ਹਾਂ ਵਿੱਚ ਲਗਭਗ 850 ਸਕੂਲ ਪ੍ਰਿੰਸੀਪਲਾਂ ਤੋਂ ਸੱਖਣੇ ਆਰਜੀ ਪ੍ਰਬੰਧ ਕਰਕੇ ਕੰਮ ਚਲਾਇਆ ਜਾ ਰਿਹਾ ਹੈ।ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦੇ ਸਰਪ੍ਰਸਤ ਹਾਕਮ ਸਿੰਘ, ਸੀਨੀਅਰ ਸਲਾਹਕਾਰ ਸੁਖਦੇਵ ਸਿੰਘ ਰਾਣਾ ਅਤੇ ਸੂਬਾਈ ਆਗੂ ਸੰਜੀਵ ਕੁਮਾਰ, ਰਵਿੰਦਰਪਾਲ ਸਿੰਘ, ਬਲਰਾਜ ਬਾਜਵਾ ਤੇ ਜਗਤਾਰ ਸਿੰਘ ਸੈਦੋਕੇ, ਗੁਰਪ੍ਰੀਤ ਸਿੰਘ ਬਠਿੰਡਾ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾਅਵੇ ਕਰ ਰਹੀ ਹੈ ਕਿ ਸਿੱਖਿਆ ਸੁਧਾਰ ਕਰਨ ਲਈ ਵਚਨਬੱਧ ਹੈ, ਪਰ ਅਫਸੋਸ ਨਾਲ ਦੱਸਣਾ ਪੈਂਦਾ ਹੈ ਕਿ ਸਕੂਲ ਮੁਖੀਆ ਤੇ ਅਧਿਆਪਕਾਂ ਬਿਨਾਂ ਕਿਹੜਾ ਸੁਧਾਰ ਹੋ ਸਕਦਾ ਹੈ।ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਰਣਬੀਰ ਸਿੰਘ ਸੋਹਲ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਸਿੱਖਿਆ ਵਿਭਾਗ ਵਿੱਚ ਪਦਉੱਨਤੀਆਂ ਸੀਨੀਆਰਤਾ ਅਨੁਸਾਰ ਹੁੰਦੀਆ ਹਨ।ਮਾਸਟਰ ਕਾਡਰ ਦੀਆਂ ਸੀਨੀਅਰ ਸੂਚੀਆਂ ਇਕੱਠੀ ਬਣਾਉਣ ਦੀ ਬਜਾਏ ਕਿਸ਼ਤਾਂ ਵਿੱਚ ਬਣਾਈ ਗਈ ਹੈ।ਇਕ ਸਾਂਝੀ ਸੀਨੀਆਰਤਾ ਸੂਚੀ ਜਾਰੀ ਕੀਤੀ ਜਾਵੇ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪ੍ਰਮੋਸ਼ਨ ਸੈੱਲ ਬਣਾਉਣ ਦੇ ਬਾਵਜੂਦ ਪ੍ਰਮੋਸ਼ਨਾਂ ਨਹੀਂ ਹੋ ਰਹੀਆ।ਸੂਬਾ ਪ੍ਰਧਾਨ ਸੰਜੀਵ ਕੁਮਾਰ ਨੇ ਦੱਸਿਆ ਕਿ ਪ੍ਰਮੋਸ਼ਨਾਂ ਵਿੱਚ ਸਭ ਤੋਂ ਵੱਡੀ ਰੁਕਾਵਟ 2018 ਦੇ ਸਿੱਖਿਆ ਨਿਯਮ ਹਨ।ਸਕੂਲਾਂ ਵਿੱਚ ਸਕੂਲ ਮੁਖੀਆਂ ਦੀਆਂ ਆਸਾਮੀਆਂ ਭਰਨ ਲਈ ਤਰੱਕੀ ਰਾਹੀਂ ਪਦਉੱਨਤੀਆ ਦਾ ਕੋਟਾ 50% ਤੋਂ 100% ਕੀਤਾ ਜਾਵੇ।ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਬਲਰਾਜ ਸਿੰਘ ਬਾਜਵਾ ਨੇ ਕਿਹਾ ਕਿ ਕੋ ਐਜੂਕੇਸ਼ਨ ਸਕੂਲਾਂ ਵਿੱਚ ਲੜਕੀਆ ਦੇ ਪਖਾਨਿਆਂ ਦੀ ਸਫ਼ਾਈ ਲਈ ਲੇਡੀ ਸਵੀਪਰਾਂ ਦੀ ਭਰਤੀ ਕੀਤੀ ਜਾਏ। ਖਾਲੀ ਲੈਕਚਰਾਰਾਂ ਦੀਆਂ ਅਸਾਮੀਆਂ ਸਿੱਧੀਆਂ ਤੇ ਪਦਉੱਨਤੀਆਂ ਨਾਲ ਪੁਰ ਕੀਤੀਆਂ ਜਾਣ।ਸਕੂਲ ਮੁਖੀਆਂ ਦੀਆਂ ਆਸਾਮੀਆਂ ਨਿਯਮ ਅਨੁਸਾਰ ਪਹਿਲ ਦੇ ਆਧਾਰ 'ਤੇ ਪੁਰ ਕੀਤੀਆਂ ਜਾਣ।ਪਹਿਲਾਂ ਰਿਵਰਸ਼ਨ ਅਧੀਨ ਆਏ ਲੈਕਚਰਾਰਾਂ ਦੇ ਬੰਦ ਕੀਤੇ ਏ ਸੀ ਪੀ ਬਹਾਲ ਕੀਤੇ ਜਾਣ।

## ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਰਕਾਰ ਵਚਨਬੱਧ : ਜਮੀਲ ਰਹਿਮਾਨ

### ਵਿਧਾਇਕ ਦੇ ਯਤਨਾਂ ਸਦਕਾ ਸਿਵਲ ਹਸਪਤਾਲ ਮਾਲੇਰਕੋਟਲਾ ਵਿਖੇ 7 ਮਾਹਰ ਡਾਕਟਰਾਂ ਦੀ ਤਾਇਨਾਤੀ

**ਮਾਲੇਰਕੋਟਲਾ (ਅਸਗਰ ਪਰਿਹਾਰ)**- ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਦੇ ਉਦਮ ਸਦਕਾ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵੱਲੋਂ ਸਿਵਲ ਹਸਪਤਾਲ ਮਾਲੇਰਕੋਟਲਾ ਵਿਖੇ 7 ਨਵੇਂ ਹੋਰ ਡਾਕਟਰਾਂ ਦੀ ਤਾਇਨਾਤੀ ਕਰਕੇ ਸਿਹਤ ਸੇਵਾਵਾਂ ਨੂੰ ਵੱਡਾ ਹੁਲਾਰਾ ਦਿੱਤਾ ਹੈ।ਵੱਖ ਵੱਖ ਮਾਹਰ ਡਾਕਟਰਾਂ ਦੀ ਤਾਇਨਤੀ ਹੋਣ ਨਾਲ ਜ਼ਿਲ੍ਹੇ ਦੇ ਲੋੜਵੰਦ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਵਾਂ ਮਿਲਣੀਆਂ ਸ਼ੁਰੂ ਹੋ ਜਾਣਗੀਆਂ।

ਵਿਧਾਇਕ ਨੇ ਜ਼ਿਲ੍ਹੇ ਦੀ ਅਵਾਮ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਡਾਕਟਰਾਂ ਦੀ ਤਾਇਨਾਤੀ ਨਾਲ ਸਿਹਤ ਸੇਵਾਵਾਂ 'ਚ ਤਾਂ ਵਾਧਾ ਹੋਵੇਗਾ ਹੀ, ਉਥੇ ਲੋਕਾਂ ਨੂੰ ਹੋਰ ਬਿਹਤਰ ਤਰੀਕੇ ਨਾਲ



ਤੇ ਸਮਾਂ ਰਹਿੰਦੇ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਸਕਣਗੀਆਂ।ਡਾਕਟਰਾਂ ਦੀ ਭਰਤੀ ਨਾਲ ਲੋਕਾਂ ਨੂੰ ਰੋਜ਼ਾਨਾ ਪੱਧਰ 'ਤੇ ਬਿਨਾਂ ਕਿਸੇ ਖਜਲ-ਖੁਆਰੀ ਦੇ ਸੇਵਾਵਾਂ ਦਿੱਤੀਆਂ ਜਾ ਸਕਣਗੀਆਂ।ਡਾਕਟਰਾਂ ਦੀ ਨਿਯੁਕਤੀ ਹੋਣ ਨਾਲ ਮਰੀਜ਼ਾਂ ਨੂੰ ਓ.ਪੀ.ਡੀ. ਤੇ ਐਮਰਜੰਸੀ ਸੇਵਾਵਾਂ 'ਚ ਵੀ ਲਾਹਾ ਮਿਲੇਗਾ। ਉਨ੍ਹਾਂ ਦੱਸਿਆ ਕਿ ਨਵ-ਤਾਇਨਾਤ ਕੀਤੇ ਡਾਕਟਰਾਂ ਦੀ ਸੂਚੀ 'ਚ ਇੱਕ ਮੈਡੀਕਲ ਅਫ਼ਸਰ ਡਾ. ਠਾਕੁਰਵੀਰ ਸਿੰਘ, ਦੋ ਗਾਇਨੀ ਦੇ ਡਾ. ਪ੍ਰਿਅੰਕਾ ਵਾਸ਼ਿਸ਼ਟ ਤੇ ਡਾ. ਸ਼ੀਨਾ ਚੋਪੜਾ, ਮੈਡੀਸਨ ਦੇ ਡਾਕਟਰ ਡਾ. ਸ਼ਮਸ਼ੇਰ ਸਿੰਘ ਸੋਢੀ, ਸਰਜਰੀ ਦੇ ਮਾਹਰ ਡਾ. ਅਮਰਿੰਦਰ ਸਿੰਘ ਸੋਈ, ਜਨਰਲ ਮੈਡੀਸਨ ਦੇ ਡਾਕਟਰ ਡਾ. ਜੈਦੀਪ ਸਿੰਘ, ਡਾ. ਜਸਜੋਤ ਸਿੰਘ ਦਿਓਲ ਸਿਵਲ ਹਸਪਤਾਲ ਮਾਲੇਰਕੋਟਲਾ ਵਿਖੇ ਤਾਇਨਾਤ ਹੋਣਗੇ ਤੇ ਉਕਤ ਸਾਰੇ ਡਾਕਟਰ ਜਲਦੀ ਹੀ ਆਪਣਾ ਕਾਰਜਭਾਗ ਸੰਭਾਲਣਗੇ।


## ਕਲਾਸੀਫਾਈਡ ਇਸ਼ਤਿਹਾਰ

### Change of Name

I, Balvir Singh Son of Malkit Singh, resident of VPO Manak Dheri, District Hoshiarpur, Punjab, have changed my name from BALVIR SINGH to BALBIR SINGH. Please note all concerned.

I Amrik kailey S/o Mahinder Singh,R/o PO Kangniwal, Jalandhar have changed my daughter name from Divyanshi to Divyanshi Kailey.

I Raman Bala W/o Anil Kumar R/O H.No. 753, Mota Singh Nagar, Jalandhar -144001, Punjab, have changed my name from Raman Bala to Raman Kathpal . (Kathpal as surname).All concerned note please.

I Rajesh Rani W/o Pawan Kumar R/o H.No. 404 Gali No. 2, Near Raman Shiv Mandir, Baldev Nagar, Jalandhar declare that I have changed my name Bhawna to Rajesh Rani .

I Baljeet Kaur W/O Satpal Singh VPO. Tahli, Distt Hoshiarpur, Punjab I Have Changed My Name Baljeet Kaur to Kaur Baljeet (Kaur is my Surname). All please note.

I, Harsh s/o Sarabjit Kumar r/o H.No. 80/A, VPO. Mithapur, Jalandhar, Punjab have changed my name from Harsh to Harsh Kumar. All Please Note.

I, Sarabjit s/o Gurpal Ram r/o H.No. 80/A, VPO. Mithapur, Jalandhar, Punjab have changed my name from Sarabjit to Sarabjit Kumar. All Please Note.

### Change of Name

I, Kuljit Singh s/o Harbans Singh, R/o H.No.153/7, Preet Nagar, Ladowali Road Jalandhar have changed my name from Kuljit Singh to Kuljit Singh Bhatti.

I, Dalvinder Kaur w/o Kuljit Singh Bhatti, R/o H.No.153/7, Preet Nagar, Ladowali Road Jalandhar have changed my name from Dalvinder Kaur to Dalvinder Kaur Bhatti

### ਨਾਂਅ ਦੀ ਬਦਲੀ

ਮੈਂ, ਹਰਬਲਾਸ ਪੁੱਤਰ ਸ਼੍ਰੀ ਪ੍ਰੀਤਮ ਚੰਦ ਵਾਸੀ ਮਕਾਨ ਨੰਬਰ ਬੀ1/0176, ਨਜਦੀਕ ਹੋਲੀ ਫੈਮਿਲੀ ਹਸਪਤਾਲ, ਰਿਸ਼ੀ ਨਗਰ, ਗੋਰਾਇਆ, ਤਹਿਸੀਲ ਫਿਲੌਰ, ਜਿਲਾ ਜਲੰਧਰ, ਪੰਜਾਬ-144009 ਨੇ ਆਪਣਾ ਨਾਮ ਹਰਬਲਾਸ ਤੋਂ ਬਦਲ ਕੇ ਹਰਬਲਾਸ ਹੀਰਾ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਜਸਪ੍ਰੀਤ ਸਿੰਘ ਪੁੱਤਰ ਜਗਜੀਤ ਸਿੰਘ ਵਾਸੀ 20-ਸੀ, ਰਾਣੀ ਕਾ ਬਾਗ, ਅੰਮ੍ਰਿਤਸਰ ਨੇ ਆਪਣਾ ਨਾਂਅ ਜਸਪ੍ਰੀਤ ਸਿੰਘ ਤੋਂ ਬਦਲ ਕੇ ਜਸਪ੍ਰੀਤ ਸਿੰਘ ਨਾਗਪਾਲ ਕਰ ਲਿਆ ਹੈ।

### ਬੇਦਖਲੀ ਨੋਟਿਸ

ਮੈਂ, ਰੇਨੂੰ ਮਿਸ਼ਰਾ ਪਤਨੀ ਸ੍ਰੀ ਜਾਨਕੀ ਮਿਸ਼ਰਾ, ਵਾਸੀ ਮਕਾਨ ਨੰ: 77, ਗਲੀ ਨੰ: 4, ਜੈਨਾ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕੁਸ਼ ਮਿਸ਼ਰਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੇ ਨਾਲ ਲੜਾਈ-ਝਗੜਾ ਅਤੇ ਗਾਲੀ-ਗਲੋਚ ਕਰਦਾ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

10-FEB-PAGE-7.qxd 2/9/2025 9:42 PM Page 1



## ਜਵਾਹਰ ਨਵੋਦਿਆ ਵਿਦਿਆਲਿਆ 'ਚ ਦਾਖ਼ਲੇ ਲਈ ਪ੍ਰਵੇਸ਼ ਪ੍ਰੀਖਿਆ ਸੁਚਾਰੂ ਢੰਗ ਨਾਲ ਸੰਪਨ : ਪ੍ਰਿੰ. ਗੋਇਲ



**ਲੁਧਿਆਣਾ (ਜਸਦੀਪ ਵਰਤੀਆ)**-ਜਵਾਹਰ ਨਵੋਦਿਆ ਵਿਦਿਆਲਿਆ ਧਨਾਨਸੂ ਲਈ ਜਮਾਤ ਨੌਵੀਂ ਤੇ ਗਿਆਰਵੀਂ ਵਿੱਚ ਦਾਖਲੇ ਲਈ ਪ੍ਰਵੇਸ਼ ਪ੍ਰੀਖਿਆ ਸੁਚਾਰੂ ਢੰਗ ਨਾਲ ਸੰਪਨ ਹੋਈ।9ਵੀਂ ਜਮਾਤ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡਿਆਲੀ, ਜਦਕਿ ਜਵਾਹਰ ਨਵੋਦਿਆ ਵਿਦਿਆਲਿਆ, ਧਨਾਨਸੂ ਨੂੰ 11ਵੀਂ ਜਮਾਤ ਦਾ ਕੇਂਦਰ ਬਣਾਇਆ ਗਿਆ ਸੀ।ਜਵਾਹਰ ਨਵੋਦਿਆ ਵਿਦਿਆਲਿਆ, ਧਨਾਨਸੂ ਦੇ ਪ੍ਰਿੰਸੀਪਲ ਨਿਸ਼ੀ ਗੋਇਲ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਯੋਗ ਅਗਵਾਈ, ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਡਿੰਪਲ ਮਦਾਨ ਤੇ ਸਕੂਲ ਸਟਾਫ ਦੇ ਸਹਿਯੋਗ ਨਾਲ ਇਹ ਪ੍ਰੀਖਿਆ ਸੁਚਾਰੂ ਢੰਗ ਨਾਲ ਨੇਪਰੇ ਚੜ੍ਹੀ ਹੈ।ਉਨ੍ਹਾਂ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਧਨਾਨਸੂ, ਲੁਧਿਆਣਾ ਵਿੱਚ 9ਵੀਂ ਜਮਾਤ ਲਈ 482 ਵਿਦਿਆਰਥੀਆਂ ਵੱਲੋਂ ਰਜਿਸਟ੍ਰੇਸ਼ਨ ਕਰਵਾਈ ਗਈ, ਜਿਨ੍ਹਾਂ ਵਿੱਚੋਂ 319 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਹੈ।ਇਸੇ ਤਰ੍ਹਾਂ 11ਵੀਂ ਜਮਾਤ ਲਈ 299 ਉਮੀਦਵਾਰਾਂ ਨੇ ਰਜਿਸਟ੍ਰੇਸ਼ਨ ਕਰਵਾਈ ਜਿਨ੍ਹਾਂ ਵਿੱਚੋਂ 133 ਵਿਦਿਆਰਥੀ ਆਪਣੀ ਪ੍ਰੀਖਿਆ ਦੇਣ ਲਈ ਬੈਠੇ।ਪ੍ਰਿੰਸੀਪਲ ਨੇ ਦੱਸਿਆ ਕਿ ਇਹ ਪ੍ਰੀਖਿਆ ਦੋਵੇਂ ਕੇਂਦਰਾਂ ਵਿੱਚ ਅਮਨ-ਅਮਾਨ ਨਾਲ ਸੰਪੰਨ ਹੋਈ। ਉਨ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡਿਆਲੀ ਦੇ ਪ੍ਰਿੰਸੀਪਲ ਸੁਮਨ ਮਦਾਨ, ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਸ ਵਿਭਾਗ ਅਤੇ ਸਹਿਯੋਗੀ ਸਟਾਫ ਦਾ ਵੀ ਧੰਨਵਾਦ ਕੀਤਾ।

## ਰੋਟਰੀ ਕਲੱਬ ਵੱਲੋਂ ਪ੍ਰਿੰਸੀਪਲ ਦਾ ਸਵਾਗਤ



**ਧੂਰੀ (ਬਿੰਨੀ ਗਰਗ)**-ਯੂਨੀਵਰਸਿਟੀ ਕਾਲਜ ਬੇਨੜਾ ਦੇ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਦਾ ਉੱਘੀ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਧੂਰੀ ਦੇ ਪ੍ਰਧਾਨ ਨੇ ਗੁਲਦਸਤਾ ਦੇ ਕੇ ਸਵਾਗਤ ਕੀਤਾ ਅਤੇ ਉਨ੍ਹਾਂ ਕਾਲਜ ਤੇ ਵਿਦਿਆਰਥੀਆਂ ਦੀ ਭਲਾਈ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।ਸਮਾਜ ਸੇਵੀ ਸੰਸਥਾ ਵੱਲੋਂ ਮਲੇਰਕੋਟਲਾ ਬਾਈਪਾਸ ਧੂਰੀ ਤੋਂ ਕਾਲਜ ਤੇ ਕਾਲਜ ਤੋਂ ਮਲੇਰਕੋਟਲਾ ਬਾਈਪਾਸ ਧੂਰੀ ਤੱਕ ਵਿਦਿਆਰਥਣਾਂ ਲਈ ਪਿਛਲੇ ਸਮੇਂ ਤੋਂ ਚੱਲ ਰਹੀ ਮੁਫ਼ਤ ਬੱਸ ਸਰਵਿਸ, ਲੋੜਵੰਦ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਕਰਨ, ਮਾਨਵਤਾ ਦੀ ਸੇਵਾ ਹਿੱਤ ਕਾਲਜ ਕੈਂਪਸ ਵਿੱਚ ਖ਼ੂਨ ਦਾਨ ਕੈਂਪਾਂ ਦਾ ਪ੍ਰਬੰਧ ਕਰਕੇ ਵਿਦਿਆਰਥੀਆਂ ਨੂੰ ਮਨੁੱਖੀ ਕਲਿਆਣ ਪ੍ਰਤੀ ਜੋੜਨ ਤੋਂ ਇਲਾਵਾ ਸਮੇਂ ਸਮੇਂ ਕਾਲਜ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਦਾ ਕਾਲਜ ਪ੍ਰਿੰਸੀਪਲ ਨੇ ਸਮਾਜ ਸੇਵੀ ਸੰਸਥਾ ਦਾ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਰੋਟਰੀ ਕਲੱਬ ਧੂਰੀ ਦੇ ਪ੍ਰਧਾਨ ਰੋਟੇਰੀਅਨ ਬਲਜੀਤ ਸਿੰਘ ਸਿੱਧੂ, ਰੋਟੇਰੀਅਨ ਮਦਨ ਲਾਲ ਸ਼ਰਮਾ ਤੇ ਰੋਟੇਰੀਅਨ ਸੀ.ਐੱਸ. ਮੁਸਾਫਿਰ ਤੋਂ ਇਲਾਵਾ ਕਾਲਜ ਸਟਾਫ਼ ਵਿੱਚੋਂ ਡਾ. ਅਸ਼ੋਕ ਕੁਮਾਰ, ਡਾ. ਊਸ਼ਾ ਰਾਣੀ ਤੇ ਡਾ. ਗਗਨਦੀਪ ਸਿੰਘ ਹਾਜ਼ਰ ਸਨ।

## ਪਾਵਰਕਾਮ ਪੈਨਸ਼ਨਰਜ਼ ਵੱਲੋਂ ਸੰਘਰਸ਼ ਦਾ ਐਲਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਹੈੱਡ ਆਫ਼ਿਸ ਯੂਨਿਟ ਪਟਿਆਲਾ ਦੀ ਮੀਟਿੰਗ ਭਿੰਦਰ ਸਿੰਘ ਚਹਿਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਅਣਖੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਹੋਈ।ਇੰਜ. ਹਰਜੀਤ ਸਿੰਘ ਸਕੱਤਰ ਨੇ ਜਾਣਕਾਰੀ ਦਿੱਤੀ ਕਿ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਦੇ ਆਉਣ ਵਾਲੇ ਸੈਸ਼ਨ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਫਰੰਟ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਜਿਵੇਂ ਕਿ ਪੇ-ਰਵਿਜ਼ਨ ਦੇ ਬਕਾਏ, ਡੀ ਏ ਦੀਆਂ ਕਿਸ਼ਤਾਂ ਤੇ ਬਕਾਏ, 1.1.16 ਤੋਂ ਪਹਿਲਾਂ ਰਿਟਾਇਰ ਪੈਨਸ਼ਨਰਾਂ ਨੂੰ 2.59 ਸੁਧਾਈ ਫੈਕਟਰ ਤੇ ਕੈਸ਼ਲੈਸ ਸਕੀਮ ਜਾਰੀ ਕਰਨ ਵਿੱਚ ਟਾਲਮਟੋਲ ਦੀ ਨੀਤੀ ਵਿਰੁੱਧ ਸੰਘਰਸ਼ ਕੀਤਾ ਜਾਵੇਗਾ ਤੇ ਵਿਧਾਨ ਸਭਾ ਵੱਲ ਰੋਸ ਮਾਰਚ ਕੀਤੇ ਜਾਣਗੇ, ਜਿਸ ਵਿੱਚ ਪਾਵਰਕਾਮ ਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਵੀ ਸ਼ਾਮਲ ਹੋਵੇਗੀ।ਮੀਟਿੰਗ ਨੂੰ ਮਲਕੀਤ ਸਿੰਘ ਤੇ ਹਰਸ਼ਰਨਜੀਤ ਕੌਰ ਨੇ ਸੰਬੋਧਨ ਕਰਦਿਆਂ ਸਰਕਾਰਾਂ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਸਬੰਧੀ ਮਾੜੀ ਨੀਤੀ 'ਤੇ ਚਾਨਣਾ ਪਾਉਂਦਿਆਂ ਸੰਗਠਨ ਨੂੰ ਮਜ਼ਬੂਤ ਬਣਾਉਣ ਤੇ ਸਰਕਾਰਾਂ ਦੀ ਮਾੜੀ ਸੋਚ ਵਿਰੁੱਧ ਸੰਘਰਸ਼ ਕਰਨ ਲਈ ਤਿਆਰ ਰਹਿਣ ਦੀ ਅਪੀਲ ਕੀਤੀ।ਸ੍ਰ: ਚਹਿਲ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਦੌਰਾਨ ਸਰਕਾਰ ਨੂੰ ਨਤੀਜੇ ਭੁਗਤਣੇ ਪੈਣਗੇ।ਮੀਟਿੰਗ ਵਿੱਚ ਗੱਜਣ ਸਿੰਘ ਮੀਡੀਆ ਸਲਾਹਕਾਰ, ਜਸਬੀਰ ਸਿੰਘ, ਇੰਜ. ਭਾਨ ਸਿੰਘ, ਇੰਜ. ਕਰਤਾਰ ਸਿੰਘ, ਹਰਬੰਸ ਸਿੰਘ ਟਿਵਾਣਾ, ਮਹਿੰਦਰ ਸਿੰਘ ਮਾਹੀ, ਸਰੂਪਇੰਦਰ ਸਿੰਘ, ਰੇਸ਼ਮ ਸਿੰਘ ਮਾਨ, ਜੱਗਾ ਸਿੰਘ, ਇੰਜ ਸਤਪਾਲ ਸ਼ਰਮਾ, ਪਵਿੱਤਰ ਕੌਰ, ਗਿਆਨ ਚੰਦ ਕੌਸ਼ਲ, ਅਮਰੀਕ ਸਿੰਘ ਤੇ ਬਹੁਤਾਤ ਗਿਣਤੀ ਵਿੱਚ ਹੋਰ ਮੈਂਬਰ ਸ਼ਾਮਲ ਸਨ।

## ਵਿਸ਼ਵ ਖੋਜੀ ਸਕੂਲ ਅਨੁਭਵੀ ਸਿੱਖਿਆ ਲਈ ਐਕਸੀਲੈਂਸ ਐਵਾਰਡ ਨਾਲ ਸਨਮਾਨਤ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਦੁਆਰਾ ਮਾਨਤਾ ਪ੍ਰਾਪਤ ਸਰਾਫ਼ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਨੂੰ ਸਕੂਲ ਦੀਆਂ ਉਪਲਬਧੀਆਂ ਤੇ ਅਨੁਭਵੀ ਸਿੱਖਿਆ ਦੇ ਆਧਾਰ 'ਤੇ ਨਿਊਜ਼ 18 ਦੀ ਤਰਫ਼ੋਂ 2024-25 ਐਕਸੀਲੈਂਸ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ।ਪ੍ਰੋਗਰਾਮ ਦੇ ਮੁੱਖ ਮਹਿਮਾਨ ਵਜੋਂ ਪਹੁੰਚੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਕੂਲ ਦੇ ਉਪ-ਚੇਅਰਮੈਨ ਅਮਿਤ ਸਰਾਫ ਨੂੰ ਇਹ ਅਵਾਰਡ ਦੇ ਕੇ ਸਨਮਾਨਤ ਕੀਤਾ।ਸਕੂਲੀ ਮਾਹੌਲ ਵਿੱਚ ਬੱਚਿਆਂ ਨੂੰ ਸੁਰੱਖਿਅਤ ਰੱਖਣਾ, ਉਨ੍ਹਾਂ ਦੇ ਸਰਵ-ਵਿਆਪੀ ਵਿਕਾਸ ਵਿੱਚ ਸਕੂਲ ਵਿਸ਼ੇਸ਼ ਭੂਮਿਕਾ ਨਿਭਾਅ ਰਿਹਾ ਹੈ।ਸਕੂਲ ਦੇ ਵਿਦਿਆਰਥੀਆਂ ਦੁਆਰਾ ਸਿੱਖਿਆ ਖੇਤਰ, ਖੇਡ ਖੇਤਰ ਨਾਲ ਸੰਬੰਧਤ ਵੱਖ-ਵੱਖ ਮੁਕਾਬਲਿਆਂ ਵਿੱਚ ਸਫ਼ਲਤਾ ਪ੍ਰਾਪਤ ਕਰਨਾ ਸਕੂਲ ਦੀ ਸਭ ਤੋਂ ਵੱਡੀ ਸਫ਼ਲਤਾ ਹੈ।ਸਕੂਲ ਨੂੰ ਐਕਸੀਲੈਂਸ ਐਵਾਰਡ ਮਿਲਣ 'ਤੇ ਸਕੂਲ ਦੇ ਚੇਅਰਮੈਨ ਇੰਜੀਨੀਅਰ ਕਮਲੇਸ਼ ਸਰਾਫ ਨੇ ਸਕੂਲ ਦੇ ਵਾਇਸ ਚੇਅਰਮੈਨ ਅਮਿਤ ਸਰਾਫ, ਪ੍ਰਿੰਸੀਪਲ ਸ੍ਰੀਮਤੀ ਅੰਜੂ ਨਾਗਪਾਲ, ਵਾਇਸ ਪ੍ਰਿੰਸੀਪਲ ਸ੍ਰੀਮਤੀ ਕਾਵਿਆ ਅਸੀਜਾ ਤੇ ਅਧਿਆਪਕਾਂ ਨੂੰ ਬਹੁਤ-ਬਹੁਤ ਵਧਾਈ ਦਿੱਤੀ।ਉਨ੍ਹਾਂ ਭਗਵਾਨ ਦੀ ਪ੍ਰਾਰਥਨਾ ਕੀਤੀ ਕਿ ਸਕੂਲ ਟੀਮ ਤੇ ਮਾਪਿਆਂ ਦੇ ਸਹਿਯੋਗ ਨਾਲ ਸਕੂਲ ਦੇ ਬੱਚੇ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਨਗੇ।ਸਕੂਲ ਦੇ ਪ੍ਰਿੰਸੀਪਲ ਨੇ ਇਸ ਖੁਸ਼ੀ ਦੇ ਮੌਕੇ 'ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਸਾਡੇ ਸਕੂਲ ਦਾ ਉਦੇਸ਼ ਸਕੂਲਾਂ ਦੇ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਯਤਨ ਕਰਨਾ ਹੈ।

## ਕੌਂਸਲਰ ਨੇ ਗਲੀਆਂ ਦੀ ਮਰੰਮਤ ਦਾ ਕੰਮ ਸ਼ੁਰੂ ਕਰਾਇਆ



ਕੋਟ ਈਸੇ ਖਾਂ (ਅਰੋੜਾ) ਵਾਰਡ ਨੰਬਰ ਚਾਰ ਤੋਂ ਆਮ ਆਦਮੀ ਪਾਰਟੀ ਦੇ ਕੌਂਸਲਰ ਗੁਰਪ੍ਰੀਤ ਸਿੰਘ ਸਿੱਧੂ ਨੇ ਪਿਛਲੇ ਚਾਰ ਸਾਲ ਦੌਰਾਨ ਆਪਣੇ ਵਾਰਡ ਅੰਦਰ ਆਉਂਦੇ ਸਟੇਡੀਅਮ, ਸਕੂਲ ਹਸਪਤਾਲ, ਪਿਛਲੇ ਦਿਨੀ ਡੰਗਰਾਂ ਵਾਲੇ ਹਸਪਤਾਲ 'ਚ ਰੇਹੜੀ ਮਾਰਕੀਟ ਬਣਵਾ ਕੇ ਸ਼ਹਿਰ ਦੇ ਲੋਕਾਂ ਨੂੰ ਟ੍ਰੈਫ਼ਿਕ ਦੀ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਲਈ ਬਹੁਤ ਵੱਡਾ ਉਪਰਾਲਾ ਕੀਤਾ ਹੈ।ਉਨ੍ਹਾਂ ਨੇ ਸਮੇਂ-ਸਮੇਂ 'ਤੇ ਹਲਕਾ ਧਰਮਕੋਟ ਤੋਂ ਐਮ ਐਲ ਏ ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਧਿਆਨ ਦੇ ਵਿੱਚ ਆਪਣੇ ਵਾਰਡ ਨਾਲ ਸੰਬੰਧਤ ਜਿੰਨੇ ਵੀ ਕੰਮ ਧਿਆਨ ਵਿੱਚ ਲਿਆਂਦੇ, ਐਮਐਲਏ ਨੇ ਕਦੇ ਵੀ ਉਨ੍ਹਾਂ ਨੂੰ ਨਿਰਾਸ਼ ਨਹੀਂ ਕੀਤਾ, ਬਲਕਿ ਉਹਨਾਂ ਦੁਆਰਾ ਲਿਆਂਦੇ ਗਏ ਸਾਰੇ ਹੀ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਾਇਆ।ਸਟੇਡੀਅਮ 'ਚ ਸ਼ਾਨਦਾਰ ਜਿੰਮ ਬਣਵਾਉਣਾ, ਵਾਰਡ ਦੀਆਂ ਜਿੰਨੀਆਂ ਵੀ ਸਮੱਸਿਆਵਾਂ ਸਨ, ਉਨ੍ਹਾਂ ਸਾਰਿਆਂ ਦਾ ਹੱਲ ਕਰਾਇਆ। ਧਰਮਕੋਟ ਰੋਡ 'ਤੇ ਜਿੱਥੋਂ ਤੱਕ ਉਨ੍ਹਾਂ ਦਾ ਵਾਰਡ ਹੈ, ਸੀਵਰੇਜ ਪੈ ਚੁੱਕਿਆ ਹੈ ਤੇ ਬਾਕੀ ਸ਼ਹਿਰ ਵਿੱਚ ਵੀ ਸੀਵਰੇਜ ਦਾ ਕੰਮ ਬਹੁਤ ਤੇਜ਼ੀ ਨਾਲ ਚੱਲ ਰਿਹਾ, ਜਿਸ ਨਾਲ ਸ਼ਹਿਰ ਵਾਸੀਆਂ ਨੂੰ ਗਲੀਆਂ ਵਿੱਚ ਖੜ ਦੇ ਗੰਦੇ ਪਾਣੀ ਤੇ ਬਦਬੂ ਤੋਂ ਜਲਦੀ ਨਿਜ਼ਾਤ ਮਿਲੇਗੀ।

# ਯਾਦਗਾਰੀ ਹੋ ਨਿੱਬੜਿਆ ਪੀ ਐੱਮ ਸ੍ਰੀ ਸਕੂਲ ਚੱਕ ਮੋਚਨ ਵਾਲਾ ਦਾ ਸਾਲਾਨਾ ਸਮਾਰੋਹ

■ ਸਿੱਖਿਆ ਦੇ ਖੇਤਰ 'ਚ ਅਹਿਮ ਸਥਾਨ ਰੱਖਦੇ ਹਨ ਸਰਕਾਰੀ ਸਕੂਲ : ਐੱਸ ਐੱਸ ਪੀ

■ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਤਰਾਸ਼ਣ 'ਚ ਅਧਿਆਪਕਾਂ ਦਾ ਅਹਿਮ ਯੋਗਦਾਨ : ਐੱਸ ਡੀ ਐੱਮ



**ਜਲਾਲਾਬਾਦ (ਪਰਮਜੀਤ ਢਾਬਾਂ, ਜੰਗੀਰ ਕੌਰ, ਜੀਤ ਕੁਮਾਰ)**-ਪੀ ਐੱਮ ਸ੍ਰੀ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਚੱਕ ਮੋਚਨ ਵਾਲਾ ਵਿੱਚ ਸਾਲਾਨਾ ਸਮਾਰੋਹ ਪਰਵਾਜ਼-ਏ-ਹੁਨਰ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਹਲਕੇ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਤੇ ਐੱਸ ਡੀ ਐੱਮ ਜਲਾਲਾਬਾਦ ਸ੍ਰ. ਕਵਰਜੀਤ ਸਿੰਘ ਮਾਨ ਵੱਲੋਂ ਸ਼ਮ੍ਹਾ ਰੌਸ਼ਨ ਕਰਕੇ ਕੀਤੀ ਗਈ। ਪ੍ਰੋਗਰਾਮ ਪਰਵਾਜ਼-ਏ-ਹੁਨਰ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਆਪਣੀ ਵੱਖ ਵੱਖ ਕਲਾਂ ਦਾ ਪ੍ਰਦਰਸ਼ਨ ਆਪਣੇ ਮਾਪਿਆਂ ਤੇ ਮਹਿਮਾਨਾਂ ਸਾਹਮਣੇ ਪੇਸ਼ ਕੀਤਾ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਜ਼ਿਲ੍ਹਾ ਪੁਲਸ ਮੁਖੀ ਵਰਿੰਦਰ ਸਿੰਘ ਬਰਾੜ ਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਐੱਸ ਡੀ ਐੱਮ ਕੰਵਰਜੀਤ ਸਿੰਘ ਮਾਨ ਪਹੁੰਚੇ। ਸਮਾਗਮ ਵਿੱਚ ਸਕੂਲ ਦੇ ਬੱਚਿਆਂ ਵੱਲੋਂ 'ਚ ਵਜ਼ੀਫ਼ਾ ਪ੍ਰੀਖਿਆਵਾਂ' 'ਚ ਅੱਵਲ ਰਹਿਣ ਵਾਲੇ ਦਰਸ਼ਨ ਤੋਂ ਵੱਧ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਵੱਲੋਂ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਸੱਭਿਆਚਾਰਕ ਗਤੀਵਿਧੀਆਂ ਲੋਕ ਗੀਤ, ਲੋਕ ਨਾਚ ਭੰਗੜਾ ਗਿੱਧਾ, ਸਿੰਮੀ, ਰਾਜਸਥਾਨੀ ਘੂਮਰ ਨਾਚ, ਹਰਿਆਣਵੀ, ਗੁਜਰਾਤੀ ਤੇ ਕਸ਼ਮੀਰੀ ਨਾਚ, ਕੁੜੀਆਂ ਦਾ ਭੰਗੜਾ ਪੇਸ਼ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਮੋਬਾਇਲ ਦੀ ਜ਼ਿਆਦਾ ਵਰਤੋਂ ਦੇ ਨੁਕਸਾਨ ਅਧਾਰਤ ਕੋਰਿਓਗ੍ਰਾਫੀ, ਜਲ੍ਹਿਆਂਵਾਲਾ ਬਾਗ਼ ਹੱਤਿਆਕਾਂਡ ਅਧਾਰਤ ਕੋਰਿਓਗ੍ਰਾਫੀ, ਵਿਸਾਖੀ ਤੇ ਕੈਨੇਡਾ ਕੋਰਿਓਗ੍ਰਾਫੀ ਪੇਸ਼ ਕੀਤੀ ਗਈ। ਵਿਦਿਆਰਥੀਆਂ ਵੱਲੋਂ ਮਾਰਸ਼ਲ ਆਰਟ ਦੇ ਕਰਤੱਬ ਵੀ ਦਿਖਾਏ ਗਏ। ਇਸ ਮੌਕੇ ਐੱਸ.ਐੱਸ.ਪੀ. ਵਰਿੰਦਰ ਸਿੰਘ ਬਰਾੜ ਵੱਲੋਂ ਐੱਨ ਐੱਨ ਐੱਮ ਐੱਸ ਪੇਪਰ ਪਾਸ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਮਨਦੀਪ ਸਿੰਘ ਥਿੰਦ ਨੇ ਮਾਪਿਆਂ ਨੂੰ ਜੀ ਆਇਆਂ ਕਹਿੰਦੇ ਹੋਏ ਬੱਚਿਆਂ ਦੀਆਂ ਪ੍ਰਾਪਤੀਆਂ ਮਹਿਮਾਨਾਂ ਨੂੰ ਦੱਸਦਿਆਂ ਕਿਹਾ ਕਿ ਮਾਪਿਆਂ ਦੇ ਸਹਿਯੋਗ ਨਾਲ ਸਕੂਲ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰ ਰਿਹਾ। ਐੱਸ ਡੀ ਐੱਮ ਮਾਨ ਨੇ ਮਾਪਿਆਂ ਨੂੰ ਬੱਚਿਆਂ ਵੱਲ ਪੂਰਾ ਧਿਆਨ ਦੇਣ ਲਈ ਪ੍ਰੇਰਿਤ ਕੀਤਾ ਤੇ ਮੋਬਾਇਲ ਦੀ ਜ਼ਿਆਦਾ ਵਰਤੋਂ ਕਰਨ ਤੋਂ ਰੋਕਦਿਆਂ ਵਿੱਦਿਆ ਤੇ ਖੇਡਾਂ ਨਾਲ ਜੁੜਨ ਲਈ ਉਤਸ਼ਾਹਤ ਕੀਤਾ। ਜਲਾਲਾਬਾਦ ਦੇ ਸਕੂਲ ਆਫ ਐਮੀਨੈਂਸ ਦੇ ਪ੍ਰਿੰਸੀਪਲ ਗੌਤਮ ਖੁਰਾਣਾ, ਪ੍ਰਿੰਸੀਪਲ ਪਰਵਿੰਦਰ ਸਿੰਘ, ਰਾਮ ਸਿੰਘ, ਜਸਵਿੰਦਰ ਸਿੰਘ, ਕੁਲਦੀਪ ਸਿੰਘ, ਸੁਮਿਤ ਨਾਰੰਗ, ਧਰਮਪਾਲ, ਪ੍ਰਿੰਸੀਪਲ ਸ੍ਰੀਮਤੀ ਰੇਨਕਾ, ਹੈੱਡਮਾਸਟਰ ਰਣਜੀਤ ਸਿੰਘ, ਹੈੱਡਮਾਸਟਰ ਪ੍ਰਨਮ, ਹੈੱਡਮਾਸਟਰ ਵੀਨੂ ਮੁੰਜਾ, ਬੰਤਾ ਸਿੰਘ, ਪ੍ਰਿੰਸੀਪਲ ਪ੍ਰਦੀਪ ਕੁਮਾਰ, ਹੈੱਡਮਿਸਟਰ ਸ੍ਰੀਮਤੀ ਰਚਨਾ, ਪ੍ਰਿੰਸੀਪਲ ਸੁਮਿਤ ਨਾਰੰਗ, ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਸੁਨੀਲ ਸੱਚਦੇਵਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰੋਗਰਾਮ ਦੌਰਾਨ ਬਾਰਵੀਂ ਜਮਾਤ ਦੀ ਵਿਦਿਆਰਥਣ ਨਾਜ਼ੀਆ ਕੰਬੋਜ ਮੈਰਿਟ ਵਿੱਚ ਆਉਣ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਪੁਲਸ ਮੁਖੀ ਵਰਿੰਦਰ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਸੂਬੇ ਅੰਦਰ ਸਿੱਖਿਆ ਦੇ ਖੇਤਰ ਵਿੱਚ ਸਰਕਾਰੀ ਸਕੂਲ ਅਹਿਮ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਵਾਲੇ ਸਕੂਲ ਕਿਸੇ ਵੀ ਵੱਡੇ ਪ੍ਰਾਈਵੇਟ ਅਦਾਰਿਆਂ ਦੇ ਮਾਡਲ ਸਕੂਲ ਤੋਂ ਘੱਟ ਨਜ਼ਰ ਨਹੀਂ ਆਉਂਦੇ। ਇਸ ਮੌਕੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪਹੁੰਚੇ ਐੱਸ ਡੀ ਐੱਮ ਜਲਾਲਾਬਾਦ ਕਵਰਜੀਤ ਸਿੰਘ ਮਾਨ ਨੇ ਕਿਹਾ ਕਿ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਉੱਚ ਪਦਮੀਆਂ ਤੇ ਪਹਿਚਾਉਣ ਵਿੱਚ ਅਧਿਆਪਕਾਂ ਦਾ ਅਹਿਮ ਯੋਗਦਾਨ ਹੁੰਦਾ ਹੈ।

## ਸੜਕ ਹਾਦਸਿਆਂ 'ਚ ਇੱਕ ਦੀ ਮੌਤ, ਦੋ ਜ਼ਖ਼ਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਚਨਾਰਥਲ ਖੁਰਦ ਤੇ ਪਿੰਡ ਮੰਡੋਫਲ ਨਜ਼ਦੀਕ ਵਾਪਰੇ ਦੋ ਵੱਖ-ਵੱਖ ਸੜਕ ਹਾਦਸਿਆਂ 'ਚ ਇੱਕ 29 ਸਾਲਾ ਰਾਜ ਮਿਸਤਰੀ ਦੀ ਮੌਤ ਹੋਣ ਤੇ ਦੋ ਵਿਅਕਤੀਆਂ ਦੇ ਜ਼ਖ਼ਮੀ ਹੋਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪਰਮਿੰਦਰ ਸਿੰਘ ਵਾਸੀ ਚੰਡੀਗੜ੍ਹ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਸਾਂਢੂ ਮੁਕੇਸ਼ ਵ੍ਹੀਲਚੇਅਰ 'ਚ ਮੋਹਾਲੀ ਤੋਂ ਫੋਕਟਫੇਟ ਮਸ਼ੀਨ ਲੱਦ ਕੇ ਪਟਿਆਲਾ ਛੱਡਣ ਜਾ ਰਿਹਾ ਸੀ ਤਾਂ ਸਰਹਿੰਦ ਨੇੜਲੇ ਮੰਡੋਫਲ ਚੌਕ ਕੋਲ ਪਹੁੰਚ ਕੇ ਮੁਕੇਸ਼ ਨੇ ਵ੍ਹੀਲਚੇਅਰ ਰੋਕ ਕੇ ਸੜਕ ਪਾਰ ਜਾ ਕੇ ਰਸਤਾ ਪੁੱਛਿਆ ਤੇ ਜਦੋਂ ਉਹ ਵਾਪਸ ਆਉਣ ਲੱਗਾ ਤਾਂ ਤੇਜ਼ ਰਫ਼ਤਾਰ ਬੋਲੈਰੋ ਕਾਰ ਨੇ ਮੁਕੇਸ਼ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ।ਮੁਕੇਸ਼ ਨੂੰ ਮੁੱਢਲੀ ਸਹਾਇਤਾ ਦੇਣ ਉਪਰੰਤ ਡਾਕਟਰਾਂ ਵੱਲੋਂ ਸੈਕਟਰ 32 ਹਸਪਤਾਲ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ।ਕਾਰ ਦੇ ਕਥਿਤ ਚਾਲਕ ਗੁਰਵਿੰਦਰ ਸਿੰਘ ਵਾਸੀ ਪਿੰਡ ਕਰੀਮਪੁਰਾ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

ਇੱਕ ਵੱਖਰੇ ਮਾਮਲੇ 'ਚ ਸਿਵਲ ਹਸਪਤਾਲ ਵਿਖੇ ਜ਼ੇਰੇ ਇਲਾਜ ਦਵਿੰਦਰ ਸਿੰਘ (30) ਵਾਸੀ ਪਿੰਡ ਸੁਹਾਗਹੇੜੀ ਨੇ ਦੱਸਿਆ ਕਿ ਉਹ ਮਜ਼ਦੂਰੀ ਦਾ ਕੰਮ ਕਰਦਾ ਹੈ ਤੇ ਉਹ ਆਪਣੇ ਹੀ ਪਿੰਡ ਦੇ ਹੀ ਵਸਨੀਕ ਰਾਜ ਮਿਸਤਰੀ ਜੱਗਾ ਸਿੰਘ ਦੇ ਨਾਲ ਮੋਟਰਸਾਈਕਲ ਪਿੱਛੇ ਬੈਠ ਕੇ ਕੰਮ 'ਤੇ ਗਿਆ ਸੀ।ਕੰਮ ਤੋਂ ਵਾਪਸ ਪਿੰਡ ਨੂੰ ਪਰਤਦੇ ਸਮੇਂ ਸ਼ਾਮ ਕਰੀਬ 6 ਵਜੇ ਜਦੋਂ ਉਹ ਪਿੰਡ ਚਨਾਰਥਲ ਖੁਰਦ ਦੇ ਟੋਲੇ ਕੋਲ ਪਹੁੰਚੇ ਤਾਂ ਤੇਜ਼ ਰਫ਼ਤਾਰ ਨਾਲ ਆ ਰਹੇ ਇੱਕ ਟੈਂਪੂ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਗੰਭੀਰ ਸੱਟਾਂ ਲੱਗਣ 'ਤੇ ਮੋਟਰਸਾਈਕਲ ਚਲਾ ਰਹੇ ਜੱਗਾ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇਸ ਹਾਦਸੇ 'ਚ ਉਸ ਦੇ ਵੀ ਸੱਟਾਂ ਲੱਗੀਆਂ।ਦਵਿੰਦਰ ਸਿੰਘ ਦੇ ਬਿਆਨਾਂ 'ਤੇ ਨਾਮਾਲੂਮ ਟੈਂਪੂ ਚਾਲਕ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਮੂਲੇਪੁਰ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਫਿਰੋਜ਼ਪੁਰ ਕੈਂਟ ਦੇ ਡਾ. ਅਨਿਲ ਸ਼ਰਮਾ ਮੁੜ ਪ੍ਰਧਾਨ ਚੁਣੇ

■ ਸਰਕਾਰ ਨੂੰ ਟ੍ਰੇਨਿੰਗ ਸ਼ੁਰੂ ਕਰਨ ਦੀ ਅਪੀਲ : ਗੋਇਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਫਿਰੋਜ਼ਪੁਰ ਕੈਂਟ ਦਾ ਡੈਲੀਗੇਟ ਅਜਲਾਸ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ 'ਸਾਡਾ ਰੁਜ਼ਗਾਰ ਸਾਡਾ ਅਧਿਕਾਰ' ਦੇ ਮਿਸ਼ਨ ਨੂੰ ਸਮਰਪਤ ਬਲਾਕ ਪ੍ਰਧਾਨ ਡਾ. ਅਨਿਲ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਮੁੱਖ ਸਲਾਹਕਾਰ ਡਾ. ਮਲਕੀਤ ਥਿੰਦ, ਵਿੱਤ ਸਕੱਤਰ ਡਾ. ਰਾਕੇਸ਼ ਮਹਿਤਾ ਤੇ ਜ਼ਿਲ੍ਹਾ ਪ੍ਰਧਾਨ ਡਾ. ਹਰਭਜਨ ਲਾਲ ਕੰਬੋਜ ਤੇ ਕੈਸ਼ੀਅਰ ਡਾ. ਬਿਸ਼ਨ ਦਾਸ, ਵਾਇਸ ਪ੍ਰਧਾਨ ਜਸਵਿੰਦਰ ਸੂਕਰ ਪਹੁੰਚੇ।ਸਭ ਤੋਂ ਪਹਿਲਾਂ ਜਥੇਬੰਦੀ ਦੇ ਪਰਿਵਾਰਾਂ ਤੇ ਪਿਛਲੇ ਦਿਨੀਂ ਹੋਈ ਦਰਦਨਾਕ ਦੁਰਘਟਨਾ ਵਿੱਚ ਵਿਛੜਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਪਹੁੰਚੇ ਆਗੂਆਂ ਤੇ ਡੈਲੀਗੇਟ ਸਾਥੀਆਂ ਦਾ ਸਵਾਗਤ ਕੀਤਾ ਗਿਆ।ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਮੁੱਖ ਸਲਾਹਕਾਰ ਡਾ. ਮਲਕੀਤ ਥਿੰਦ, ਕੈਸ਼ੀਅਰ ਡਾ. ਰਾਕੇਸ਼ ਮਹਿਤਾ ਤੇ ਜ਼ਿਲ੍ਹਾ ਪ੍ਰਧਾਨ ਡਾ. ਹਰਭਜਨ ਲਾਲ ਕੰਬੋਜ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿੱਥੇ ਜਥੇਬੰਦੀ ਵੱਲੋਂ ਸਾਡੇ ਰੁਜ਼ਗਾਰ ਦੀ ਰਾਖੀ ਤੇ ਮਾਨਤਾ ਲਈ ਪਿਛਲੇ ਲੰਮੇ ਸਮੇਂ ਤੋਂ ਯਤਨਸ਼ੀਲ ਹੈ ਅਤੇ ਨਾਲੋਂ ਨਾਲ ਖਨੌਰੀ ਕਿਸਾਨ ਮੋਰਚੇ, ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਟੋਹਾਣਾ ਤੇ ਮੋਗਾ ਦੀਆਂ ਮਹਾਂ ਪੰਚਾਇਤ ਤੇ ਟ੍ਰੈਕਟਰ ਮਾਰਚ ਸਮੇਤ ਪਿੰਡ ਦਾਨ ਸਿੰਘ ਵਾਲਾ ਵਿੱਚ ਮਜ਼ਦੂਰ ਪਰਵਾਰਾਂ ਤੇ ਪਿੰਡ ਜਿਉਂਦ ਵਿੱਚ ਕਿਸਾਨਾਂ ਦੇ ਸਾਂਝੇ ਸੰਘਰਸ਼ ਦੀ ਹਮਾਇਤ ਕਰਦਿਆਂ ਸਾਂਝੀਆਂ ਮੰਗਾਂ ਸਬੰਧੀ ਲੋਕ ਸੰਘਰਸ਼ਾਂ ਵਿੱਚ ਯੋਗਦਾਨ ਪਾਉਂਦਿਆਂ ਭਰਾਤਰੀ ਸਾਂਝ ਨੂੰ ਹੋਰ ਪਕੇਰਾ ਕਰਨ ਦੇ ਯਤਨ ਜਾਰੀ ਹਨ।ਪਿਛਲੇ ਸਮੇਂ ਸੂਬਾ ਕਮੇਟੀ ਵੱਲੋਂ ਵਿਉਂਤਬੰਦੀ ਨਾਲ ਉਲੀਕੇ ਸੰਘਰਸ਼ਾਂ ਦੀ ਬਦੌਲਤ ਪੰਜਾਬ ਸਰਕਾਰ ਵੱਲੋਂ ਮਾਣਯੋਗ ਸਿਹਤ ਮੰਤਰੀ ਡਾ. ਬਲਵੀਰ ਸਿੰਘ ਦੀ ਰਹਿਨੁਮਾਈ ਵਿੱਚ ਸਿਹਤ ਵਿਭਾਗ ਦੇ ਆਹਲਾ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਸੂਬਾ ਕਮੇਟੀ ਦੇ ਵਫ਼ਦ ਨਾਲ ਪੈਨਲ ਮੀਟਿੰਗ ਸਕੱਤਰੇਤ ਚੰਡੀਗੜ੍ਹ ਵਿਖੇ ਹੋਈ, ਜਿਸ ਵਿੱਚ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਟ੍ਰੇਨਿੰਗ ਦੇ ਕੇ ਮਾਨਤਾ ਦੇਣ ਸਬੰਧੀ ਵਿਚਾਰ ਵਟਾਂਦਰਾ ਕਰਦਿਆਂ ਸ਼ਲਾਘਾ ਕਰਦੇ ਹੋਏ ਸਿਹਤ ਵਿਭਾਗ ਨੂੰ ਪ੍ਰੋਪੋਜ਼ਲ ਤਿਆਰ ਕਰਕੇ ਜਲਦੀ ਟ੍ਰੇਨਿੰਗ ਕਰਵਾਉਣ ਦੇ ਪ੍ਰਬੰਧਾਂ ਲਈ ਆਦੇਸ਼ ਜਾਰੀ ਕੀਤੇ ਸਨ। ਆਗੂਆਂ ਨੇ ਪੰਜਾਬ ਸਰਕਾਰ ਸਿਹਤ ਮੰਤਰੀ ਪੰਜਾਬ ਤੋਂ ਟ੍ਰੇਨਿੰਗ ਜਲਦੀ ਸ਼ੁਰੂ ਕਰਵਾਉਣ ਦੀ ਪੁਰਜ਼ੋਰ ਮੰਗ ਕੀਤੀ।ਡਾ. ਅਮਰੀਕ ਸਿੰਘ ਤੇ ਡਾ. ਸੁਖਵਿੰਦਰ ਕੌਰ ਵੱਲੋਂ ਜਥੇਬੰਦੀ ਨੂੰ ਇੱਕ ਮਰੂਤੀ ਕਾਰ ਐਂਬੂਲੈਂਸ ਵਜੋਂ ਵਰਤਨ ਲਈ ਗਿਫ਼ਟ ਵਜੋਂ ਭੇਟ ਕੀਤੀ।ਇਸ ਉਤਮ ਕਾਰਜ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ ਗਿਆ।ਬਲਾਕ ਸਕੱਤਰ ਤੇ ਬਲਾਕ ਕੈਸ਼ੀਅਰ ਡਾ. ਸੰਜੀਵ ਸ਼ਰਮਾ ਵੱਲੋਂ ਪੇਸ਼ ਕੀਤੀਆਂ ਰਿਪੋਰਟਾਂ ਨੂੰ ਵਿਚਾਰਿਆ ਗਿਆ ਤੇ ਬਲਾਕ ਪ੍ਰਧਾਨ ਨੇ ਪ੍ਰਧਾਨਗੀ ਭਾਸ਼ਣ ਉਪਰੰਤ ਪੁਰਾਣੀ ਕਮੇਟੀ ਨੂੰ ਭੰਗ ਕੀਤਾ ਗਿਆ ਅਤੇ ਨਿਗਰਾਨ ਕਮੇਟੀ ਵੱਲੋਂ ਚੋਣ ਪ੍ਰਕਿਰਿਆ ਪੂਰੀ ਕਰਵਾਈ ਤੇ ਸਰਬਸੰਮਤੀ ਨਾਲ ਹੋਈ ਚੋਣ ਵਿੱਚ ਬਲਾਕ ਪ੍ਰਧਾਨ ਡਾ. ਅਨਿਲ ਸ਼ਰਮਾ, ਚੇਅਰਮੈਨ ਡਾ. ਮਨਪ੍ਰੀਤ ਸਚਦੇਵਾ, ਸੀਨੀਅਰ ਵਾਇਸ ਪ੍ਰਧਾਨ ਅਮਰੀਕ ਸਿੰਘ, ਜਨਰਲ ਸਕੱਤਰ ਡਾ. ਕਮਲ ਦਰੋਚਾ, ਕੈਸ਼ੀਅਰ ਡਾ. ਸੰਜੀਵ ਸ਼ਰਮਾ, ਮੁੱਖ ਸਲਾਹਕਾਰ ਡਾ. ਗੁਰਚਰਨ ਸਿੰਘ ਸਾਹਨੀ, ਸਲਾਹਕਾਰ ਨਿਤਿਨ ਧਵਨ, ਜ਼ਿਲ੍ਹਾ ਕਮੇਟੀ ਮੈਂਬਰ ਡਾ. ਅਮਰਜੀਤ ਸਿੰਘ, ਲੇਡੀਜ਼ ਵਿੰਗ ਦੇ ਪ੍ਰਧਾਨ ਡਾ. ਸੁਖਵਿੰਦਰ ਕੌਰ, ਸਹਾਇਕ ਕੈਸ਼ੀਅਰ ਡਾ. ਸੁਖਵਿੰਦਰ ਸਿੰਘ, ਸਟੇਜ ਸਕੱਤਰ ਡਾ. ਨਵਲ ਕਸ਼ਿਅਪ ਤੇ ਪਰਮਿੰਦਰ ਸਿੰਘ ਪ੍ਰੈੱਸ ਸਕੱਤਰ ਚੁਣੇ ਗਏ।

ਬਲਾਕ ਦੀ ਨਵੀਂ ਚੁਣੀ ਕਮੇਟੀ ਵੱਲੋਂ ਆਏ ਮਹਿਮਾਨਾਂ ਤੇ ਡੈਲੀਗੇਟ ਆਗੂਆਂ ਸਮੇਤ ਲੇਡੀਜ਼ ਵਿੰਗ ਦੇ ਆਗੂਆਂ ਦਾ ਧੰਨਵਾਦ ਕਰਦਿਆਂ ਸੂਬਾ ਕਮੇਟੀ ਵੱਲੋਂ ਉਲੀਕੇ ਕਾਰਜਾਂ ਨੂੰ ਤਨਦੇਹੀ ਨਾਲ ਨੇਪਰੇ ਚਾੜ੍ਹਨ ਦਾ ਅਹਿਦ ਵੀ ਕੀਤਾ।ਸਟੇਜ ਸਕੱਤਰ ਦੀ ਭੂਮਿਕਾ ਡਾ. ਨਵਲ ਕਸ਼ਅਪ ਵੱਲੋਂ ਬਾਖੂਬੀ ਨਿਭਾਈ ਗਈ।ਇਸ ਸਮੇਂ ਲੇਡੀਜ਼ ਵਿੰਗ ਦੇ ਡਾ. ਸੰਗੀਤਾ ਰਾਣੀ ਤੇ ਡਾ. ਸਿਮਰਨ ਸਮੇਤ ਸਮੂਹ ਮੈਂਬਰ ਸਾਥੀ ਮੌਜੂਦ ਸਨ।

## ਪਤਨੀ ਦੇ ਭੋਗ ਤੋਂ ਪਹਿਲਾਂ ਹੀ ਚੱਲ ਵਸਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਸ਼ਹਿਰ ਵਿੱਚ ਉਸ ਸਮੇਂ ਦੁੱਖ ਭਰੀ ਘਟਨਾ ਸਾਹਮਣੇ ਆਈ ਕਿ ਕੁਝ ਦਿਨ ਪਹਿਲਾਂ ਇੱਕ ਮਹਿਲਾ ਦੀ ਮੌਤ ਹੋ ਗਈ ਅਤੇ ਉਸ ਦਾ ਭੋਗ ਐਤਵਾਰ ਨੂੰ ਪੈਣਾ ਸੀ ਕਿ ਉਸ ਦਾ ਪਤੀ ਵੀ ਇਸ ਨਾਸ਼ਵਾਨ ਸੰਸਾਰ ਤੋਂ ਚੱਲ ਵਸਿਆ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਸ਼ਹਿਰ ਦੇ ਮਸ਼ਹੂਰ ਹੇਅਰ ਡਰੈੱਸਰ ਸੁਰਿੰਦਰ ਲਖਨਪਾਲ ਦੀ ਮਾਤਾ ਸ਼ਕੁਤਲਾ ਦੇਵੀ 4 ਫਰਵਰੀ ਨੂੰ ਅਕਾਲ ਚਲਾਣਾ ਕਰ ਗਈ ਸੀ।

ਉਸ ਦੇ ਅੰਤਿਮ ਸੰਸਕਾਰ ਤੋਂ ਬਾਅਦ ਸ਼ਕੁੰਤਲਾ ਦੇਵੀ ਨਮਿੱਤ ਅੰਤਿਮ ਅਰਦਾਸ ਤੇ ਗਰੁੜ ਪੁਰਾਣ ਪਾਠ ਦਾ ਭੋਗ ਐਤਵਾਰ ਨੂੰ ਹੋਣਾ ਸੀ, ਪਰ ਉਸ ਤੋਂ ਇੱਕ ਦਿਨ ਪਹਿਲਾਂ ਹੀ ਪਤੀ ਰਾਜ ਕੁਮਾਰ ਵੀ ਦਮ ਤੋੜ ਗਿਆ। ਬਜ਼ੁਰਗ ਰਾਜ ਕੁਮਾਰ ਦਾ ਅੰਤਿਮ ਸੰਸਕਾਰ ਮਾਛੀਵਾੜਾ ਸ਼ਮਸ਼ਾਨ ਘਾਟ ਵਿਖੇ ਕਰ ਦਿੱਤਾ ਗਿਆ, ਜਿੱਥੇ ਪਰਿਵਾਰ ਨਾਲ ਇਲਾਕੇ ਦੇ ਪਤਵੰਤੇ ਸੱਜਣਾਂ ਤੇ ਭਾਰੀ ਗਿਣਤੀ 'ਚ ਸ਼ਹਿਰ ਵਾਸੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਹੁਣ ਦੋਵੇਂ ਪਤੀ-ਪਤਨੀ ਸਵ. ਰਾਜ ਕੁਮਾਰ ਤੇ ਸ਼ਕੁੰਤਲਾ ਦੇਵੀ ਦੀ ਅੰਤਿਮ ਅਰਦਾਸ 11 ਫਰਵਰੀ ਨੂੰ ਸ੍ਰੀ ਸ਼ਿਵਾਲਾ ਬ੍ਰਹਮਚਾਰੀ ਮੰਦਰ ਵਿਖੇ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ।

# ਚੰਦਭਾਨ ਦਾ ਮਾਮਲਾ ਗਰਮਾਇਆ, ਭਾਰਤੀ ਅੰਬੇਡਕਰ ਮਿਸ਼ਨ ਵੱਲੋਂ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ

**ਸੰਗਰੂਰ (ਪ੍ਰਵੀਨ ਸਿੰਘ)**

ਭਾਰਤੀ ਅੰਬੇਡਕਰ ਮਿਸ਼ਨ ਭਾਰਤ ਨੇ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਚੰਦਭਾਨ ਵਿਖੇ ਹੋਏ ਦਲਿਤ ਵਰਗ ਦੇ ਲੋਕਾਂ 'ਤੇ ਲਾਠੀਚਾਰਜ ਤੇ ਵੱਡੀ ਗਿਣਤੀ ਵਿੱਚ ਕੀਤੀਆਂ ਗ੍ਰਿਫ਼ਤਾਰੀਆਂ ਦੀ ਸਖਤ ਨਿੰਦਾ ਕਰਦੇ ਹੋਏ ਪੁਲਸ ਪ੍ਰਸ਼ਾਸਨ ਦੀ ਇਸ ਕਾਰਵਾਈ ਦੀ ਸਖਤ ਨਿਖੇਧੀ ਕੀਤੀ ਹੈ। ਮਿਸ਼ਨ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਨੇ ਜੇਲ੍ਹਾਂ ਵਿੱਚ ਬੰਦ ਕੀਤੇ ਮਜ਼ਦੂਰਾਂ ਨੂੰ ਰਿਹਾਅ ਕਰਕੇ ਇਹ ਟਕਰਾਅ ਦੀ ਸਥਿਤੀ ਬਣਾਉਣ ਵਾਲੇ ਅਸਲੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਸ੍ਰੀ ਕਾਂਗੜਾ ਨੇ ਕਿਹਾ ਕਿ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਚੰਦਭਾਨ ਵਿਖੇ ਦਲਿਤਾਂ/ਮਜ਼ਦੂਰਾਂ ਤੇ ਪੁਲਸ ਦਰਮਿਆਨ ਹੋਏ ਟਕਰਾਅ ਲਈ ਪੂਰੀ ਤਰ੍ਹਾਂ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਗ਼ੈਰ-ਜ਼ਿੰਮੇਵਾਰ ਤੇ ਜਾਤੀਵਾਦੀ ਰਵੱਈਆ ਜ਼ਿੰਮੇਵਾਰ ਹੈ। ਉਨ੍ਹਾ ਕਿਹਾ ਕਿ ਹਲਕੇ ਤੋਂ ਸੱਤਾਧਾਰੀ ਪਾਰਟੀ ਨਾਲ ਸਬੰਧਤ ਵਿਧਾਇਕ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਪੰਚਾਇਤ ਵੱਲੋਂ ਕੁੱਝ ਦਲਿਤ ਪਰਵਾਰਾਂ ਦੇ ਪਾਣੀ ਦੇ ਨਿਕਾਸ ਲਈ ਬਣਵਾਈ ਜਾ ਰਹੀ ਇਕ ਨਾਲੀ ਦੀ ਉਸਾਰੀ ਨੂੰ ਕੁੱਝ ਜ਼ਿਮੀਂਦਾਰ ਪਰਵਾਰਾਂ ਵੱਲੋਂ ਨਜਾਇਜ਼ ਤੌਰ 'ਤੇ ਰੋਕ ਦੇਣ ਦੇ ਛੋਟੇ ਜਿਹੇ ਮਾਮਲੇ ਨੂੰ ਸਮੇਂ ਸਿਰ ਹੱਲ ਕਰਨੋਂ ਅਸਮੱਰਥ ਰਹੇ, ਜਿਸ ਕਰਕੇ ਦਲਿਤਾਂ ਨੂੰ ਆਪਣੀ ਸੁਣਵਾਈ ਲਈ ਅੰਦੋਲਨ ਦਾ ਰਾਹ ਅਖਤਿਆਰ ਕਰਨਾ ਪਿਆ। ਉਨ੍ਹਾ ਕਿਹਾ ਕਿ ਸਾਰਾ ਦਿਨ ਸ਼ਾਂਤਮਈ ਢੰਗ ਨਾਲ ਸੜਕ 'ਤੇ ਧਰਨਾ ਲਾਉਣ ਦੇ ਬਾਵਜੂਦ ਕਿਸੇ ਜ਼ਿੰਮੇਵਾਰ ਅਧਿਕਾਰੀ ਨੇ ਉਨ੍ਹਾਂ ਨੂੰ ਕਾਨੂੰਨ ਮੁਤਾਬਕ ਕੰਮ ਚਲਾਉਣ ਦਾ ਭਰੋਸਾ ਤੱਕ ਨਹੀਂ ਦਿੱਤਾ, ਉਲਟਾ ਸਬਕ ਸਿਖਾਉਣ ਲਈ ਬਾਅਦ ਦੁਪਹਿਰ ਧਰਨਾਕਾਰੀਆਂ 'ਤੇ ਹੀ ਲਾਠੀਚਾਰਜ ਕਰ ਦਿੱਤਾ। ਸ੍ਰੀ ਕਾਂਗੜਾ ਨੇ ਸਵਾਲ ਕੀਤਾ ਕਿ ਪੁਲਸ ਸੜਕ 'ਤੇ ਧਰਨਾ ਦੇ ਰਹੇ ਅੰਦੋਲਨਕਾਰੀ ਕਿਸਾਨਾਂ ਉੱਤੇ ਵੀ ਇਵੇਂ ਲਾਠੀਚਾਰਜ ਦੀ ਹਿੰਮਤ ਕਰਦੀ, ਜੇਕਰ ਨਹੀਂ ਤਾਂ ਭਲਾ ਦਲਿਤ ਭਾਈਚਾਰੇ ਪ੍ਰਤੀ ਇਹ ਵੱਖਰਾ ਜਬਰ ਰਵੱਈਆ ਕਿਉਂ ਅਪਣਾਇਆ ਜਾ ਰਿਹਾ ਹੈ, ਜਿਸ ਤੋਂ ਸਪੱਸ਼ਟ ਹੈ ਕਿ ਇਸ ਪਿੱਛੇ ਪੁਲਸ ਪ੍ਰਸ਼ਾਸਨ ਦੀ ਦਲਿਤ ਵਰਗ ਨੂੰ ਹੀਣ ਤੇ ਕਮਜ਼ੋਰ ਸਮਝਣ ਦੀ ਜਾਤੀਵਾਦੀ ਭਾਵਨਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਭਾਰਤੀ ਅੰਬੇਡਕਰ ਮਿਸ਼ਨ ਵੱਲੋਂ ਇਸ ਪੂਰੇ ਮਾਮਲੇ ਦੀ ਉੱਚ-ਪੱਧਰੀ ਜਾਂਚ ਕਰਵਾਉਣ ਦੀ ਮੰਗ ਕਰਦੇ ਹਨ। ਉਨ੍ਹਾਂ ਕਿਹਾ ਕਿ ਹੁਣੇ ਹੀ ਸੂਬਾ ਮੁੱਖ ਮੰਤਰੀ ਭਗਵੰਤ ਮਾਨ ਦਾ ਬਿਆਨ ਆਇਆ ਹੈ ਕਿ ਕਿਸੇ ਵੀ ਵੱਡੀ ਵਾਰਦਾਤ ਲਈ ਇਲਾਕੇ ਦੇ ਪੁਲਸ ਅਧਿਕਾਰੀ ਜ਼ਿੰਮੇਵਾਰ ਹੋਣਗੇ ਤੇ ਮੁੱਖ ਮੰਤਰੀ ਆਪਣੇ ਇਸ ਬਿਆਨ ਮੁਤਾਬਕ ਉੱਚ ਅਧਿਕਾਰੀ ਖਿਲਾਫ਼ ਕਾਰਵਾਈ ਕਰਨ ਦੀ ਸ਼ੁਰੂ ਚੰਦਭਾਨ ਦੇ ਇਸ ਜ਼ੁਲਮੀ ਕਾਂਡ ਤੋਂ ਹੀ ਸ਼ੁਰੂ ਕਰਨ। ਉਨ੍ਹਾਂ ਕਿਹਾ ਕਿ ਪਿੰਡ ਦੇ ਦਲਿਤ ਭਾਈਚਾਰੇ ਦੇ ਦਰਜਨਾਂ ਲੋਕਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ 'ਤੇ ਗੰਭੀਰ ਧਾਰਾਵਾਂ ਤਹਿਤ ਕੇਸ ਪਾਉਣ ਦੀ ਬਜਾਏ ਪੰਚਾਇਤ ਵਿਭਾਗ, ਪੁਲਸ ਤੇ ਸਿਵਲ ਪ੍ਰਸ਼ਾਸਨ ਦੇ ਉਨ੍ਹਾਂ ਸਾਰੇ ਸਬੰਧਤ ਅਫ਼ਸਰਾਂ ਖਿਲਾਫ਼ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਜੇਲ੍ਹਾਂ ਵਿੱਚ ਬੰਦ ਕੀਤੇ ਨਿਰਦੋਸ਼ ਮਜ਼ਦੂਰਾਂ ਨੂੰ ਰਿਹਾਅ ਕਰਕੇ ਅਸਲ ਦੋਸ਼ੀਆਂ ਖਿਲਾਫ਼ ਕਾਰਵਾਈ ਕਰੇ।

## ਦਿੱਲੀ ਚੋਣਾਂ 'ਚ ਭਾਜਪਾ ਦੀ ਜਿੱਤ ਚੰਗੇ ਸ਼ਾਸਨ ਲਈ ਫਤਵਾ : ਪ੍ਰਨੀਤ ਕੌਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਜਪਾ ਦੀ ਸੀਨੀਅਰ ਆਗੂ ਤੇ ਪਟਿਆਲਾ ਤੋਂ ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਦਿੱਲੀ ਚੋਣ ਨਤੀਜਿਆਂ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਆਮ ਆਦਮੀ ਪਾਰਟੀ ਦੇ ਝੂਠੇ ਵਾਅਦਿਆਂ ਨੂੰ ਨਿਰਣਾਇਕ ਰੱਦ ਕਰਨ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੀ ਵਿਕਾਸ ਤੇ ਚੰਗੇ ਸ਼ਾਸਨ ਪ੍ਰਤੀ ਵਚਨਬੱਧਤਾ ਦਾ ਪੁਰਜ਼ੋਰ ਸਮਰਥਨ ਕਰਾਰ ਦਿੱਤਾ ਹੈ। ਉਨ੍ਹਾ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਅੰਦੇਸ਼ੀ ਲੀਡਰਸ਼ਿਪ ਵਿੱਚ ਇੱਕ ਵਾਰ ਫਿਰ ਭਰੋਸਾ ਜਤਾਇਆ ਹੈ।ਇਹ ਜਿੱਤ ਭਾਜਪਾ ਵੱਲੋਂ ਦੇਸ਼ ਭਰ ਵਿੱਚ ਲਾਗੂ ਕੀਤੀਆਂ ਗਈਆਂ ਤਬਦੀਲੀਆਂ ਦੀਆਂ ਨੀਤੀਆਂ ਤੇ ਸ਼ਾਸਨ ਦਾ ਪ੍ਰਮਾਣ ਹੈ।ਦਿੱਲੀ ਦੇ ਵੋਟਰਾਂ ਨੇ ਆਮ ਆਦਮੀ ਪਾਰਟੀ ਦੀ ਧੋਖੇਬਾਜ਼ੀ ਨੂੰ ਸਖਤੀ ਨਾਲ ਨਕਾਰ ਦਿੱਤਾ ਹੈ।ਉਨ੍ਹਾਂ ਦੇ ਵੱਡੇ ਆਗੂ, ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਗੁੱਟ ਦੀ ਸ਼ਰਮਨਾਕ ਹਾਰ, ਇਹ ਸਾਬਿਤ ਕਰਦੀ ਹੈ ਕਿ ਲੋਕ ਹੁਣ ਉਨ੍ਹਾਂ ਦੇ ਝੂਠ ਤੇ ਨਾਕਾਮ ਸ਼ਾਸਨ ਤੋਂ ਤੰਗ ਆ ਚੁੱਕੇ ਹਨ।ਪ੍ਰਨੀਤ ਕੌਰ ਨੇ ਕਿਹਾ ਕਿ ਜਿਸ ਤਰ੍ਹਾਂ ਦਿੱਲੀ ਦੀ ਜਨਤਾ ਨੇ ਆਮ ਆਦਮੀ ਪਾਰਟੀ ਨੂੰ ਕਰਾਰਾ ਜਵਾਬ ਦਿੱਤਾ, ਓਸੇ ਤਰ੍ਹਾਂ ਪੰਜਾਬ ਦੀ ਜਨਤਾ ਵੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਦਾ ਪੂਰਾ ਸਫਾਇਆ ਕਰੇਗੀ।ਦਿੱਲੀ ਚੋਣਾਂ ਵਿੱਚ ਭਾਜਪਾ ਦੀ ਸ਼ਾਨਦਾਰ ਜਿੱਤ ਦੇ ਮੌਕੇ 'ਤੇ ਪ੍ਰਨੀਤ ਕੌਰ ਨੇ ਪਟਿਆਲਾ ਦੇ ਅਨਾਰਦਾਨਾ ਚੌਂਕ 'ਚ ਭਾਜਪਾ ਵਰਕਰਾਂ ਨਾਲ ਮਿਠਾਈ ਵੰਡ ਕੇ ਜਸ਼ਨ ਮਨਾਇਆ।ਉਨ੍ਹਾ ਭਾਜਪਾ ਵਰਕਰਾਂ ਤੇ ਲੋਕਾਂ ਦਾ ਧੰਨਵਾਦ ਕੀਤਾ ਤੇ ਭਰੋਸਾ ਜਤਾਇਆ ਕਿ ਇਹ ਲਹਿਰ ਪੰਜਾਬ ਦੀਆਂ ਚੋਣਾਂ ਵਿੱਚ ਵੀ ਜਾਰੀ ਰਹੇਗੀ।

# ਲੁੱਟ ਖੋਹਾਂ ਕਰਨ ਵਾਲੇ ਕਾਬੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਤੁਸ਼ਾਰ ਗੁਪਤਾ ਸੀਨੀਅਰ ਕਪਤਾਨ ਪੁਲਸ ਵੱਲੋਂ ਜਿਲਾ ਸ੍ਰੀ ਮੁਕਤਸਰ ਸਾਹਿਬ ਵਿੱਚ ਸ਼ਰਾਰਤੀ ਅਨਸਰਾਂ ਨੂੰ ਨਕੇਲ ਕੱਸੀ ਗਈ ਹੈ, ਜਿਸ ਦੇ ਚੱਲਦਿਆਂ ਮਨਮੀਤ ਸਿੰਘ ਢਿੱਲੋਂ ਕਪਤਾਨ ਪੁਲਿਸ (ਇੰਨਵੈ.) ਤੇ ਸਤਨਾਮ ਸਿੰਘ ਉੱਪ ਕਪਤਾਨ ਪੁਲਿਸ (ਸ:ਡ) ਸਮਸ ਦੀ ਨਿਗਰਾਨ ਇੰਸਪੈਕਟਰ ਮਲਕੀਤ ਸਿੰਘ ਮੁੱਖ ਅਫਸਰ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਪਿਛਲੇ ਦਿਨ ਹੋਏ ਲੁੱਟ-ਖੋਹ ਦੇ ਕੇਸ ਨੂੰ ਸੁਲਝਾਉਂਦਿਆਂ ਦੋ ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਹਾਸਿਲ ਕੀਤੀ ਹੈ।

ਮਨਵਿੰਦਰ ਬੀਰ ਸਿੰਘ, ਕਪਤਾਨ ਪੁਲਸ (ਪੀ ਬੀ ਆਈ) ਨੇ ਦੱਸਿਆ ਕਿ ਮੁੱਦਈ ਰੋਹਿਤ ਪੁੱਤਰ ਦਰਸ਼ਨ ਲਾਲ ਵਾਸੀ ਛੱਪੜ ਵਾਲੀ ਗਲੀ ਕੋਟਲੀ ਰੋਡ ਸ੍ਰੀ ਮੁਕਤਸਰ ਸਾਹਿਬ ਬਤੌਰ ਹੈਲਪਰ ਫੋਟੋਗ੍ਰਾਫੀ ਦਾ ਕੰਮ ਪਰਮਿੰਦਰ ਸਿੰਘ ਨਾਲ ਕਰਦਾ ਹੈ ਤੇ ਦੀ ਰਾਤ ਨੂੰ ਵਕਤ ਕਰੀਬ 11:30 ਵਜੇ ਦੋ ਨੋਜਵਾਨਾ ਨੇ ਕਾਪੇ ਤੇ ਕਿਰਪਾਨ ਦਾ ਡਰ ਦਿਖਾ ਕੇ ਉਨ੍ਹਾਂ ਤੋਂ 1700 ਰੁਪਏ, ਇੱਕ ਜੀ.ਓ ਦਾ ਮੋਬਾਇਲ ਖੋਹ ਕੇ ਫਰਾਰ ਹੋ ਗਏ ਸਨ, ਜਿਸ 'ਤੇ ਮੁਕੱਦਮਾ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦਰਜ ਰਜਿਸਟਰ ਕਰਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਸੀ।ਦੋਸ਼ੀਆਂ ਦੀ ਭਾਲ ਦੌਰਾਨ ਪੁਲਸ ਨੇ ਦੋ ਦੋਸ਼ੀ ਅਕਾਸ਼ਬੀਰ ਸਿੰਘ ਉਰਫ਼ ਅਕਾਸ਼ ਪੁੱਤਰ ਦਿਲਬਾਗ ਸਿੰਘ ਵਾਸੀ ਰਾਮ ਅਵੈਨਿਊ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਰਣਜੀਤ ਸਿੰਘ ਉਰਫ਼ ਜੀਤ ਪੁੱਤਰ ਸ਼ਵਿੰਦਰ ਸਿੰਘ ਵਾਸੀ ਪਿੰਡ ਹਰਦੋ ਬਥਵਾਲਾ ਜ਼ਿਲ੍ਹਾ ਗੁਰਦਾਸਪੁਰ ਨੂੰ ਪਿੰਡ ਮਹਿਰਾਜਵਾਲਾ ਤੋਂ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਦੋਸ਼ੀਆਂ ਨੇ ਮੰਨਿਆ ਕਿ ਉਹ ਨਸ਼ੇ ਦਾ ਸੇਵਨ ਕਰਦੇ ਹਨ ਤੇ ਨਸ਼ੇ ਦੀ ਪੂਰਤੀ ਲਈ ਰਲ ਮਿਲ ਕੇ ਅਕਸਰ ਹੀ ਰਾਤਾਂ ਨੂੰ ਰਾਹਗੀਰਾ ਪਾਸੋਂ ਤਲਵਾਰਾਂ-ਕਾਪਿਆਂ ਦੇ ਜ਼ੋਰ 'ਤੇ ਲੁੱਟਾਂ ਖੋਹਾਂ ਨੂੰ ਅੰਜਾਮ ਦਿੰਦੇ ਸਨ ਅਤੇ ਉਨ੍ਹਾਂ ਉੱਪਰ ਪਹਿਲਾਂ ਵੀ ਕਈ ਮੁਕੱਦਮੇ ਦਰਜ ਹਨ।

## ਹੱਕੀ ਮੰਗਾਂ ਜਲਦ ਨਾ ਮੰਨੀਆਂ ਤਾਂ ਕਰਾਂਗੇ ਵੱਡਾ ਸੰਘਰਸ਼ : ਡਿਪੂ ਹੋਲਡਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਡਿਪੂ ਹੋਲਡਰ ਯੂਨੀਅਨ ਦੀ ਵਸ਼ੇਸ਼ ਇਕੱਤਰਤਾ ਹੋਈ, ਜਿਸ 'ਚ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ, ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਮੰਗੀ, ਸੂਬਾ ਪ੍ਰੈੱਸ ਸਕੱਤਰ ਮੁਕੇਸ਼ ਸਿੰਗਲਾ ਤੋਂ ਇਲਾਵਾ ਹੋਰ ਵੀ ਆਗੂਆਂ ਨੇ ਸ਼ਿਰਕਤ ਕੀਤੀ।ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਨੇ ਡਿਪੂ ਹੋਲਡਰਾਂ ਨੂੰ ਕਿਹਾ ਕਿ ਸਰਕਾਰ ਡਿਪੂ ਹੋਲਡਰਾਂ ਦੀਆਂ ਮੰਗਾਂ ਵੱਲ ਧਿਆਨ ਦੇਵੇ, ਜਿਨ੍ਹਾਂ 'ਚ ਬੰਦ ਪਈਆਂ ਸਪਲਾਈਆਂ ਬਹਾਲ ਕਰਕੇ ਇੱਕ ਡਿਪੂ 'ਤੇ 500 ਕਾਰਡ ਅਲਾਟ ਕੀਤੇ ਜਾਣ, ਡੀਪੂ ਹੋਲਡਰਾਂ ਤੇ ਕੁਝ ਇੰਸਪੈਕਟਰਾਂ ਦੇ ਸਰਗਰਮ ਮਾਫੀਏ ਦੀ ਚੇਨ ਨੂੰ ਤੋੜਿਆ ਜਾਵੇ, ਗੈਰ ਅਧਿਕਾਰਤ ਵਿਅਕਤੀਆਂ ਦੇ ਡੀਪੂ ਹੋਲਡਰਾਂ ਦੇ ਕੰਮਕਾਰ 'ਚ ਦਖਲਅੰਦਾਜ਼ੀ ਬੰਦ ਕੀਤੀ ਜਾਵੇ। ਇਸ ਤੋਂ ਇਲਾਵਾ ਲੋਡਿੰਗ, ਅਨਲੋਡ, ਟਰਾਂਸਪੋਰਟ ਤੇ ਲੇਬਰ ਦੀ ਰਕਮ ਜੋ ਠੇਕੇਦਾਰ ਨੂੰ ਅਦਾ ਕੀਤੀ ਜਾਂਦੀ ਹੈ, ਉਹ ਡਿਪੂ ਹੋਲਡਰ ਨੂੰ ਦਿੱਤੀ ਜਾਵੇ।ਮਾਰਕਫੈਡ ਡਿਪੂਆਂ ਦੇ ਆਧਾਰ 'ਤੇ 68000 ਰੁਪਏ ਪ੍ਰਤੀ ਮਹੀਨਾ ਮਾਨ ਭੱਤਾ, ਬਿਜਲੀ ਦਾ ਬਿੱਲ ਤੇ ਦੁਕਾਨ ਦਾ ਕਿਰਾਇਆ ਡਿਪੂ ਹੋਲਡਰਾਂ ਨੂੰ ਦਿੱਤਾ ਜਾਵੇ।ਸੂਬਾ ਪ੍ਰਧਾਨ ਕਾਝਲਾ ਨੇ ਕਿਹਾ ਕਿ 300 ਰੁਪਏ ਪ੍ਰਤੀ ਕੁਇੰਟਲ ਜੋ ਘਰ-ਘਰ ਆਟਾ ਪੁਚਾਉਣ ਬਦਲੇ ਦਿੱਤਾ ਜਾਂਦਾ ਹੈ, ਉਹ ਮਾਰਕਫੈਡ ਦੀ ਤਰਜ਼ 'ਤੇ ਖਰਚਾ ਸਾਨੂੰ ਵੀ ਦਿੱਤਾ ਜਾਵੇ।ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਮੰਗੀ ਨੇ ਕਿਹਾ ਕਿ ਜਦੋਂ ਸਰਕਾਰ ਵੱਲੋਂ ਕਣਕ ਖ਼ਰੀਦੀ ਜਾਂਦੀ ਹੈ ਤਾਂ 12 ਫ਼ੀਸਦੀ ਨਮੀ ਦੀ ਕਣਕ ਖ਼ਰੀਦੀ ਜਾਂਦੀ ਹੈ, ਪ੍ਰੰਤ ਜਦੋਂ ਕਣਕ ਡਿਪੂ ਹੋਲਡਰਾਂ ਨੂੰ ਦਿੱਤੀ ਜਾਂਦੀ ਹੈ ਤਾਂ 18 ਫੀਸਦੀ ਨਮੀ ਵਾਲੀ ਹੁੰਦੀ ਹੈ, ਜਿਸ ਦੇ ਚੱਲਦਿਆਂ ਇਸ ਨਮੀਂ ਮੁਤਾਬਕ ਲੱਗਦਾ ਕੱਟ ਡਿਪੂ ਹੋਲਡਰਾਂ ਨੂੰ ਦਿੱਤਾ ਜਾਵੇ।ਉਨ੍ਹਾਂ ਕਿਹਾ ਕਿ ਡਿਪੂ ਹੋਲਡਰਾਂ ਨੂੰ ਆਯੁਸ਼ਮਾਨ ਸਿਹਤ ਬੀਮਾ ਯੋਜਨਾ ਦੇ ਘੇਰੇ 'ਚ ਲਿਆਂਦਾ ਜਾਵੇ, ਕਣਕ ਦੀ ਸ਼ਾਰਟੇਜ ਦਿੱਤੀ ਜਾਵੇ। ਕਣਕ ਚਕਾਉਣ ਵੇਲੇ ਇੰਸਪੈਕਟਰ ਦੀ ਹਾਜ਼ਰੀ ਯਕੀਨੀ ਹੋਵੇ।ਉਨ੍ਹਾਂ ਕਿਹਾ ਕਿ ਜੋ ਕੰਡੇ ਵੱਟੇ ਡਿੱਪੂ ਹੋਲਡਰਾਂ ਨੂੰ ਦਿੱਤੇ ਗਏ ਹਨ, ਉਹ ਬਹੁਤ ਘਟੀਆ ਕੁਆਲਿਟੀ ਦੇ ਹਨ।

ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਨੇ ਕਿਹਾ ਕਿ ਚੇਤਾਵਨੀ ਭਰੇ ਲਹਿਜ਼ੇ 'ਚ ਕਿਹਾ ਕਿ ਜੇਕਰ ਡਿਪੂ ਹੋਲਡਰਾਂ ਦੀਆਂ ਹੱਕੀ ਮੰਗਾਂ ਜਲਦ ਨਾ ਮੰਨੀਆਂ ਗਈਆਂ ਤਾਂ ਵੱਡਾ ਸੰਘਰਸ਼ ਕੀਤਾ ਜਾਵੇਗਾ।

# ਭਾਜਪਾ ਮੈਂਬਰਸ਼ਿਪ ਮੁਹਿੰਮ ਤੇ ਚੋਣ ਪ੍ਰਕਿਰਿਆ ਲੋਕਤੰਤਰੀ ਢੰਗ ਨਾਲ ਚਲਾਉਂਦੀ : ਮਨੋਰੰਜਨ ਕਾਲੀਆ

**ਪਾਰਟੀ ਨੂੰ ਬੂਥ ਪੱਧਰ 'ਤੇ ਸ਼ਕਤੀ ਕੇਂਦਰ ਕਮੇਟੀਆਂ ਬਣਾ ਕੇ ਮਜ਼ਬੂਤ ਕੀਤਾ ਜਾਵੇਗਾ : ਡਾ. ਸੀਮਾਂਤ ਗਰਗ**



**ਮੋਗਾ (ਇਕਬਾਲ ਸਿੰਘ ਖਹਿਰਾ)**

ਭਾਜਪਾ ਦੇਸ਼ ਦੀ ਇਕਲੌਤੀ ਰਾਜਨੀਤਕ ਪਾਰਟੀ ਹੈ, ਜੋ ਲੋਕਤੰਤਰੀ ਢੰਗ ਨਾਲ ਮੈਂਬਰਸ਼ਿਪ ਮੁਹਿੰਮ ਚਲਾ ਕੇ ਬੂਥ, ਮੰਡਲ, ਜ਼ਿਲ੍ਹਾ ਤੇ ਰਾਜ ਪੱਧਰ 'ਤੇ ਚੋਣ ਪ੍ਰਕਿਰਿਆ ਨੂੰ ਪੂਰਾ ਕਰਦੀ ਹੈ।ਉਪਰੋਕਤ ਵਿਚਾਰ ਸਾਬਕਾ ਮੰਤਰੀ ਤੇ ਭਾਜਪਾ ਮੋਗਾ ਜ਼ਿਲ੍ਹਾ ਇੰਚਾਰਜ ਮਨੋਰੰਜਨ ਕਾਲੀਆ ਨੇ ਮੋਗਾ ਦੇ ਸ਼ਹੀਦ ਪਾਰਕ ਵਿੱਚ ਜ਼ਿਲ੍ਹਾ ਪ੍ਰਧਾਨ ਡਾ. ਸੀਮੰਤ ਗਰਗ ਵੱਲੋਂ ਆਯੋਜਤ ਭਾਜਪਾ ਜ਼ਿਲ੍ਹਾ ਅਧਿਕਾਰੀਆਂ ਦੀ ਜ਼ਿਲ੍ਹਾ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।ਇਸ ਮੌਕੇ ਮਨਜੀਤ ਸਿੰਘ ਰਾਏ ਜ਼ੋਨਲ ਇੰਚਾਰਜ ਆਰਗੇਨਾਈਜ਼ੇਸ਼ਨ ਫੈਸਟੀਵਲ, ਜ਼ਿਲ੍ਹਾ ਪ੍ਰਧਾਨ ਡਾ. ਸੀਮੰਤ ਗਰਗ, ਜ਼ਿਲ੍ਹਾ ਜਨਰਲ ਸਕੱਤਰ ਐੱਸ.ਪੀ. ਮੁਖਤਿਆਰ ਸਿੰਘ, ਜਨਰਲ ਸਕੱਤਰ ਵਿੱਕੀ ਸਿਤਾਰਾ, ਸੀਨੀਅਰ ਆਗੂ ਨਿਧੜਕ ਸਿੰਘ ਬਰਾੜ, ਸਾਬਕਾ ਜ਼ਿਲ੍ਹਾ ਪ੍ਰਧਾਨ ਵਿਨੈ ਸ਼ਰਮਾ ਇੰਚਾਰਜ ਮਲੇਰਕੋਟਲਾ, ਵਿਜੇ ਸ਼ਰਮਾ ਇੰਚਾਰਜ ਲੁਧਿਆਣਾ ਸਾਬਕਾ ਜ਼ਿਲ੍ਹਾ ਪ੍ਰਧਾਨ, ਰਾਕੇਸ਼ ਸ਼ਰਮਾ ਸਾਬਕਾ ਜ਼ਿਲ੍ਹਾ ਪ੍ਰਧਾਨ, ਮਨਿੰਦਰ ਕੌਰ ਸਲੀਨਾ, ਸੁਰਿੰਦਰ ਸਿੰਘ ਬੀ.ਸੀ. ਮੋਰਚਾ, ਸੂਰਜ ਭਾਨ ਐੱਸ.ਸੀ. ਮੋਰਚਾ, ਸੁੱਖਾ ਸਿੰਘ ਆਦਿ ਵੱਡੀ ਗਿਣਤੀ ਵਿੱਚ ਭਾਜਪਾ ਅਧਿਕਾਰੀ ਤੇ ਵਰਕਰ ਹਾਜ਼ਰ ਸਨ।ਸਾਬਕਾ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਭਾਜਪਾ ਨੇ 5 ਤੋਂ 7 ਫਰਵਰੀ ਤੱਕ ਪੰਜਾਬ ਭਰ ਵਿੱਚ ਜ਼ਿਲ੍ਹਾ ਵਰਕਸ਼ਾਪਾਂ ਦਾ ਆਯੋਜਨ ਕੀਤਾ ਸੀ, ਜਿਸ ਵਿੱਚ ਭਾਜਪਾ ਅਧਿਕਾਰੀਆਂ ਨੂੰ ਮੈਂਬਰਸ਼ਿਪ ਮੁਹਿੰਮ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ ਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਲੋਕਾਂ ਨੂੰ ਭਾਜਪਾ ਨਾਲ ਜੋੜਨ ਬਾਰੇ ਜਾਣਕਾਰੀ ਦਿੱਤੀ ਗਈ।ਉਨ੍ਹਾਂ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਨੂੰ ਕਿਹਾ ਕਿ ਪਾਰਟੀ ਨੂੰ ਬੂਥ ਪੱਧਰ 'ਤੇ ਸ਼ਕਤੀ ਕੇਂਦਰ ਕਮੇਟੀਆਂ ਬਣਾ ਕੇ ਅਤੇ ਉਨ੍ਹਾਂ ਦੇ ਪ੍ਰਧਾਨਾਂ ਦੀ ਚੋਣ ਕਰਕੇ ਤੇ ਮੰਡਲ ਪੱਧਰ 'ਤੇ ਪ੍ਰਧਾਨਾਂ ਦੀ ਚੋਣ ਕਰਕੇ ਮਜ਼ਬੂਤ ਕਰਨਾ ਹੋਵੇਗਾ।ਉਨ੍ਹਾਂ ਕਿਹਾ ਕਿ ਭਾਜਪਾ ਬੂਥ ਪੱਧਰ 'ਤੇ ਆਪਣੀ ਤਾਕਤ ਮਜ਼ਬੂਤ ਕਰਕੇ ਤੇ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਜਿੱਤ ਕੇ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾਉਣ ਦੀ ਤਿਆਰੀ ਕਰ ਰਹੀ ਹੈ।ਉਨ੍ਹਾਂ ਨੌਜਵਾਨਾਂ ਨੂੰ ਵੱਡੀ ਗਿਣਤੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਣ ਲਈ ਕਿਹਾ। ਇਸ ਮੌਕੇ ਭਾਜਪਾ ਦੇ ਜ਼ੋਨਲ ਇੰਚਾਰਜ ਮਨਜੀਤ ਸਿੰਘ ਰਾਏ ਨੇ ਵੀ ਸ਼ਕਤੀ ਕੇਂਦਰ, ਬੂਥ ਕਮੇਟੀਆਂ, ਮੰਡਲ ਪ੍ਰਧਾਨ ਬਣਾਉਣ ਬਾਰੇ ਜਾਣਕਾਰੀ ਦਿੱਤੀ ਤੇ ਇਸ ਮੈਂਬਰਸ਼ਿਪ ਮੁਹਿੰਮ ਦੀ ਚੋਣ ਪ੍ਰਕਿਰਿਆ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦੀ ਅਪੀਲ ਕੀਤੀ।ਇਸ ਵਰਕਸ਼ਾਪ ਵਿੱਚ ਜ਼ਿਲ੍ਹਾ ਪ੍ਰਧਾਨ ਡਾ. ਸੀਮੰਤ ਗਰਗ, ਸੀਨੀਅਰ ਭਾਜਪਾ ਆਗੂ ਨਿਧਾਰਕ ਸਿੰਘ ਬਰਾੜ, ਸਾਬਕਾ ਜ਼ਿਲ੍ਹਾ ਪ੍ਰਧਾਨ ਵਿਨੈ ਸ਼ਰਮਾ, ਸਾਬਕਾ ਜ਼ਿਲ੍ਹਾ ਪ੍ਰਧਾਨ ਵਿਜੇ ਸ਼ਰਮਾ, ਜਨਰਲ ਸਕੱਤਰ ਮੁਖਤਿਆਰ ਸਿੰਘ, ਜਨਰਲ ਸਕੱਤਰ ਵਿੱਕੀ ਸਿਤਾਰਾ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

ਅੰਤ ਵਿੱਚ, ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮੰਤ ਗਰਗ ਨੇ ਸਾਬਕਾ ਮੰਤਰੀ ਤੇ ਮੋਗਾ ਜ਼ਿਲ੍ਹਾ ਇੰਚਾਰਜ ਮਨੋਰੰਜਨ ਕਾਲੀਆ, ਜ਼ੋਨਲ ਇੰਚਾਰਜ ਮਨਜੀਤ ਸਿੰਘ ਰਾਏ ਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਅਤੇ ਸੀਨੀਅਰ ਆਗੂਆਂ ਦਾ ਵਰਕਸ਼ਾਪ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਅਤੇ ਆਗੂਆਂ ਨੂੰ ਭਰੋਸਾ ਦਿੱਤਾ ਕਿ ਉਹ ਮੈਂਬਰਸ਼ਿਪ ਮੁਹਿੰਮ ਦੀ ਚੋਣ ਪ੍ਰਕਿਰਿਆ ਨੂੰ ਜਲਦੀ ਤੋਂ ਜਲਦੀ ਪੂਰਾ ਕਰਨਗੇ ਅਤੇ 9 ਤੋਂ 13 ਫਰਵਰੀ ਤੱਕ ਮੰਡਲ 'ਤੇ ਵਰਕਸ਼ਾਪਾਂ ਕੀਤੀਆਂ ਜਾਣਗੀਆਂ ਤੇ 14 ਤੋਂ 18 ਫਰਵਰੀ ਤੱਕ ਸ਼ਕਤੀ ਕੇਂਦਰ ਤੇ ਬੂਥ ਕਮੇਟੀਆਂ ਬਣਾਈਆਂ ਜਾਣਗੀਆਂ, ਤਾਂ ਜੋ ਜ਼ਿਲ੍ਹਾ ਪ੍ਰਧਾਨ ਦੀਆਂ ਚੋਣਾਂ 25 ਫਰਵਰੀ ਤੱਕ ਪੂਰੀਆਂ ਕੀਤੀਆਂ ਜਾ ਸਕਣ।

## ਰੋਟਰੀ ਕਲੱਬ ਨਾਭਾ ਗ੍ਰੇਟਰ ਨੇ ਲਾਇਆ ਖ਼ੂਨਦਾਨ ਕੈਂਪ



**ਨਾਭਾ (ਵਰਿੰਦਰ ਵਰਮਾ)**

ਰੋਟਰੀ ਕਲੱਬ ਨਾਭਾ ਗਰੇਟਰ ਵੱਲੋਂ ਸਹਾਇਕ ਗਵਰਨਰ 3090 ਰੋਟੇਰੀਅਨ ਸ਼ਾਸਤਰੀ ਲਲਿਤ ਸ਼ਰਮਾ, ਪ੍ਰੋਜੈਕਟ ਚੇਅਰਮੈਨ ਵਿਵੇਕ ਖੰਨਾ ਤੇ ਪ੍ਰਧਾਨ ਮਨਮੋਹਨ ਕੁਮਾਰ ਦੀ ਅਗਵਾਈ ਹੇਠ ਸਵ: ਤਰਸੇਮ ਚੰਦ ਸਿੰਗਲਾ ਦੀ ਯਾਦ ਵਿੱਚ ਸ੍ਰੀ ਹਨੂਮਾਨ ਮੰਦਰ ਬਠਿੰਡੀਆ ਮੁਹੱਲਾ ਵਿਖੇ ਖ਼ੂਨਦਾਨ ਕੈਂਪ ਲਾਇਆ ਗਿਆ।ਕੈਂਪ ਵਿੱਚ ਰੋਟੇਰੀਅਨ ਕਪਿਲ ਸਿੰਗਲਾ ਤੇ ਰੋਟੇਰੀਅਨ ਮਨੋਜ ਸਿੰਗਲਾ ਨੇ ਵਿਸ਼ੇਸ਼ ਤੌਰ 'ਤੇ ਸਹਿਯੋਗ ਦਿੱਤਾ।

ਸਿਵਲ ਹਸਪਤਾਲ ਨਾਭਾ ਬਲੱਡ ਬੈਂਕ ਦੇ ਡਾ ਹੀਨਾ ਸਿੰਗਲਾ ਦੀ ਟੀਮ ਵੱਲੋਂ 70 ਖ਼ੂਨਦਾਨੀਆਂ ਤੋਂ ਖ਼ੂਨ ਇਕੱਤਰ ਕੀਤਾ ਗਿਆ।ਕੈਂਪ ਦੇ ਮੁੱਖ ਮਹਿਮਾਨ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਵਿਸ਼ੇਸ਼ ਮਹਿਮਾਨ ਅਮਿਤ ਸਿੰਗਲਾ ਡੀਜੀਈ (2027-27) ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਤੇ ਉਨ੍ਹਾਂ ਵੱਲੋਂ ਖ਼ੂਨਦਾਨੀਆ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਸਨਮਾਨਤ ਕਰਨ ਉਪਰੰਤ ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਰੋਟਰੀ ਕਲੱਬ ਨਾਭਾ ਗ੍ਰੇਟਰ ਨਾਭਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਕੈਂਪ ਲਾ ਕੇ ਕੀਤਾ ਗਿਆ ਇਹ ਕਾਰਜ ਬਹੁਤ ਹੀ ਸ਼ਲਾਘਾਯੋਗ ਹੈ, ਜਿਸ ਦੀ ਸ਼ਲਾਘਾ ਕੀਤੀ ਜਾ ਸਕਦੀ ਹੈ।

# ਪਿੰਡ ਬੱਡੋਂ 'ਚ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬੱਡੋਂ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਅਤੇ ਸੇਵਾਦਾਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਜਰਨੈਲ ਸਿੰਘ ਖਾਲਸਾ ਬੱਡੋਂ ਨੇ ਦੱਸਿਆ ਕਿ 10 ਫਰਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਨਾਲ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਵਿਸ਼ਾਲ ਨਗਰ ਕੀਰਤਨ ਦੌਰਾਨ ਪੰਥ ਪ੍ਰਸਿੱਧ ਰਾਗੀ, ਢਾਡੀ ਜਥਾ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 12 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਪੰਥ ਪ੍ਰਸਿੱਧ ਰਾਗੀ ਢਾਡੀ ਕਵੀਸ਼ਰੀ ਜਥੇ ਗੁਰਬਾਣੀ ਕਥਾ ਕੀਰਤਨ ਰਾਹੀਂ ਨਿਹਾਲ ਕਰਨਗੇ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਜਰਨੈਲ ਸਿੰਘ ਖਾਲਸਾ ਬੱਡੋਂ, ਜਸਵਿੰਦਰ ਸਿੰਘ ਸੈਕਟਰੀ, ਸੁਰਿੰਦਰ ਸਿੰਘ ਮੋਨਾ, ਅਜੇ ਕੁਮਾਰ ਖਜ਼ਾਨਚੀ, ਅਮਨਦੀਪ ਸਿੰਘ ਪਿੰਟਾ ਜਨਰਲ ਸਕੱਤਰ, ਬਲਵਿੰਦਰ ਸਿੰਘ, ਮੇਜਰ ਸਿੰਘ, ਰਾਮਪਾਲ, ਜੋਗਿੰਦਰ ਸਿੰਘ, ਸਿਮਰਨਜੀਤ ਸਿੰਘ, ਰੀਤਿਕ, ਤਰਸੇਮ ਕੌਰ, ਬਖਸ਼ੋ, ਮਹਿੰਦਰ ਕੌਰ, ਬਖਸ਼ੀਸ਼ ਕੌਰ, ਬਲਜਿੰਦਰ ਕੌਰ, ਬਲਜੀਤ ਸਿੰਘ, ਸਰਬਪ੍ਰੀਤ ਕੌਰ, ਏਕਮਜੋਤ ਕੌਰ, ਹਰਮਨਜੀਤ ਸਿੰਘ, ਨਿਤਨ ਮੰਮਣ, ਮਹਿੰਦਰ ਸਿੰਘ ਆਦਿ ਹਾਜ਼ਰ ਸਨ। ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਲੀਗਲ ਮੈਟਰੋਲੋਜੀ ਵਿੰਗ ਨੇ 21 ਕਰੋੜ ਤੋਂ ਵੱਧ ਦਾ ਮਾਲੀਆ ਵਸੂਲਿਆ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਦੇ ਲੀਗਲ ਮੈਟਰੋਲੋਜੀ ਵਿੰਗ ਨੇ 31 ਜਨਵਰੀ, 2025 ਤੱਕ ਲੀਗਲ ਮੈਟਰੋਲੋਜੀ ਐਕਟ, 2009 ਅਤੇ ਇਸ ਦੇ ਵੱਖ-ਵੱਖ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਤੋਂ 21 ਕਰੋੜ ਰੁਪਏ ਤੋਂ ਵੱਧ ਦਾ ਮਾਲੀਆ ਰਿਕਵਰ ਕੀਤਾ ਹੈ ਅਤੇ 1568 ਚਲਾਨ ਜਾਰੀ ਕੀਤੇ ਹਨ।ਇਸ ਕਦਮ ਦਾ ਮੁੱਖ ਉਦੇਸ਼ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਟੀਚੇ ਅਨੁਸਾਰ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਨੂੰ ਯਕੀਨੀ ਬਣਾਉਣਾ ਹੈ।ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਇਸ ਸਬੰਧੀ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।ਜ਼ਿਕਰਯੋਗ ਹੈ ਕਿ ਆਮ ਭਾਸ਼ਾ ਵਿੱਚ ਪਹਿਲਾਂ ਨਾਪ-ਤੋਲ ਵਿਭਾਗ ਵਜੋਂ ਜਾਣੇ ਜਾਂਦੇ ਇਸ ਵਿੰਗ ਨੂੰ ਪੰਜਾਬ ਭਰ ਦੇ ਸਾਰੇ ਵਪਾਰਕ ਅਦਾਰਿਆਂ ਦੀ ਨਾਪ-ਤੋਲ ਨਾਲ ਸਬੰਧਤ ਜਾਂਚ ਅਤੇ ਨਿਰੀਖਣ ਦਾ ਕਾਰਜ ਸੌਂਪਿਆ ਗਿਆ ਹੈ। ਲੀਗਲ ਮੈਟਰੋਲੋਜੀ ਆਰਗੇਨਾਈਜ਼ੇਸ਼ਨ ਦਾ ਮੁੱਖ ਉਦੇਸ਼ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਦੇ ਨਾਲ-ਨਾਲ ਇਹ ਯਕੀਨੀ ਬਣਾਉਣਾ ਹੈ ਕਿ ਵੇਚੀਆਂ ਅਤੇ ਖਰੀਦੀਆਂ ਗਈਆਂ ਵਸਤਾਂ ਦਾਅਵੇ ਅਨੁਸਾਰ ਸਹੀ ਮਾਤਰਾ ਵਿੱਚ ਹਨ।ਜ਼ਿਕਰਯੋਗ ਹੈ ਕਿ ਲੀਗਲ ਮੈਟਰੋਲੋਜੀ ਐਕਟ, 2009 ਤਹਿਤ ਲੀਗਲ ਮੈਟਰੋਲੋਜੀ (ਜਨਰਲ) ਨਿਯਮ, 2011, ਲੀਗਲ ਮੈਟਰੋਲੋਜੀ (ਨੈਸ਼ਨਲ ਸਟੈਂਡਰਡ) ਨਿਯਮ, 2011, ਲੀਗਲ ਮੈਟਰੋਲੋਜੀ (ਗਿਣਤੀ) ਨਿਯਮ, 2011, ਲੀਗਲ ਮੈਟਰੋਲੋਜੀ (ਮਾਡਲ ਪ੍ਰਵਾਨਗੀ) ਨਿਯਮ, 2011, ਲੀਗਲ ਮੈਟਰੋਲੋਜੀ (ਪੈਕਡ ਵਸਤਾਂ) ਨਿਯਮ, 2011, ਲੀਗਲ ਮੈਟਰੋਲੋਜੀ (ਸਰਕਾਰ ਦੁਆਰਾ ਪ੍ਰਵਾਨਿਤ ਟੈਸਟ ਸੈਂਟਰ) ਨਿਯਮ, 2013 ਨਿਯਮ ਲਾਗੂ ਕੀਤੇ ਗਏ ਹਨ।ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਉਕਤ ਐਕਟ ਦੀ ਧਾਰਾ 53 ਦੁਆਰਾ ਪ੍ਰਾਪਤ ਸ਼ਕਤੀਆਂ ਤਹਿਤ ਪੰਜਾਬ ਲੀਗਲ ਮੈਟਰੋਲੋਜੀ (ਇਨਫੋਰਸਮੈਂਟ) ਨਿਯਮ, 2013 ਤਿਆਰ ਅਤੇ ਲਾਗੂ ਕੀਤੇ ਹਨ।ਸ੍ਰੀ ਲਾਲ ਚੰਦ ਕਟਾਰੂਚੱਕ ਨੇ ਇਹ ਭਰੋਸਾ ਦਿੱਤਾ ਹੈ ਕਿ ਉਪਰੋਕਤ ਐਕਟ ਅਤੇ ਇਸਦੇ ਸਾਰੇ ਨਿਯਮਾਂ ਦੀ ਪਾਲਣਾ ਨੇੜ ਭਵਿੱਖ ਵਿੱਚ ਹੋਰ ਵੀ ਸਖਤੀ ਨਾਲ ਯਕੀਨੀ ਬਣਾਈ ਜਾਵੇਗੀ ਤਾਂ ਜੋ ਵਿਭਾਗ ਦੇ ਕੰਮਕਾਜ ਵਿੱਚ ਹੋਰ ਵੀ ਪਾਰਦਰਸ਼ਿਤਾ ਲਿਆਂਦੀ ਜਾ ਸਕੇ।

# ਛੱਤਬੀੜ ਚਿੜੀਆਘਰ 'ਚ ਸਭ ਤੋਂ ਲੰਬੀ ਵਾਕ-ਇਨ-ਐਵੀਅਰੀ ਬਣੀ ਖਿੱਚ ਦਾ ਕੇਂਦਰ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਮਾਰਗਦਰਸ਼ਨ ਹੇਠ ਪੰਜਾਬ ਸਰਕਾਰ ਸੂਬੇ ਦੇ ਜੰਗਲੀ ਜੀਵਾਂ ਦੀ ਸਾਂਭ-ਸੰਭਾਲ ਅਤੇ ਪਾਲਣ-ਪੋਸ਼ਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਤਹਿਤ ਛੱਤਬੀੜ ਚਿੜੀਆਘਰ ਵਿਖੇ ਅਨੇਕਾਂ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਚਿੜੀਆਘਰ ਵਿੱਚ ਦੇਸ਼ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਲੰਬੀ ਵਾਕ-ਇਨ-ਐਵੀਅਰੀ (ਬਹੁਤ ਵੱਡਾ ਪਿੰਜਰਾ ਜਿੱਥੇ ਸੈਲਾਨੀ ਪੰਛੀਆਂ ਨੂੰ ਦੇਖ ਸਕਦੇ ਹਨ) ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਹੈ। ਇਸ ਤੋਂ ਇਲਾਵਾ ਇੱਥੇ ਇੱਕ ਅਤਿ-ਆਧੁਨਿਕ ਡਾਇਨਾਸੌਰ ਪਾਰਕ ਵੀ ਬਣਾਇਆ ਗਿਆ ਹੈ। ਲਗਭਗ 1200 ਮੀਟਰ ਦੇ ਵਾਈਲਡ ਲਾਈਫ ਸਫ਼ਾਰੀ ਖੇਤਰ ਵਿੱਚ 260 ਕੇ.ਵੀ. ਸਮਰੱਥਾ ਵਾਲਾ ਸੋਲਰ ਪਲਾਂਟ ਲਗਾਉਣ ਦੇ ਨਾਲ-ਨਾਲ ਚਾਰ ਦੀਵਾਰੀ ਨੂੰ ਵੀ ਮਜ਼ਬੂਤ ਕੀਤਾ ਗਿਆ ਹੈ।ਇਸ ਸਫ਼ਾਰੀ ਵਿਖੇ ਮਾਸਾਹਾਰੀ ਜਾਨਵਰਾਂ ਲਈ ਇੱਕ ਮਹੱਤਵਪੂਰਨ ਦੇਖਭਾਲ ਕੇਂਦਰ ਦੀ ਉਸਾਰੀ ਵੀ ਕੀਤੀ ਗਈ ਹੈ ਅਤੇ ਸੈਲਾਨੀਆਂ, ਖਾਸ ਕਰਕੇ ਸਕੂਲੀ ਬੱਚਿਆਂ, ਦੀ ਸਹੂਲਤ ਲਈ ਇੱਕ ਓਪਨ ਏਅਰ ਜ਼ੂ ਐਜੂਕੇਸ਼ਨ ਪਲਾਜ਼ਾ ਵੀ ਬਣਾਇਆ ਗਿਆ ਹੈ।ਇਸ ਤੋਂ ਇਲਾਵਾ ਇੰਡਸ ਰਿਵਰ ਡੌਲਫ਼ਿਨ ਨੂੰ ਪੰਜਾਬ ਦਾ ਰਾਜ ਜਲ-ਪਸ਼ੂ ਅਤੇ 13 ਵਾਈਲਡ ਲਾਈਫ ਸੈਂਚੁਰੀਆਂ ਨੂੰ ਪਲਾਸਟਿਕ ਮੁਕਤ ਘੋਸ਼ਿਤ ਕੀਤਾ ਗਿਆ ਹੈ। ਇਸ ਤੋਂ ਛੁੱਟ ਕੇਂਦਰ ਸਰਕਾਰ ਵੱਲੋਂ ਦੇਸ਼ ਭਰ ਵਿੱਚੋਂ ਚੁਣੇ ਗਏ 100 ਵੈੱਟਲੈਂਡਜ਼ (ਜਲਗਾਹਾਂ) ਵਿੱਚ ਪੰਜਾਬ ਦੇ 5 ਵੈੱਟਲੈਂਡਜ਼ ਹਰੀਕੇ, ਰੋਪੜ, ਕਾਂਝਲੀ, ਕੇਸ਼ੋਪੁਰ ਅਤੇ ਨੰਗਲ ਨੂੰ ਸ਼ਾਮਲ ਕੀਤਾ ਗਿਆ ਹੈ।

# ਸਿਹਤ, ਸਫ਼ਾਈ, ਸਾਈਬਰ ਕਰਾਈਮ ਤੇ ਟ੍ਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ



**ਹੁਸ਼ਿਆਰਪੁਰ ( ਓ ਪੀ ਰਾਣਾ )** ਸਟੂਡੈਂਟ ਪੁਲਸ ਕੈਡਿਟ ਪ੍ਰੋਗਰਾਮ ਸਬੰਧੀ ਅਜੋਵਾਲ ਸਕੂਲ ਵਿੱਚ ਏ ਐਸ ਪੀ ਗਜ਼ਲਪ੍ਰੀਤ ਕੌਰ ਆਈ ਪੀ ਐਸ ਨੇ ਸਿਹਤ,ਸਫ਼ਾਈ,ਸਾਈਬਰ ਕਰਾਈਮ ਅਤੇ ਟ੍ਰੈਫਿਕ ਨਿਯਮਾਂ ਸਬੰਧੀ ਸੈਮੀਨਾਰ ਲਗਾਇਆ। ਸੈਮੀਨਾਰ ਵਿੱਚ ਸਕੂਲ ਦੇ ਪ੍ਰਿੰਸੀਪਲ ਪਰਮਿੰਦਰ ਕੌਰ, ਨੋਡਲ ਅਫਸਰ ਹਰਮੀਤ ਕੌਰ, ਪੁਲਿਸ ਵਿਭਾਗ ਤੋਂ ਹੈਡ ਕਾਂਸਟੇਬਲ ਅਤੇ ਕਾਂਸਟੇਬਲ ਰਾਜਕੁਮਾਰ ਥਾਣਾ ਸਦਰ ਤੋਂ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ।ਗਜ਼ਲਪ੍ਰੀਤ ਕੌਰ ਨੇ ਸਿਹਤ,ਸਫ਼ਾਈ , ਸਾਈਬਰ ਕਰਾਈਮ ਅਤੇ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਦਿਆਂ ਦੱਸਿਆ ਕਿ ਟ੍ਰੈਫਿਕ ਨਿਯਮਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ।

# ਚੋਰੀ ਦੇ ਮੋਟਰਸਾਈਕਲ ਸਮੇਤ ਫੜਿਆ



**ਅੱਡਾ ਸਰਾਂ (ਜਸਵੀਰ ਕਾਜਲ)** ਥਾਣਾ ਮੁਖੀ ਟਾਂਡਾ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਐਸ ਐਸ ਪੀ ਸੁਰਿੰਦਰ ਲਾਂਬਾ ਅਤੇ ਡੀ ਐਸ ਪੀ ਦਵਿੰਦਰ ਸਿੰਘ ਬਾਜਵਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਮਾੜੇ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਏ ਐਸ ਆਈ ਰਾਜਵਿੰਦਰ ਸਿੰਘ ਦੀ ਟੀਮ ਨੇ ਚੋਰੀ ਦੇ ਮੋਟਰਸਾਈਕਲ ਸਮੇਤ ਇੱਕ ਨੌਜਵਾਨ ਨੂੰ ਗ੍ਰਿਫਤਾਰ ਕੀਤ ਹੈ,ਜਿਸ ਦੀ ਪਹਿਚਾਨ ਲਵਪ੍ਰੀਤ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਹੰਬੜਾਂ ਦੇ ਰੂਪ ਵਿਚ ਹੋਈ ਹੈ। ਜਦੋ ਪੁਲਸ ਟੀਮ ਅੱਡਾ ਸਰਾਂ ਵਿਖੇ ਸ਼ੱਕੀ ਵਿਅਕਤੀਆਂ ਦੀ ਜਾਂਚ ਕਰ ਰਹੀ ਸੀ ਤਾਂ ਕਿਸੇ ਮੁਖਬਰ ਨੇ ਸੂਚਨਾ ਦਿੱਤੀ ਕਿ ਉਕਤ ਮੁਲਜ਼ਮ ਚੋਰੀਆਂ ਕਰਨ ਦਾ ਆਦੀ ਹੈ ਅਤੇ ਹੁਣ ਵੀ ਚੋਰੀਸ਼ੁਦਾ ਮੋਟਰਸਾਈਕਲ ਸਣੇ ਆ ਰਿਹਾ ਹੈ । ਪੁਲਸ ਨੇ ਸੂਚਨਾ ਦੇ ਅਧਾਰ 'ਤੇ ਕਥਿਤ ਮੁਲਜ਼ਮ ਨੂੰ ਕਾਬੂ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

# ਡੀ ਏ ਵੀ ਕਾਲਜ 65ਵੀਂ ਸਾਲਾਨਾ ਐਥਲੈਟਿਕ ਮੀਟ ਧੂਮ-ਧਾਮ ਨਾਲ ਕਰਵਾਈ

**ਜਲੰਧਰ (ਸ਼ੈਲੀ ਐਲਬਰਟ)**- ਡੀ.ਏ.ਵੀ. ਕਾਲਜ ਜਲੰਧਰ ਵਿਖੇ 65ਵੀਂ ਸਾਲਾਨਾ ਐਥਲੈਟਿਕ ਮੀਟ ਦਾ ਆਯੋਜਨ ਕੀਤਾ ਗਿਆ । ਜਿਸਦਾ ਉਦੇਸ਼ ਵਿਦਿਆਰਥੀਆਂ ਦੇ ਅੰਤਰ-ਅਨੁਸ਼ਾਸਨੀ ਉੱਤਮਤਾ ਅਤੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨਾ ਸੀ ।500 ਤੋਂ ਵੱਧ ਵਿਦਿਆਰਥੀਆਂ ਨੇ ਵੱਖ-ਵੱਖ ਖੇਡ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ । ਉਦਘਾਟਨੀ ਸਮਾਰੋਹ ਵਿੱਚ ਮੁੱਖ ਮਹਿਮਾਨ ਜਲੰਧਰ ਦੇ ਮੇਅਰ ਵਿਨੀਤ ਧੀਰ, ਵਿਸ਼ੇਸ਼ ਮਹਿਮਾਨ ਸੁਧੀਰ ਸ਼ਰਮਾ ਅਤੇ ਕੌਂਸਲਰ ਅਜੈ ਚੋਪੜਾ, ਸੌਰਵ ਸੇਠ ਦਾ ਪ੍ਰਿੰਸੀਪਲ ਡਾ. ਰਾਜੇਸ਼ ਕੁਮਾਰ, ਸੀਨੀਅਰ ਵਾਈਸ ਪ੍ਰਿੰਸੀਪਲ ਡਾ. ਐਸ. ਕੇ ਤੁਲੀ, ਵਾਈਸ ਪ੍ਰਿੰਸੀਪਲ ਪ੍ਰੋ. ਕੁੰਵਰ ਰਾਜੀਵ, ਰਜਿਸਟਰਾਰ ਪ੍ਰੋ. ਸੋਨਿਕਾ ਦਾਨੀਆ, ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਮਨੂ ਸੂਦ, ਐਲਏਸੀ ਮੈਂਬਰ ਡਾ. ਨਵੀਨ ਸੂਦ ਅਤੇ ਐਥਲੈਟਿਕ ਕੌਂਸਲ ਦੇ ਮੈਂਬਰਾਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਡਾ. ਮਨੂ ਸੂਦ, ਸਕੱਤਰ, ਐਥਲੈਟਿਕ ਕੌਂਸਲ ਅਤੇ ਮੁਖੀ, ਸਰੀਰਕ ਸਿੱਖਿਆ ਵਿਭਾਗ ਨੇ ਕਾਲਜ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਸਨਮਾਨ ਕੀਤਾ। ਪ੍ਰਿੰਸੀਪਲ ਡਾ. ਰਾਜੇਸ਼ ਕੁਮਾਰ ਨੇ ਅਮੀਰ ਵਿਰਾਸਤ ਨੂੰ ਉਜਾਗਰ ਕੀਤਾ, ਜਿਸਨੇ 29 ਓਲੰਪੀਅਨ, ਕਈ ਅਰਜੁਨ ਅਤੇ ਦਰੋਣਾਚਾਰੀਆ ਪੁਰਸਕਾਰ ਜੇਤੂ ਅਤੇ ਹੋਰ ਉੱਘੇ ਐਥਲੀਟ ਪੈਦਾ ਕੀਤੇ ਹਨ। ਵਿਨੀਤ ਧੀਰ ਨੇ ਆਪਣੇ ਸੰਬੋਧਨ ਵਿੱਚ ਡੀ.ਏ.ਵੀ. ਕਾਲਜ, ਜਲੰਧਰ ਦੀ ਅਕਾਦਮਿਕ, ਖੇਡਾਂ ਅਤੇ ਪਾਠਕ੍ਰਮ ਤੋਂ ਬਾਹਰੀ ਉੱਤਮਤਾ ਵਿੱਚ ਸ਼ਾਨਦਾਰ ਯੋਗਦਾਨ ਲਈ ਪ੍ਰਸ਼ੰਸਾ ਕੀਤੀ। ਸੁਧੀਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਵਿੱਤੀ ਸਹਾਇਤਾ ਦੇ ਕੇ ਵਿਦਿਆਰਥੀਆਂ ਦਾ ਮਨੋਬਲ ਵਧਾਇਆ।800 ਮੀਟਰ ਅਤੇ 40 ਮੀਟਰ ਦੀ ਦੌੜ ਤੋਂ ਬਾਅਦ, ਸ਼ਾਟਪੁਟ, ਲੰਬੀ, ਟ੍ਰੈਕ ਈਵੈਂਟ ਵੱਖ-ਵੱਖ ਵਿਅਕਤੀਗਤ ਅਤੇ ਪ੍ਰੋਗਰਾਮ ਅਤੇ ਕਈ ਹੋਰ ਸਰਗਰਮੀਆਂ ਵਰਗੀਆਂ ਸਾਕ ਰੇਸ, ਥ੍ਰੀ-ਲੇਗ ਰੇਸ, ਚੱਟੀ ਰੇਸ, ਫੋਰ-ਲਿੰਬਡ ਰੇਸ ਅਤੇ ਬਾਧਾ ਦੌੜ ਹੋਈ।ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਪੁਰਸਕਾਰ ਦਿੱਤਾ ਗਿਆ। ਪੁਰਸਕਾਰ ਸਮਾਰੋਹ ਦੇ ਸੰਯੋਜਕ ਡਾ. ਐਸ. ਜੇ. ਤਲਵਾਰ ਸਨ। ਰਸਮੀ ਸਨਮਾਨ ਸਮਾਰੋਹ ਵਿੱਚ ਰਾਸ਼ਟਰੀ ਅਤੇ ਖਿਡਾਰੀਆਂ ਦੇ ਨਾਲ-ਨਾਲ ਯੂਨੀਵਰਸਿਟੀ ਚੈਂਪੀਅਨਜ਼ ਦਾ ਵੀ ਸਨਮਾਨ ਕੀਤਾ ਗਿਆ। ਸ਼ਿਵਮ ਠਾਕੁਰ ਨੂੰ ਸਰਵੋਤਮ ਖਿਡਾਰੀ (ਮੁੰਡੇ) ਅਤੇ ਕ੍ਰਿਤਿਕਾ ਨੂੰ ਸਰਵੋਤਮ ਖਿਡਾਰੀ (ਕੁੜੀਆਂ) ਐਲਾਨਿਆ। ਮੰਚ ਸੰਚਾਲਨ ਕਰਦਿਆ ਪ੍ਰੋ. ਸ਼ਰਦ ਮਨੋਚਾ, ਡਾ. ਬਲਵਿੰਦਰ ਸਿੰਘ ਅਤੇ ਡਾ. ਸਾਹਿਬ ਸਿੰਘ ਨੇ ਪੂਰੇ ਪ੍ਰੋਗਰਾਮ ਦੌਰਾਨ ਦਰਸ਼ਕਾਂ ਨੂੰ ਕੁਸ਼ਲਤਾ ਨਾਲ ਜੋੜੀ ਰੱਖਿਆ। ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਕਿਰਪਾਲ ਸਿੰਘ ਮਠਾੜੂ, ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਅਸ਼ੋਕ ਖੁਰਾਨਾ, ਅਥਲੈਟਿਕ ਕੌਂਸਲ ਦੇ ਸੰਯੁਕਤ ਸਕੱਤਰ ਪ੍ਰੋ. ਸੌਰਭ ਰਾਜ ਅਤੇ ਡਾ. ਅਜੇ ਕੁਮਾਰ, ਅਥਲੈਟਿਕ ਕੌਂਸਲ ਦੇ ਮੈਂਬਰ ਪ੍ਰੋ. ਸੋਨਿਕਾ ਦਾਨੀਆ, ਪ੍ਰੋ. ਸੁਖਦੇਵ ਸਿੰਘ ਰੰਧਾਵਾ, ਪ੍ਰੋ. ਸ਼ਰਦ ਮਨੋਚਾ, ਡਾ. ਐਸ.ਜੇ. ਤਲਵਾੜ, ਡਾ. ਨਿਸ਼ਚੇ ਬਹਿਲ, ਪ੍ਰੋ. ਪੰਕਜ ਗੁਪਤਾ, ਪ੍ਰੋ. ਮਨੀਸ਼ ਖੰਨਾ, ਪ੍ਰੋ. ਵਿਸ਼ਾਲ ਸ਼ਰਮਾ, ਡਾ. ਸੀਮਾ ਸ਼ਰਮਾ, ਡਾ. ਨਵਜੀਤ ਸ਼ਰਮਾ, ਪ੍ਰੋ. ਅਮਿਤ ਜੈਨ, ਪ੍ਰੋ. ਅਮਿਤ ਸ਼ਰਮਾ, ਡਾ. ਪੁਨੀਤ ਪੁਰੀ, ਡਾ. ਦੀਪਕ ਵਧਾਵਨ, ਡਾ.ਰਾਜ ਕੁਮਾਰ, ਡਾ. ਰਿਸ਼ੀ ਕੁਮਾਰ ਅਤੇ ਪ੍ਰੋ. ਸਾਹਿਲ ਨਾਗਪਾਲ, ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ਼ ਦੇ ਮੈਂਬਰ ਅਤੇ ਵਿਦਿਆਰਥੀ ਮੌਜੂਦ ਸਨ।

# ਔੜ ਵਿਖੇ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ 31 ਧੀਆਂ ਦੀ ਲੋਹੜੀ ਮਨਾਈ

**ਬੰਗਾ (ਅਵਤਾਰ ਕਲੇਰ)**-ਔੜ ਵਿਖੇ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ 31 ਧੀਆਂ ਦੀ ਲੋਹੜੀ ਮਨਾਈ ਗਈ।ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀਆਂ ਹਦਾਇਤਾਂ 'ਤੇ ਕੱਲ ਬਾਲ ਵਿਕਾਸ ਪ੍ਰੋਜੈਕਟ ਅਫਸਰ ਦਵਿੰਦਰ ਕੌਰ ਔੜ ਦੀ ਅਗਵਾਈ ਹੇਠ ਧਰਮਗਿਰ ਮੰਦਰ ਔੜ ਵਿਖੇ ਬੇਟੀ ਬਚਾਓ ,ਬੇਟੀ ਪੜ੍ਹਾਓ ਸਕੀਮ ਤਹਿਤ 31 ਧੀਆਂ ਦੀ ਲੋਹੜੀ ਤੇ ਬਲਾਕ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਸਮਾਗਮ ਵਿੱਚ ਹਲਕਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਲੜਕੀਆਂ ਦੇ ਜਨਮ ਤੋਂ ਪਹਿਲੀ ਲੋਹੜੀ 'ਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੁੱਤਰ ਅਤੇ ਧੀ ਵਿੱਚ ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ ਕਰਨਾ ਚਾਹੀਦਾ। ਧੀਆਂ ਨੂੰ ਵੀ ਪੜ੍ਹਾਈ ਅਤੇ ਤਰੱਕੀ ਦੇ ਬਰਾਬਰ ਦੇ ਮੌਕੇ ਦੇਣੇ ਚਾਹੀਦੇ ਹਨ।ਬਾਲ ਵਿਕਾਸ ਪ੍ਰੋਜੈਕਟ ਅਫਸਰ ਔੜ ਦਵਿੰਦਰ ਕੌਰ ਨੇ ਵੀ ਇਸ ਮੌਕੇ ਆਖਿਆ ਕਿ ਬੇਟੀਆਂ ਅਤੇ ਔਰਤਾਂ ਦੀ ਸੁਰੱਖਿਆ ਅਤੇ ਤਰੱਕੀ ਲਈ ਪੰਜਾਬ ਸਰਕਾਰ ਵਲੋਂ ਬਹੁਤ ਸਾਰੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਤੇ ਲਾਭ ਦਿੱਤੇ ਜਾ ਰਹੇ ਹਨ।ਸਰਪੰਚ ਨਿੰਦਰ ਮਾਈਦਿੱਤਾ ਨੇ ਬੇਟੀਆਂ ਨੂੰ ਬਣਦਾ ਮਾਣ ਸਤਿਕਾਰ ਤੇ ਬਾਬੇ ਨਾਨਕ ਜੀ ਦੀ ਬਾਣੀ ਸੋ ਕਿਉ ਮੰਦਾ ਆਖੀਏ ਜਿੱਤ ਜੰਮੇ ਰਾਜਾਨ 'ਤੇ ਗੱਲ ਰੱਖੀ। ਹਰਕਮਲ ਕੌਰ ਸੁਪਰਵਾਈਜ਼ਰ ਨੇ ਵਿਭਾਗ ਦੀਆ ਸਕੀਮਾਂ 'ਤੇ ਚਾਨਣਾ ਪਾਇਆ।ਸੀਨੀਅਰ ਮੈਡੀਕਲ ਅਫ਼ਸਰ ਜਤਿੰਦਰ ਸਿੰਘ ਨੇ ਸਿਹਤ ਵਿਭਾਗ ਦੀ ਕਾਰਗੁਜ਼ਾਰੀ ਤੇ ਬੇਟੀਆਂ ਦੀ ਸਮਾਜ ਨੂੰ ਦੇਣ ਤੇ ਚਰਚਾ ਕੀਤੀ।ਇਸ ਸਮਾਗਮ ਵਿੱਚ ਮੀਰਪੁਰਲੱਖਾ ਦੇ ਬੱਚਿਆਂ ਵਲੋਂ ਲੋਹੜੀ ਨਾਲ ਸਬੰਧਤ ਗਿੱਧਾ ਤੇ ਭੰਗੜਾ ਪੇਸ਼ ਕੀਤਾ।ਮਹਿਰਮਪੁਰ ਦੇ ਬੱਚਿਆਂ ਕਵਿਤਾ, ਗੀਤ ਤੇ ਆਂਗਨਵਾੜੀ ਵਰਕਰ ਰਾਜਵਿੰਦਰ ਕੌਰ ਦੀ ਨਿਰਦੇਸ਼ਨਾ ਹੇਠ ਬਾਲ ਕਲਾ ਮੰਚ ਮਾਈਦਿੱਤਾ ਦੀ ਟੀਮ ਵਲੋਂ ਕੋਰੀਓਗ੍ਰਾਫੀ ਨਾ ਮਾਰੀ ਨਾ ਮਾਰੀ ਪੇਸ਼ ਕੀਤੀ ਗਈ ਸਟੇਜ ਸਕੱਤਰ ਦੀ ਭੂਮਿਕਾ ਆਂਗਨਵਾੜੀ ਵਰਕਰ ਬਲਜੀਤ ਕੌਰ ਮੱਲਪੁਰ ਵਲੋਂ ਨਿਭਾਈ ਗਈ। ਨਵਜੰਮੀਆਂ ਬੱਚੀਆਂ ਦੀ ਲੋਹੜੀ ਮਨਾਉਂਦਿਆਂ ਬੇਬੀ ਸੂਟ ਤੇ ਬੇਬੀ ਕੇਅਰ ਕਿੱਟਾਂ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਰਪੰਚ ਕਮਲਜੀਤ ਬੱਬੀ, ਸਾਬਕਾ ਸਰਪੰਚ ਜੀਵਨ ਕੁਮਾਰ ਬਿੱਟੂ, ਆਂਗਨਵਾੜੀ ਵਰਕਰ ਕੁਲਵਿੰਦਰ ਕੌਰ, ਪਰਮਜੀਤ ਕੌਰ, ਜਸਵੰਤ ਕੌਰ, ਸੁਪਰਵਾਈਜ਼ਰ ਜਗਦੀਸ਼ ਕੌਰ, ਨੀਲਮ ਕੁਮਾਰੀ, ਸੁਰਿੰਦਰ ਕੌਰ, ਹਰਕਮਲ ਕੌਰ, ਮਨਦੀਪ ਕੌਰ, ਕਲਰਕ ਸੰਦੀਪ ਕੁਮਾਰ ਆਦਿ ਹਾਜ਼ਰ ਸਨ।



# ਇੰਸਪੈਕਟਰ ਸਿਕੰਦਰ ਸਿੰਘ ਵਿਰਕ ਨੇ ਸੰਭਾਲਿਆ ਚਾਰਜ



**ਮਹਿਤਪੁਰ (ਰਾਜਾ)**- ਇੰਸਪੈਕਟਰ ਸਿਕੰਦਰ ਸਿੰਘ ਵਿਰਕ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਗੁਰਾਇਆ ਥਾਣੇ ਵਿਖੇ ਤੈਨਾਤ ਸਨ। ਪ੍ਰੈਸ ਕਲੱਬ ਮਹਿਤਪੁਰ ਦੇ ਮੈਂਬਰਾਂ ਨਾਲ ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਉਨ੍ਹਾਂ ਕਿਹਾ ਕਿ ਗਲਤ ਅਨਸਰਾਂ ਨੂੰ ਠੱਲ੍ਹ ਪਾਉਣ ਲਈ ਸ਼ਹਿਰ ਵਾਸੀ ਅਤੇ ਇਲਾਕਾ ਵਾਸੀਆਂ ਦੇ ਸਹਿਯੋਗ ਦੀ ਬਹੁਤ ਲੋੜ ਹੈ, ਇੰਸਪੈਕਟਰ ਵਿਰਕ ਨੇ ਕਿਹਾ ਕਿ ਥਾਣਾ ਮਹਿਤਪੁਰ ਵਿੱਚ ਅਗਰ ਕਿਸੇ ਦਾ ਵੀ ਕੋਈ ਵੀ ਕਿਸੇ ਵੀ ਤਰ੍ਹਾਂ ਦਾ ਕੰਮ ਕੋਈ ਪੈਂਡਿੰਗ ਪਿਆ ਹੈ ਜਾਂ ਸਮਾਂ ਜ਼ਿਆਦਾ ਲੱਗ ਰਿਹਾ ਹੈ ਤਾਂ ਉਹ ਬੇਝਿਜਕ ਆ ਕੇ ਮੈਨੂੰ ਮਿਲ ਕੇ ਕੰਮ ਕਰਵਾ ਸਕਦੇ ਹਨ। ਥਾਣਾ ਮਹਿਤਪੁਰ ਦੀ ਪੁਲਸ ਟੀਮ ਪਬਲਿਕ ਦੀ ਸੇਵਾ ਵਿੱਚ 24 ਘੰਟੇ ਹਾਜ਼ਰ ਹੈ। ਥਾਣੇ ਵਿੱਚ ਆਉਣ ਵਾਲੇ ਹਰ ਵਿਅਕਤੀ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਸ਼ਹਿਰ ਦਾ ਜਾਂ ਇਲਾਕੇ ਦਾ ਮਾਹੌਲ ਖਰਾਬ ਕਰਨ ਵਾਲੇ ਮਾੜੇ ਅਨਸਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਇੰਸਪੈਕਟਰ ਵਿਰਕ ਨੇ ਪ੍ਰੈਸ ਕਲੱਬ ਮਹਿਤਪੁਰ ਦੇ ਮਾਧਿਅਮ ਰਾਹੀਂ ਨਸ਼ਾ ਵੇਚਣ ਅਤੇ ਗਲਤ ਅਨਸਰਾਂ ਦੀ ਸਿਫਾਰਸ਼ ਕਰਨ ਵਾਲੇ ਲੋਕਾਂ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਕਿ ਇਸ ਸਬੰਧੀ ਉਨ੍ਹਾਂ ਦੀ ਕੋਈ ਵੀ ਕਿਸੇ ਵੀ ਤਰ੍ਹਾਂ ਦੀ ਸਿਫਾਰਸ਼ ਨਹੀਂ ਮੰਨੀ ਜਾਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਉਨ੍ਹਾਂ ਨੂੰ ਮਿਲਣ ਦੀ ਖੇਚਲ ਕਰੇ। ਇੰਸਪੈਕਟਰ ਵਿਰਕ ਨੇ ਸ਼ਹਿਰ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਪ੍ਰੈਸ ਕਲੱਬ ਦੇ ਮਾਧਿਅਮ ਰਾਹੀਂ ਅਪੀਲ ਕਰਦਿਆਂ ਕਿਹਾ ਕਿ ਆਪਣੇ ਕੰਮ ਸਬੰਧੀ ਬਿਨਾਂ ਕਿਸੇ ਸਿਫਾਰਸ਼ ਤੋਂ ਉਨ੍ਹਾਂ ਨੂੰ ਬੇਝਿਜਕ ਆ ਕੇ ਮਿਲ ਸਕਦੇ ਹਨ ਉਨ੍ਹਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਕੀਤੇ ਜਾਣਗੇ।

# ਕੈਂਬਰਿਜ ਇਨੋਵੇਟਿਵ ਸਕੂਲ ਨਾਨਗਰਾਂ ਖੇਡ ਦਿਵਸ ਮਨਾਇਆ





**ਭਲਾਣ (ਹਰਭਜਨ ਢਿੱਲੋਂ)** ਪਿੰਡ ਨਾਨਗਰਾਂ ਵਿੱਚ ਖੁੱਲੇ ਕੈਂਬਰਿਜ ਇਨੋਵੇਟਿਵ ਸਕੂਲ ਨੇ ਪਹਿਲਾ ਸਾਲਾਨਾ ਖੇਡ ਦਿਵਸ ਤੇ ਗਰਾਉਂਡ ਬੇਬੀ ਸ਼ੋਅ ਕਰਵਾਇਆ।ਇਸ ਫੈਸਟੀਵਾਲ ਵਿੱਚ ਮੁੱਖ ਮਹਿਮਾਨ ਵਜੋਂ ਸੋਮ ਲਾਲ ਧੀਮਾਨ ਡਿਪਟੀ ਜਿਲ੍ਹਾ ਸਿੱਖਿਆ ਅਫ਼ਸਰ ਊਨਾ ਹਿਮਾਚਲ ਪ੍ਰਦੇਸ਼ ਸ਼ਾਮਲ ਹੋਏ।ਉਨ੍ਹਾਂ ਬੱਚਿਆਂ ਵੱਲੋਂ ਪੇਸ਼ ਕੀਤੇ ਵੱਖ ਵੱਖ ਪ੍ਰੋਗਰਾਮ ਨੂੰ ਦੇਖ ਕੇ ਉਨ੍ਹਾਂ ਨੂੰ ਸ਼ਾਬਾਸ਼ ਦਿੱਤੀ।ਉਨ੍ਹਾਂ ਸਕੂਲ ਮੈਨੇਜਮਿੰਟ ਵੱਲੋ ਕਰਵਾਏ ਇਸ ਸਮਾਗਮ ਦੀ ਸ਼ਲਾਘਾ ਕਰਦਿਆ ਕਿਹਾ ਕਿ ਇਹੋ ਜਿਹੇ ਸਮਾਰੋਹ ਕਰਵਾਉਣੇ ਜਾਰੀ ਰੱਖਣੇ ਚਾਹੀਦੇ ਹਨ। ਇਸ ਮੌਕੇ ਸਕੂਲ ਪ੍ਰਿੰਸੀਪਲ ਲਕਸ਼ਮੀ ਕਾਂਤ ਭਾਟੀਆ ਨੇ ਸਕੂਲ ਦੀਆ ਗਤੀਵਿਧੀਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਸਮਾਗਮ ਦੇ ਡਿਪਟੀ ਮਹਿਮਾਨ ਬਾਬਾ ਗੁਰੁਦੇਵ ਸਿੰਘ ਗਿਆਨੀ ਅਤੇ ਡਾ. ਹਰਸ਼ਬਰਧਨ ਸਿੰਘ ਸਨ।ਇਸ ਮੌਕੇ ਨੰਨੇ ਬੱਚਿਆਂ ਨੇ ਖੇਡਾਂ ਜਿਨ੍ਹਾਂ ਵਿੱਚ ਦੌੜਾਂ ਅਤੇ ਹੋਰ ਆਈਟਮਾਂ ਕਰਵਾਈਆਂ ਗਈਆਂ ਤੇ ਫਸਟ, ਸੈਕਿੰਡ ਤੇ ਥਰਡ ਆਉਣ ਵਾਲੇ ਬੱਚਿਆਂ ਨੂੰ ਮੈਡਲਾਂ ਨਾਲ ਸਨਮਾਨ ਕੀਤਾ ਗਿਆ। ਬੱਚਿਆਂ ਦੇ ਮਾਪਿਆ ਨੇ ਵੀ ਇਸ ਸਮਾਗਮ ਵਿੱਚ ਵੱਧ ਚੜਕੇ ਹਿੱਸਾ ਲਿਆ। ਨਜਦੀਕੀ ਪਿੰਡਾਂ ਦੇ ਸਰਪੰਚ ਅਤੇ ਪੱਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।ਇਸ ਸਮਾਗਮ ਨੂੰ ਕਰਵਾਉਣ ਲਈ ਰਜਨੀ ਸ਼ਰਮਾਂ, ਆਸ਼ਾ ਰਾਣੀ, ਮੀਨਾ ਕੁਮਾਰੀ, ਬੰਦਨਾ, ਦੀਕਸ਼ਾ ਰਾਣੀ, ਅਨੁਰਾਧਾ, ਤਾਰੋ ਦੇਵੀ, ਕੇਸਰੋ ਦੇਵੀ ਅਤੇ ਜਸਬੀਰ ਸਿੰਘ ਨੇ ਅਹਿਮ ਸਹਿਯੋਗ ਦਿੱਤਾ।

# ਦਿੱਲੀ ਦੀ ਜਨਤਾ ਨੇ ਮੋਦੀ ਦੀ ਗਾਰੰਟੀ 'ਤੇ ਲਗਾਈ ਮੋਹਰ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਵਿਧਾਨ ਸਭਾ ਚੋਣ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਗਾਰੰਟੀ 'ਤੇ ਮੋਹਰ ਲਗਾਈ ਹੈ। ਹੁਣ ਮੋਦੀ ਦੀਆਂ ਨੀਤੀਆਂ ਦਿੱਲੀ ਵਿਚ ਲਾਗੂ ਹੋਣਗੀਆਂ, ਲੋਕਾਂ ਨੂੰ ਆਯੂਸ਼ਮਾਨ ਯੋਜਨਾ ਵਰਗੀਆਂ ਅਨੇਕ ਭਲਾਈਕਾਰੀ ਯੋਜਨਾਵਾਂ ਦਾ ਲਾਭ ਮਿਲੇਗਾ ਅਤੇ ਪੀਣ ਦਾ ਸਾਫ ਪਾਣੀ ਉਪਲਬਧ ਹੋਵੇਗਾ। ਮੁੱਖ ਮੰਤਰੀ ਐਤਵਾਰ ਨੂੰ ਨਵੀਂ ਦਿੱਲੀ ਸਥਿਤ ਹਰਿਆਣਾ ਭਵਨ ਵਿਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਭਾਜਪਾ ਸੂਬਾ ਪ੍ਰਧਾਨ ਮੋਹਨ ਲਾਲ ਬੜੌਲੀ, ਮੱਧ ਪ੍ਰਦੇਸ਼ ਸਰਕਾਰ ਵਿਚ ਕੈਬਿਨੇਟ ਮੰਤਰੀ ਕੈਲਾਸ਼ ਵਿਜੈ ਵਰਗੀਆ, ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਕ੍ਰਿਸ਼ਨ ਬੇਦੀ, ਰਾਜ ਸਭਾ ਸਾਂਸਦ ਸੁਭਾਸ਼ ਬਰਾਲਾ, ਮੁੱਖ ਮੰਤਰੀ ਦੇ ਮੀਡੀਆ ਐਡਵਾਈਜ਼ਰ ਰਾਜੀਵ ਜੇਟਲੀ ਵੀ ਮੌਜੂਦ ਰਹੇ। ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਹੁਣ ਦਿੱਲੀ ਵੀ ਮਜ਼ਬੂਤੀ ਨਾਲ ਵਿਕਸਤ ਭਾਰਤ ਨਾਲ ਕਦਮਤਾਲ ਕਰੇਗੀ ਅਤੇ ਚੋਣ ਵਿਚ ਭਾਜਪਾ ਦੀ ਇਸ ਵੱਡੀ ਜਿੱਤ ਲਈ ਮੈਂ ਦਿੱਲੀ ਦੇ ਲੋਕਾਂ ਨੂੰ ਸ਼ੁੱਭਕਾਮਨਾਵਾਂ ਦਿੰਦਾ ਹਾਂ। ਦਿੱਲੀ ਚੋਣ ਵਿਚ ਲੱਗੇ ਸਾਰੇ ਨੇਤਾਵਾਂ ਤੇ ਕਾਰਜਕਰਤਾਵਾਂ ਨੂੰ ਵੀ ਉਨ੍ਹਾਂ ਨੇ ਵਧਾਈ ਦਿੱਤੀ ਅਤੇ ਕਿਹਾ ਕਿ ਪਾਰਟੀ ਦੇ ਸੀਨੀਅਰ ਅਗਵਾਈ ਨੇ ਇੱਕ ਕੁਸ਼ਲ ਸੰਗਠਨਕਰਤਾ ਦੀ ਤਰ੍ਹਾ ਕੰਮ ਕੀਤਾ ਹੈ। ਉਨ੍ਹਾਂ ਨੇ ਪਾਰਟੀ ਦੀ ਜਿੱਤ ਦਾ ਕ੍ਰੈਡਿਟ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਦਿੱਤਾ।ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਕਿ ਉਹ ਗਰੀਬਾਂ ਦੇ ਬੱਚਿਆਂ ਨੂੰ ਡਾਕਟਰ ਤੇ ਇੰਜੀਨੀਅਰ ਬਣਾਉਣਗੇ ਪਰ ਇਸ ਦੇ ਉਲਟ ਉਨ੍ਹਾਂ ਨੇ ਥਾਂ-ਥਾਂ ਸ਼ਰਾਬ ਦੇ ਠੇਕੇ ਖੋਲ੍ਹਣ ਦਾ ਕੰਮ ਕੀਤਾ। ਉਨ੍ਹਾਂ ਕਿਹਾ ਕਿ ਹੁਣ ਦਿੱਲੀ ਫਿਰ ਤੋਂ ਵਿਕਾਸ ਦੀ ਦੌੜ ਵਿਚ ਸ਼ਾਮਲ ਹੋਵੇਗੀ। ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਦਿੱਲੀ 'ਚ ਕਾਂਗਰਸ ਤੀਜੀ ਵਾਰ ਜ਼ੀਰੋ 'ਤੇ ਆਊਟ ਹੋਈ ਹੈ। ਇਹ ਕਾਂਗਰਸ ਦੀ ਹੈਟ੍ਰਿਕ ਹੈ। ਇੰਡੀਆ ਗਠਜੋੜ ਦਾ ਵੀ ਹੁਣ ਕੋਈ ਭਵਿੱਖ ਨਹੀਂ ਹੈ ਅਤੇ ਦਿੱਲੀ ਚੋਣ ਦੇ ਨਾਲ ਹੀ ਉਨ੍ਹਾਂ ਦੀ ਦੁਕਾਨ ਵੀ ਬੰਦ ਹੋ ਗਈ ਹੈ।

# ਰੇਡੀਓਲੋਜਿਸਟਾਂ ਦੀ ਭੂਮਿਕਾ ਸਿਹਤ ਦੇ ਖੇਤਰ 'ਚ ਪਾ ਰਹੀ ਮਹੱਤਵਪੂਰਨ ਯੋਗਦਾਨ : ਡਾ. ਇਸ਼ਾਂਕ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਡਾ. ਇਸ਼ਾਂਕ ਕੁਮਾਰ, ਚੱਬੇਵਾਲ ਵਿਧਾਇਕ ਨੇ ਚੇਨਈ ਟਰੇਡ ਸੈਂਟਰ ਵਿਖੇ ਪਿਛਲੇ ਹਫ਼ਤੇ ਭਾਰਤੀ ਰੇਡੀਓਲੌਜੀ ਅਤੇ ਇਮੇਜਿੰਗ ਐਸੋਸੀਏਸ਼ਨ ਦੀ 77ਵੀਂ ਸਾਲਾਨਾ ਕਾਂਫਰੰਸ ਅਤੇ 23ਵੀਂ ਏਸ਼ੀਅਨ ਓਸ਼ੀਅਨ ਕਾਂਗਰਸ ਆਫ ਰੇਡੀਓਲੋਜੀ ਵਿੱਚ ਖਾਸ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਸਮਾਗਮ ਵਿੱਚ ਭਾਰਤ ਅਤੇ ਦੂਜੇ ਏਸ਼ੀਅਨ ਦੇਸ਼ਾਂ ਤੋਂ 200 ਤੋਂ ਵੱਧ ਪ੍ਰਮੁੱਖ ਰੇਡੀਓਲੋਜੀ ਨਾਲ ਜੁੜੇ ਵਿਗਿਆਨਕਾਂ ਅਤੇ ਡਾਕਟਰਾਂ ਨੇ ਹਿੱਸਾ ਲਿਆ, ਜੋ ਏਸ਼ੀਆ ਦੀ ਸਭ ਤੋਂ ਵੱਡੀ ਰੇਡੀਓਲੋਜੀ ਅਤੇ ਡਾਇਗਨੋਸਟਿਕ ਇਮੇਜਿੰਗ ਕਾਂਗਰਸ ਵਿੱਚ ਇਕੱਠੇ ਹੋਏ।ਇਸ ਸਮਾਗਮ ਨੇ ਰੇਡੀਓਲੋਜੀ ਦੇ ਖੇਤਰ ਦੇ ਮਸ਼ਹੂਰ ਵਿਦਵਾਨਾਂ ਅਤੇ ਵਿਚਾਰਕਾਂ ਨੂੰ ਆਪਣੇ ਗਿਆਨ ਨੂੰ ਸ਼ੇਅਰ ਕਰਨ ਦਾ ਮੌਕਾ ਦਿੱਤਾ, ਜਿਸ ਵਿੱਚ ਰੁਚਿਕਰ ਭਾਸ਼ਣ, ਨਵੀਨਤਮ ਪ੍ਰਦਰਸ਼ਨ ਅਤੇ ਵਰਕਸ਼ਾਪਾਂ ਸ਼ਾਮਿਲ ਸਨ। ਡਾ. ਇਸ਼ਾਂਕ ਕੁਮਾਰ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਸਮੇਂ ਦੇ ਨਾਲ ਰੇਡੀਓਲੋਜੀ ਵਿਚ ਆ ਰਹੇ ਬਦਲਾਅ ਵਿੱਚ ਰੇਡੀਓਲੋਜਿਸਟਾਂ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਗਈ ਹੈ, ਨਵੀਆਂ ਸਕੈਨਿੰਗ ਤਕਨੀਕਾਂ ਉਭਰ ਰਹੀਆਂ ਹਨ। ਉਹਨਾਂ ਨੇ ਇਹ ਵੀ ਕਿਹਾ ਕਿ ਰੇਡੀਓਲੋਜਿਸਟਾਂ ਦੀ ਭੂਮਿਕਾ ਸਿਹਤ ਦੇ ਖੇਤਰ ਵਿੱਚ ਮਹੱਤਵਪੂਰਣ ਯੋਗਦਾਨ ਪਾ ਰਹੀ ਹੈ। ਡਾ. ਕੁਮਾਰ ਨੇ ਸਮਾਗਮ ਦੌਰਾਨ ਇਹ ਵੀ ਸਾਂਝਾ ਕੀਤਾ ਕਿ ਕਿਵੇਂ ਉਹਨਾਂ ਦੇ ਪਿਤਾ ਡਾ. ਰਾਜ ਕੁਮਾਰ ਦਾ ਰੇਡੀਓਲੋਜੀ ਸਪੈਸ਼ਲਿਸਟ ਵਜੋਂ ਕੰਮ ਉਹਨਾਂ ਨੂੰ ਸ਼ੁਰੂ ਤੋਂ ਹੀ ਪ੍ਰੇਰਿਤ ਕਰਦਾ ਰਿਹਾ ਅਤੇ ਫਿਰ ਰਾਜਨੀਤੀ ਵਿਚ ਆ ਕੇ ਹੋਰ ਵੀ ਸਮਰਪਿਤ ਭਾਵਨਾ ਨਾਲ ਲੋਕ ਸੇਵਾ ਕਰਨ ਦੇ ਆਪਣੇ ਪਿਤਾ ਦੇ ਜਜ਼ਬੇ ਨੇ ਉਹਨਾਂ ਨੂੰ ਵੀ ਰੇਡੀਓਲੋਜੀ ਦੀ ਪੜ੍ਹਾਈ ਕਰਨ ਦੇ ਨਾਲ-ਨਾਲ ਉਹਨਾਂ ਦੇ ਨਕਸ਼ੇ ਕਦਮ 'ਤੇ ਚੱਲ ਕੇ ਰਾਜਨੀਤੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਨਾ ਦਿੱਤੀ।ਇਸ ਕਾਨਫਰੈਂਸ ਦੌਰਾਨ, ਡਾ. ਇਸ਼ਾਂਕ ਕੁਮਾਰ ਨੂੰ ਵੱਲੋਂ ਰੇਡੀਓਲੋਜੀ ਫ੍ਰੈਟਰਨਿਟੀ ਤੋਂ ਸਭ ਤੋਂ ਘੱਟ ਉਮਰ ਵਿਚ ਵਿਧਾਇਕ ਬਣਨ ਲਈ ਵੀ ਸਨਮਾਨਿਤ ਕੀਤਾ ਗਿਆ।

# ਕੋਟ ਫਤੂਹੀ 'ਚ ਭਾਜਪਾ ਦੀ ਜਿੱਤ 'ਤੇ ਵਰਕਰਾਂ ਵੰਡੇ ਲੱਡੂ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਕੋਟ ਫਤੂਹੀ ਵਿਖੇ ਭਾਰਤੀ ਜਨਤਾ ਪਾਰਟੀ ਦਿੱਲੀ ਚੋਣਾਂ ਦੌਰਾਨ ਸ਼ਾਨਦਾਰ ਜਿੱਤ ਦੀ ਖੁਸ਼ੀ ਮੌਕੇ ਸੋਹਣ ਸਿੰਘ ਠੰਡਲ ਦੀ ਅਗਵਾਈ ਹੇਠ ਵਰਕਰਾਂ ਵੱਲੋਂ ਲੱਡੂ ਵੰਡੇ ਗਏ। ਇਸ ਮੌਕੇ ਪ੍ਰਧਾਨ ਸੰਜੀਵ ਕੁਮਾਰ ਪਚਨੰਗਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਾਰਗੁਜ਼ਾਰੀ ਨੂੰ ਦੇਖਦਿਆਂ ਦਿੱਲੀ ਦੇ ਲੋਕਾਂ ਨੇ ਸ਼ਾਨਦਾਰ ਜਿੱਤ ਹਾਸਲ ਕਰਵਾਈ ਹੈ। ਇਸ ਮੌਕੇ ਭਾਰਤੀ ਜਨਤਾ ਪਾਰਟੀ ਮੰਡਲ ਕੋਟ ਫਤੂਹੀ ਹਲਕਾ ਚੱਬੇਵਾਲ ਦੇ ਸਮੂਹ ਵਰਕਰਾਂ ਵੱਲੋਂ ਬਿਸਤ ਦੋਆਬਾ ਨਹਿਰ ਤੇ ਭਾਰਤੀ ਜਨਤਾ ਪਾਰਟੀ ਦੀ ਦਿੱਲੀ ਵਿੱਚ ਸ਼ਾਨਦਾਰ ਜਿੱਤ ਦੀ ਖੁਸ਼ੀ ਮੌਕੇ ਵਰਕਰਾਂ ਵੱਲੋਂ ਲੱਡੂ ਵੰਡੇ ਗਏ। ਇਸ ਮੌਕੇ ਸੋਹਣ ਸਿੰਘ ਠੰਡਲ, ਪ੍ਰਧਾਨ ਸੰਜੀਵ ਕੁਮਾਰ ਪਚਨੰਗਲਾ, ਅਵਤਾਰ ਸਿੰਘ ਡਾਂਡੀਆਂ ਜਿਲਾ ਪ੍ਰਧਾਨ ਕਿਸਾਨ ਵਿੰਗ, ਪ੍ਰਦੀਪ ਕੁਮਾਰ ਮੰਨਣਹਾਨਾ, ਰੋਸ਼ਨ ਲਾਲ, ਹੰਸ ਲਾਲ, ਹਰਬੰਸ ਲਾਲ ਠੀਂਡਾ, ਜਗਜੀਤ ਸਿੰਘ ਜੱਗੀ, ਲੰਬਰਦਾਰ ਬਲਵਿੰਦਰ ਸਿੰਘ ਨਡਾਲੋਂ , ਜਸਵੀਰ ਸਿੰਘ ਭਗਤੂਪੁਰ, ਕਾਂਸ਼ੀ ਰਾਮ , ਰਿੰਕੂ, ਅਸ਼ਵਨੀ ਕੁਮਾਰ, ਰਣਜੀਤ ਸਿੰਘ ਰਿੰਕੂ , ਅਸ਼ੋਕ ਕੌਸ਼ਲ, ਨਿਰਮਲ ਸਿੰਘ ਸਾਬਕਾ ਸਰਪੰਚ ਸੂੰਨੀ ਹਾਜ਼ਰ ਸਨ।

# ਆਮ ਆਦਮੀ ਪਾਰਟੀ ਦੇ ਪਤਨ ਦੀ ਹੋਈ ਸ਼ੁਰੂਆਤ : ਧਾਲੀਵਾਲ

**ਫਗਵਾੜਾ (ਡਾ. ਰਮਨ)**- ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਹੋਈ ਸ਼ਰਮਨਾਕ ਹਾਰ 'ਤੇ ਟਿੱਪਣੀ ਕਰਦਿਆਂ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਹਲਕਾ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਅੱਜ ਇਥੇ ਗੱਲਬਾਤ ਕਰਦਿਆਂ ਕਿਹਾ ਕਿ 2014 ਦੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦਾ ਸੂਰਜ ਪੰਜਾਬ ਵਿਚ ਚਾਰ ਸੀਟਾਂ ਜਿੱਤ ਕੇ ਚੜ੍ਹਿਆ ਸੀ। ਜਿਸ ਤੋਂ ਬਾਅਦ ਕੇਜਰੀਵਾਲ ਦਾ ਦਸ ਸਾਲ ਤੱਕ ਦਿੱਲੀ ਦੀ ਸੱਤਾ 'ਤੇ ਕਬਜ਼ਾ ਰਿਹਾ ਅਤੇ ਘੋਟਾਲਿਆਂ ਨਾਲ ਜਨਤਾ ਨੂੰ ਠੱਗਿਆ। ਅੱਜ ਦਿੱਲੀ ਤੋਂ ਹੀ ਆਮ ਆਦਮੀ ਪਾਰਟੀ ਦਾ ਪਤਨ ਸ਼ੁਰੂ ਹੋ ਗਿਆ ਹੈ। ਜਿਸ ਦਾ ਸੂਰਜ ਬਹੁਤ ਜਲਦੀ ਪੰਜਾਬ ਦੀ ਧਰਤੀ 'ਤੇ ਡੁੱਬ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਦੀ ਹਾਰ ਕਾਰਨ ਆਮ ਆਦਮੀ ਪਾਰਟੀ ਦੇ ਵਰਕਰਾਂ ਦਾ ਹੀ ਨਹੀਂ ਸਗੋਂ ਆਗੂਆਂ ਤੇ ਮੰਤਰੀਆਂ ਦਾ ਵੀ ਮਨੋਬਲ ਟੁੱਟ ਗਿਆ ਹੈ। ਕਿਉਂਕਿ ਦਿੱਲੀ ਦੇ ਲੋਕਾਂ ਨੇ ਉਨ੍ਹਾਂ ਦੀ ਭ੍ਰਿਸ਼ਟ ਸਰਕਾਰ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਪੰਜਾਬ ਵਿੱਚ ਹਾਲ ਹੀ ਵਿੱਚ ਹੋਈਆਂ ਨਿਗਮ ਚੋਣਾਂ ਦਾ ਜ਼ਿਕਰ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਦੇਖ ਲਿਆ ਹੈ ਕਿ ਨਿਗਮਾਂ 'ਤੇ ਕਾਬਜ਼ ਹੋਣ ਲਈ ਸਰਕਾਰੀ ਮਸ਼ੀਨਰੀ ਦੀ ਕਿਵੇਂ ਦੁਰਵਰਤੋਂ ਕੀਤੀ ਗਈ। ਸਾਰੇ ਕਾਇਦੇ-ਕਾਨੂੰਨਾਂ ਨੂੰ ਪਾਸੇ ਕਰ ਦਿੱਤਾ ਗਿਆ। ਫਗਵਾੜਾ ਅਤੇ ਅੰਮ੍ਰਿਤਸਰ ਵਿੱਚ ਕਾਂਗਰਸ ਨੂੰ ਬਹੁਮਤ ਮਿਲਣ ਦੇ ਬਾਵਜੂਦ ਕੌਂਸਲਰਾਂ ਨੂੰ ਉਨ੍ਹਾਂ ਦਾ ਸਮਰਥਨ ਹਾਸਲ ਕਰਨ ਲਈ ਡਰਾਇਆ-ਧਮਕਾਇਆ ਗਿਆ।

# ਸਰਵਹਿਤਕਾਰੀ ਵਿੱਦਿਆ ਮੰਦਰ 'ਚ ਸਾਲਾਨਾ ਸਮਾਗਮ





**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਰਵਹਿਤਕਾਰੀ ਵਿੱਦਿਆ ਮੰਦਰ ਨੂਰਮਹਿਲ ਦਾ ਸਾਲਾਨਾ ਸਮਾਗਮ ਸਕੂਲ ਦੇ ਵਿਹੜੇ ਵਿਚ ਪ੍ਰਭਾਵਸ਼ਾਲੀ ਤਰੀਕੇ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਮੈਡਮ ਮੋਨਿਕਾ ਸੇਖੜੀ ਅਤੇ ਵਰਿੰਦਰ ਸੇਖੜੀ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਵੱਲੋਂ ਸ਼ਮ੍ਹਾਂ ਰੌਸ਼ਨ ਕਰਨ ਉਪਰੰਤ ਕੀਤੀ ਗਈ। ਪੰਜਵੀਂ ਜਮਾਤ ਦੇ ਬੱਚਿਆਂ ਵੱਲੋਂ ਸਵਾਗਤੀ ਗੀਤ ਗਾ ਕੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਦੀਪਕ ਕੁਮਾਰ ਨੇ ਸਾਰਿਆਂ ਦੀ ਜਾਣ-ਪਛਾਣ ਕਰਵਾਈ ਅਤੇ ਸਾਲ ਦੀਆਂ ਗਤੀਵਿਧੀਆਂ ਦੀ ਰਿਪੋਰਟ ਸਾਰਿਆਂ ਦੇ ਸਾਹਮਣੇ ਪੇਸ਼ ਕੀਤੀ। ਸਕੂਲੀ ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਭੰਗੜਾ, ਗਿੱਧਾ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਕੂਲ ਦੀ ਸਾਬਕਾ ਵਿਦਿਆਰਥੀ ਭੈਣ ਆਂਚਲ ਸੰਗਰ ਜੋ ਕਿ ਵਿਸ਼ੇਸ਼ ਤੌਰ 'ਤੇ ਪਹੁੰਚੀ, ਨੇ ਸਕੂਲ ਵਿੱਚ ਬਿਤਾਏ ਸਾਲਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਪਲਾਂ ਨੂੰ ਸਾਰਿਆਂ ਨਾਲ ਸਾਂਝਾ ਕੀਤਾ। ਪਿਛਲੇ ਸਾਲ ਪੰਜਵੀਂ ਜਮਾਤ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਮੈਡਮ ਮੋਨਿਕਾ ਸੇਖੜੀ ਨੇ ਸਕੂਲ ਦੀਆਂ ਗਤੀਵਿਧੀਆਂ ਦੀ ਸ਼ਲਾਘਾ ਕੀਤੀ ਅਤੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ। ਬੱਚਿਆਂ ਨੂੰ ਸਿੱਖਿਆ ਦੀ ਮਹੱਤਤਾ ਅਤੇ ਸੰਸਕਾਰ ਆਧਾਰਿਤ ਸਿੱਖਿਆ ਬਾਰੇ ਜਾਣਕਾਰੀ ਦਿੱਤੀ ਗਈ। ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸੰਤ ਕੁਮਾਰ, ਉਪ ਪ੍ਰਧਾਨ ਨਰਿੰਦਰ ਪਾਲ ਸੰਗਰ, ਮੈਨੇਜਰ ਮਨੋਜ ਕੁਮਾਰ, ਅਵਿਨਾਸ਼ ਪਾਠਕ, ਇੰਦਰਜੀਤ, ਅਮਿਤ ਗੋਇਲ, ਮੀਨੂੰ ਗੋਇਲ, ਕੌਂਸਲਰ ਰਾਜੀਵ ਮਿਸਰ, ਸੁਨੀਲ ਲਖਨਪਾਲ, ਸੰਦੀਪ ਮਿੱਤੂ, ਸਰਪ੍ਰਸਤ ਅਸ਼ੋਕ ਓਹਰੀ, ਰਮਜੀਤ, ਸ਼ਵੇਤਾ ਓਹਰੀ, ਰਮੇਸ਼ ਸੇਖੜੀ ਆਦਿ ਹਾਜ਼ਰ ਸਨ।

# '28ਵੀਆਂ ਪੁਰੇਵਾਲ ਖੇਡਾਂ 27-28 ਨੂੰ ਹੋਣਗੀਆਂ'



**ਬੰਗਾ (ਅਵਤਾਰ ਕਲੇਰ)**- ਦੋਆਬੇ ਦੀ ਓਲੰਪਿਕਸ ਵਜੋਂ ਜਾਣੀਆਂ ਜਾਂਦੀਆਂ 28ਵੀਆਂ ਪੁਰੇਵਾਲ ਖੇਡਾਂ ਇਸ ਵਾਰ 27 ਤੇ 28 ਫਰਵਰੀ ਨੂੰ ਕਰਵਾਈਆਂ ਜਾਣਗੀਆਂ। ਪੁਰੇਵਾਲ ਭਰਾਵਾਂ ਤੇ ਪੁਰੇਵਾਲ ਸਪੋਰਟਸ ਕਲੱਬ ਵੱਲੋਂ ਪਿਛਲੇ ਤਿੰਨ ਦਹਾਕੇ ਤੋਂ ਨਿਰੰਤਰ ਕਰਵਾਈਆਂ ਜਾਂਦੀਆਂ ਖੇਡਾਂ ਨਿਰੰਜਣ ਸਿੰਘ ਯਾਦਗਾਰੀ ਸਟੇਡੀਅਮ ਜਗਤਪੁਰ-ਹਕੀਮਪੁਰ ਵਿਖੇ ਕਰਵਾਈਆਂ ਜਾਣਗੀਆਂ। ਖੇਡਾਂ ਦੇ ਮੁੱਖ ਪ੍ਰਬੰਧਕ ਗੁਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਕਬੱਡੀ, ਕੁਸ਼ਤੀ, ਅਥਲੈਟਿਕਸ, ਹਲਟ ਦੌੜਾਂ ਤੇ ਰੱਸਾਕਸ਼ੀ ਦੇ ਜੇਤੂਆਂ ਨੂੰ ਲੱਖਾਂ ਰੁਪਏ ਦੇ ਨਗਦ ਇਨਾਮਾਂ ਤੋਂ ਇਲਾਵਾ ਟਰਾਫੀਆਂ, ਗੁਰਜਾਂ ਤੇ ਬਦਾਮਾਂ ਨਾਲ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਸਿੱਧ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਵੱਲੋਂ ਪੈਰਿਸ ਓਲੰਪਿਕਸ ਮੌਕੇ ਕੀਤੇ ਐਲਾਨ ਤਹਿਤ ਪੈਰਿਸ ਵਿਖੇ ਭਾਰਤ ਦਾ ਨਾਮ ਰੌਸ਼ਨ ਕਰਨ ਵਾਲੀ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਨੂੰ 28 ਫਰਵਰੀ ਨੂੰ ਸ਼ੁੱਧ ਦੋ ਤੋਲੇ ਸੋਨੇ ਦੇ ਮੈਡਲ ਅਤੇ ਗੁਰਜ ਨਾਲ ਸਨਮਾਨਤ ਕੀਤਾ ਜਾਵੇਗਾ। ਗੁਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਪੰਜਾਬ ਵੇਅਰਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਤੇ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਤੇ ਪੰਜਾਬ ਜਲ ਸਰੋਤ ਪ੍ਰਬੰਧਕੀ ਤੇ ਵਿਕਾਸ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਕੁਲਜੀਤ ਸਿੰਘ ਸਰਹਾਲ 27 ਫ਼ਰਵਰੀ ਨੂੰ ਖੇਡਾਂ ਦਾ ਉਦਘਾਟਨ ਕਰਨਗੇ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਅਤੇ ਐਸ.ਐਸ.ਪੀ. ਡਾ. ਮਹਿਤਾਬ ਸਿੰਘ 28 ਫਰਵਰੀ ਨੂੰ ਜੇਤੂਆਂ ਨੂੰ ਇਨਾਮਾਂ ਦੀ ਵੰਡ ਕਰਨਗੇ। ਉਨ੍ਹਾਂ ਦੱਸਿਆ ਕਿ ਕਬੱਡੀ ਵਿੱਚ ਆਲ ਓਪਨ, ਪਿੰਡ ਪੱਧਰ ਅਤੇ ਅੰਡਰ 15, 17 ਤੇ 21 ਦੇ ਮੁਕਾਬਲੇ ਹੋਣਗੇ। ਕੁਸ਼ਤੀ ਵਿੱਚ ਮਹਾਂਭਾਰਤ ਕੇਸਰੀ (ਮੁੰਡੇ ਤੇ ਕੁੜੀਆਂ), ਸ਼ੇਰ ਏ ਹਿੰਦ, ਆਫ਼ਤਾਬ ਏ ਹਿੰਦ, ਸਤਾਰ ਏ ਹਿੰਦ ਤੇ ਭਾਰਤ ਕੁਮਾਰੀ ਦੇ ਟਾਈਟਲ ਲਈ ਮੁਕਾਬਲੇ ਹੋਣਗੇ। ਅਥਲੈਟਿਕਸ ਵਿੱਚ 100 ਮੀਟਰ, 400 ਮੀਟਰ, 800 ਮੀਟਰ, 1500 ਮੀਟਰ, ਲੰਬੀ ਛਾਲ ਤੇ ਸ਼ਾਟਪੁੱਟ ਦੇ ਮੁਕਾਬਲੇ ਹੋਣਗੇ। ਹਲਟ ਦੌੜਾਂ ਤੇ ਰੱਸਾਕਸ਼ੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਸਵ. ਹਰਬੰਸ ਸਿੰਘ ਪੁਰੇਵਾਲ ਤੇ ਸਵ. ਮਲਕੀਤ ਸਿੰਘ ਪੁਰੇਵਾਲ ਦੀ ਯਾਦ ਵਿੱਚ ਕਰਵਾਈਆਂ ਜਾਂਦੀਆਂ ਪੁਰੇਵਾਲ ਖੇਡਾਂ ਇਸ ਵਾਰ ਸਵ. ਹਰਨੰਦਨ ਸਿੰਘ ਕਾਨੂ ਸਹੋਤਾ, ਸਵ. ਮੱਖਣ ਸਿੰਘ ਟਿਮਾਣਾ, ਸਵ. ਲਾਲੀ ਢੇਸੀ ਤੇ ਸਵ. ਰਵੀ ਸੋਢੀ ਨੂੰ ਸਮਰਪਤ ਹੋਣਗੀਆਂ। ਇਸ ਮੌਕੇ ਪ੍ਰਸਿੱਧ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਤੇ ਪ੍ਰਸਿੱਧ ਖੇਡ ਕੁਮੈਂਟੇਟਰ ਪ੍ਰੋ ਮੱਖਣ ਸਿੰਘ ਹਕੀਮਪੁਰ ਵੀ ਹਾਜ਼ਰ ਸਨ।

# ਦਿਹਾਣਾ 'ਚ ਪ੍ਰਕਾਸ਼ ਪੁਰਬ ਨੂੰ ਸਮਰਪਤ ਖ਼ੂਨਦਾਨ ਕੈਂਪ 12 ਨੂੰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਦਿਹਾਣਾ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਖ਼ੂਨਦਾਨ ਕੈਂਪ 12 ਫਰਵਰੀ ਨੂੰ ਸਵੇਰੇ 10 ਤੋਂ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਧਾਨ ਰਾਮ ਪ੍ਰਕਾਸ਼ ਸਾਬਕਾ ਸਰਪੰਚ ਅਤੇ ਭੁਪਿੰਦਰ ਸਿੰਘ ਕਾਕਾ ਦਿਹਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਖ਼ੂਨਦਾਨ ਕੈਂਪ ਦੌਰਾਨ ਯੂਥ ਬਲੱਡ ਡੋਨਰ ਵੈਲਫੇਅਰ ਸੋਸਾਇਟੀ ਹੁਸ਼ਿਆਰਪੁਰ ਤੋਂ ਡਾਕਟਰਾਂ ਦੀ ਟੀਮ ਪੁੱਜ ਰਹੀ ਹੈ। ਸੋ ਇਲਾਕਾ ਨਿਵਾਸੀ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਵਿਸ਼ਾਲ ਖ਼ੂਨਦਾਨ ਕੈਂਪ ਵਿੱਚ ਪੁੱਜ ਕੇ ਵੱਧ ਤੋਂ ਵੱਧ ਖ਼ੂਨਦਾਨ ਕਰੋ ਤਾਂ ਕਿ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ।

# ਐਲ ਪੀ ਯੂ ਵੱਲੋਂ ਆਨਲਾਈਨ ਸਿੱਖਿਆ ਦੇ ਵਿਦਿਆਰਥੀਆਂ ਲਈ ਪੀ ਸੀ ਪੀ ਦਾ ਆਯੋਜਨ



**ਜਲੰਧਰ, (ਸ਼ੈਲੀ ਅਲਵਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਆਪਣੇ ਆਨਲਾਈਨ ਸਿੱਖਿਆ ਵਿਦਿਆਰਥੀਆਂ ਵਿੱਚ ਅਕਾਦਮਿਕ ਉੱਤਮਤਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਤਿਆਰ ਕੀਤਾ ਗਿਆ ਚਾਰ ਹਫ਼ਤਿਆਂ ਦਾ ਨਿੱਜੀ ਸੰਪਰਕ ਪ੍ਰੋਗਰਾਮ (ਪੀ ਸੀ ਪੀ) ਸਮਾਪਤ ਕੀਤਾ। ਇਸ ਪ੍ਰੋਗਰਾਮ ਵਿੱਚ ਲਗਭਗ 150 ਉੱਘੇ ਸਟਾਫ਼ ਮੈਂਬਰਾਂ ਨੇ ਭਾਗ ਲਿਆ ਜਿਨ੍ਹਾਂ ਨੇ 331 ਕੋਰਸਾਂ ਵਿੱਚ ਇੰਟਰਐਕਟਿਵ ਅਤੇ ਪ੍ਰੈਕਟੀਕਲ ਸੈਸ਼ਨ ਕੀਤੇ। ਇਨ੍ਹਾਂ ਸੈਸ਼ਨਾਂ ਵਿੱਚ ਸਿਲੇਬਸ ਦੇ ਜ਼ਰੂਰੀ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਦਿਆਰਥੀ ਆਪਣੇ-ਆਪਣੇ ਵਿਸ਼ਿਆਂ ਦੀ ਪੂਰੀ ਸਮਝ ਪ੍ਰਾਪਤ ਕਰ ਸਕਣ।ਵੱਖ-ਵੱਖ ਭੂਗੋਲਿਕ ਸਥਾਨਾਂ ਤੋਂ ਆਏ ਹਜ਼ਾਰਾਂ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿੱਚ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ।ਭਾਗੀਦਾਰਾਂ ਨੇ ਪ੍ਰੋਗਰਾਮ ਦੇ ਮਿਸਾਲੀ ਅਧਿਆਪਨ ਮਿਆਰਾਂ ਅਤੇ ਵਿਦਿਆਰਥੀ-ਕੇਂਦ੍ਰਿਤ ਪਹੁੰਚ ਦੀ ਸ਼ਲਾਘਾ ਕੀਤੀ।ਇੱਕ ਐਮ ਬੀ ਏ ਵਿਦਿਆਰਥੀ ਨੇ ਕਿਹਾ, ਸਟਾਫ਼ ਦੇ ਗਿਆਨ ਦੀ ਡੂੰਘਾਈ, ਉਨ੍ਹਾਂ ਦੇ ਸ਼ਾਂਤ ਵਿਵਹਾਰ ਅਤੇ ਸ਼ਾਨਦਾਰ ਸੰਚਾਰ ਦੇ ਨਾਲ, ਸਿੱਖਣ ਦੇ ਅਨੁਭਵ ਨੂੰ ਆਰਾਮਦਾਇਕ ਅਤੇ ਭਰਪੂਰ ਬਣਾਇਆ। ਇੱਕ ਹੋਰ ਨੇ ਆਪਣਾ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ, ਸਟਾਫ਼ ਦੇ ਸਮਰਪਣ ਨੇ ਮੈਨੂੰ ਆਪਣੇ ਸਾਰੇ ਸ਼ੰਕੇ ਦੂਰ ਕਰਨ ਵਿੱਚ ਮਦਦ ਕੀਤੀ, ਜਿਸ ਨਾਲ ਮੇਰਾ ਆਤਮਵਿਸ਼ਵਾਸ ਅਤੇ ਪ੍ਰੀਖਿਆ ਦੀ ਤਿਆਰੀ ਵਿੱਚ ਬਹੁਤ ਵਾਧਾ ਹੋਇਆ। ਪੀ ਸੀ ਪੀ ਕਲਾਸਾਂ ਵਿੱਚ ਮੈਨੇਜਮੈਂਟ, ਕੰਪਿਊਟਰ ਐਪਲੀਕੇਸ਼ਨ, ਸੂਚਨਾ ਤਕਨਾਲੋਜੀ, ਵਣਜ, ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ, ਅਰਥ ਸ਼ਾਸਤਰ, ਸਿੱਖਿਆ, ਅੰਗਰੇਜ਼ੀ, ਹਿੰਦੀ, ਪੰਜਾਬੀ, ਇਤਿਹਾਸ, ਰਾਜਨੀਤੀ ਵਿਗਿਆਨ, ਮਨੋਵਿਗਿਆਨ ਅਤੇ ਸਮਾਜ ਸ਼ਾਸਤਰ ਦੇ ਵਿਸ਼ਿਆਂ ਵਿੱਚ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਡਿਗਰੀ ਅਤੇ ਡਿਪਲੋਮਾ ਪ੍ਰੋਗਰਾਮ ਸ਼ਾਮਲ ਸਨ। ਪੀ ਸੀ ਪੀ ਦੀ ਸਫਲਤਾ ਨੂੰ ਉਜਾਗਰ ਕਰਦੇ ਹੋਏ, ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਦੇ ਡਾਇਰੈਕਟਰ ਨੇ ਵਿੱਦਿਅਕ ਪਹਿਲਕਦਮੀਆਂ ਰਾਹੀਂ ਵਿਦਿਆਰਥੀਆਂ ਨੂੰ ਸਸ਼ਕਤ ਬਣਾਉਣ ਲਈ ਐਲ ਪੀ ਯੂ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਇਸ ਵੇਲੇ, ਐਮ.ਬੀ.ਏ., ਬੀ ਬੀ ਏ, ਡੀ.ਬੀ.ਏ., ਐਮ.ਸੀ.ਏ., ਬੀ.ਸੀ.ਏ., ਡੀ.ਸੀ.ਏ., ਐਮ.ਐਸ.ਸੀ. (ਆਈ.ਟੀ.), ਬੀ.ਐਸ.ਸੀ. (ਆਈ.ਟੀ.), ਐਮ.ਕਾਮ.,ਬੀ.ਕਾਮ., ਐਮ.ਏ. ਫਰਵਰੀ 2025 ਸੈਸ਼ਨ ਲਈ ਐਲਪੀਯੂ ਦੇ ਵੱਖ-ਵੱਖ ਔਨਲਾਈਨ ਸਿੱਖਿਆ ਪ੍ਰੋਗਰਾਮਾਂ ਵਿੱਚ ਦਾਖਲੇ ਖੁੱਲ੍ਹੇ ਹਨ ਜਿਨ੍ਹਾਂ ਵਿੱਚ ਬੀ.ਏ. (ਅਰਥਸ਼ਾਸਤਰ, ਸਿੱਖਿਆ, ਅੰਗਰੇਜ਼ੀ, ਹਿੰਦੀ, ਇਤਿਹਾਸ, ਗਣਿਤ, ਰਾਜਨੀਤੀ ਸ਼ਾਸਤਰ, ਸਮਾਜ ਸ਼ਾਸਤਰ, ਪੰਜਾਬੀ, ਮਨੋਵਿਗਿਆਨ), ਬੀ.ਏ.,ਐਮਐਲਆਈਐਸ, ਬੀਐਲਆਈਐਸ ਅਤੇ ਡੀਐਲਆਈਐਸ ਸ਼ਾਮਲ ਹਨ।

# ਅੰਗਰੇਜ਼ਣ ਮਾਂ ਪੰਜਾਬੀ ਪਤੀ ਵੱਲੋਂ ਅਗਵਾ ਕੀਤੇ ਪੁੱਤ ਨੂੰ ਲੱਭਦੀ ਪੁੱਜੀ ਪੰਜਾਬ

**ਮੋਹਾਲੀ (ਗੁਰਜੀਤ ਬਿੱਲਾ)**— ਇੱਕ ਕੈਨੇਡੀਅਨ ਮਾਂ ਕੈਮਿਲਾ ਵਿਲਾਸ ਆਪਣੇ 5 ਸਾਲ੍ਹਾ ਬੇਟੇ ਦੀ ਭਾਲ ਵਿਚ ਪੰਜਾਬ ਪਹੁੰਚੀ ਚੁੱਕੀ ਹੈ। ਉਸਦਾ ਪਤੀ ਭਾਰਤੀ ਮੂਲ ਦਾ ਕੈਨੇਡੀਅਨ ਨਾਗਰਿਕ ਹੈ। ਪਤੀ ਅਤੇ ਪਤਨੀ ਵਿਚਕਾਰ ਤਲਾਕ ਦਾ ਕੇਸ ਕੈਨੇਡੀਅਨ ਅਦਾਲਤ ਵਿਚ ਚੱਲ ਰਿਹਾ ਹੈ।ਮੋਹਾਲੀ ਪ੍ਰੈਸ ਕਲੱਬ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕੈਮਿਲਾ ਨੇ ਦਸਿਆ ਕਿ ਟੋਰਾਂਟੋ ਦੀ ਨਿਊ ਮਾਰਕੀਟ ਕੋਰਟ ਹਾਊਸ ਨੇ ਆਦੇਸ਼ ਦਿੱਤਾ ਸੀ ਕਿ ਬੀਤੀ 8 ਅਗਸਤ, 2024 ਨੂੰ ਉਸ ਦੇ ਪਤੀ ਕਪਿਲ ਸੂਨਕ ਨੇ ਬੱਚੇ ਵੇਲੈਂਟੀਨੋ ਦੇ ਨਾਲ ਅਦਾਲਤ ਵਿਚ ਪੇਸ਼ ਹੋਣਾ ਸੀ, ਪਰ ਉਸਨੇ ਆਪਣਾ ਘਰ ਅਤੇ ਕੰਪਨੀ ਸਿਰਫ ਇੱਕ ਡਾਲਰ ਵਿਚ ਵੇਚ ਕੇ ਬੱਚੇ ਨੂੰ ਅਗਵਾ ਕਰਕੇ ਭਾਰਤ ਆ ਗਿਆ।ਕੈਮਿਲਾ ਨੇ ਅੱਗੇ ਦੱਸਿਆ ਕਿ ਕਪਿਲ ਸੂਨਕ, ਪੰਜਾਬ ਦੇ ਕਸਬੇ ਖਰੜ ਵਿਚ ਇੱਕ ਘਰ ਖਰੀਦ ਕੇ ਰਹਿਣ ਲੱਗ ਪਿਆ ਪਰ ਕੈਨੇਡੀਅਨ ਅਦਾਲਤ ਦੇ ਜੱਜ ਡੌਰਿਓ ਨੇ ਉਸਦੇ ਗ੍ਰਿਫਤਾਰੀ ਵਾਰੰਟ 1 ਅਕਤੂਬਰ, 2024 ਨੂੰ ਜਾਰੀ ਕੀਤੇ ਅਤੇ ਇਸੇ ਦਿਨ ਹੀ ਇੰਟਰਪੋਲ ਨੇ ਮੈਂਬਰ ਮੁਲਕਾਂ ਨੂੰ ਸੂਚਿਤ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ।ਕੈਮਿਲਾ ਦੇ ਹਾਈ ਕੋਰਟ ਵਿਚ ਵਕੀਲ ਅਭਿਨਵ ਸੂਦ ਨੇ ਦੱਸਿਆ ਕਿ ਕਪਿਲ, ਭਾਰਤ ਵਿਚ 90-90 ਦਿਨ ਦੇ ਵਕਫੇ ਨਾਲ ਉਹ 6 ਮਹੀਨਿਆਂ ਤੋਂ ਵੱਧ ਨਹੀਂ ਰਹਿ ਸਕਦਾ ਪਰ ਕੈਨੇਡੀਅਨ ਨਾਗਰਿਕ ਬਿਨਾ ਵੀਜ਼ੇ ਤੋਂ ਕਰੀਬ 70 ਦੇਸ਼ਾਂ ਵਿਚ, ਬਗੈਰ ਵੀਜ਼ੇ ਦੇ ਦਾਖਲ ਹੋ ਸਕਦੇ ਹੈ, ਜਿਸ ਨੂੰ ਵੀਜ਼ਾ ਆਨ ਅਰਾਈਵਲ ਕਹਿੰਦੇ ਹਨ। ਐਡਵੋਕੇਟ ਸੂਦ ਨੇ ਸ਼ੱਕ ਜ਼ਾਹਿਰ ਕੀਤਾ ਕਿ ਉਹ ਭਾਰਤ ਛੱਡ ਕੇ ਕਿਸੇ ਹੋਰ ਮੁਲਕ ਵਿਚ ਜਾ ਸਕਦਾ ਹੈ।ਕੈਮਿਲਾ ਨੇ ਦੱਸਿਆ ਕਿ ਉਸਦੇ ਪਤੀ ਦੇ ਪਹਿਲਾਂ ਦੋ ਵਿਆਹ ਭਾਰਤੀ ਕੁੜੀਆਂ ਨਾਲ ਹੋਏ ਸਨ ਅਤੇ ਉਹ ਕਪਿਲ ਦੀ ਤੀਜੀ ਘਰਵਾਲੀ ਸੀ, ਜਿਸ ਨੂੰ ਕਿ ਉਸਨੇ ਮੈਟਰੀਮੋਨੀਅਲ ਵੈੱਬਸਾਈਟ ਉਤੇ ਵਿਆਹ ਦਾ ਪ੍ਰਸਤਾਵ ਦੇ ਕੇ ਅਤੇ ਵਿਆਹ ਕਰਵਾ ਕੇ ਕੈਨੇਡਾ ਲੈ ਆਇਆ। ਉਸਨੇ ਕਿਹਾ ਕਿ ਉਸਦਾ ਘਰਵਾਲਾ ਬੇਰਹਿਮ ਸੁਭਾਅ ਦਾ ਮਾਲਕ ਹੈ। ਉਹ ਉਸ ਨਾਲ ਕੁੱਟਮਾਰ ਕਰਦਾ ਸੀ ਅਤੇ ਬੱਚੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ।ਕੈਮਿਲਾ ਮੁਤਾਬਿਕ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਰਕਾਰ ਅਤੇ ਕਪਿਲ ਨੂੰ ਨੋਟਿਸ ਜਾਰੀ ਕਰਨ ਤੋਂ ਬਾਅਦ ਉਹ ਆਪਣੇ ਵਕੀਲ ਅਭਿਨਵ ਸੂਦ ਨਾਲ ਡੀਐਸਪੀ ਖਰੜ ਨੂੰ ਮਿਲੀ ਪਰ ਪੁਲਸ ਦੀ ਕਾਰਵਾਈ ਤੋਂ ਪਹਿਲਾਂ ਹੀ ਕਪਿਲ ਆਪਣੇ ਰਿਸ਼ਤੇਦਾਰਾਂ ਕੋਲ ਪਾਣੀਪਤ ਭੱਜ ਗਿਆ।ਕੈਮਿਲਾ ਨੇ ਦਸਿਆ ਕਿ ਉਹ ਪਾਣੀਪਤ ਵੀ ਗਈ ਅਤੇ ਪ੍ਰਸ਼ਾਸਨ ਨੂੰ ਮਿਲੀ। ਬਾਲ ਭਲਾਈ ਕਾਊਂਸਿਲ ਅਤੇ ਪੁਲਸ ਨੇ ਉਸਦੇ ਪਤੀ ਨੂੰ ਲੱਭ ਕੇ ਹਦਾਇਤ ਕੀਤੀ ਕਿ 17/2/2025 ਨੂੰ ਉਹ ਕਮੇਟੀ ਦੇ ਅਧਿਕਾਰੀਆਂ ਨਾਲ ਹਾਈ ਕੋਰਟ ਪੇਸ਼ ਹੋਵੇਗਾ।ਕੈਮਿਲਾ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਸਦੇ ਪਤੀ ਨੂੰ ਭਾਰਤ ਛੱਡ ਕੇ ਕਿਸੇ ਹੋਰ ਮੁਲਕ ਜਾਣ ਤੋਂ ਰੋਕਿਆ ਜਾਵੇ ਅਤੇ ਉਸਦੇ ਬੱਚੇ ਦਾ ਬਚਾਅ ਕੀਤਾ ਜਾਵੇ। ਨਾਲ ਹੀ ਕੈਮਿਲਾ ਨੇ ਹਾਈ ਕੋਰਟ ਨੂੰ ਵੀ ਅਪੀਲ ਕੀਤੀ ਕਿ ਉਸਦੇ ਮਾਮਲੇ 'ਤੇ ਛੇਤੀ ਕਾਰਵਾਈ ਕੀਤੀ ਜਾਵੇ।

# ਕੈਂਪ ਦੌਰਾਨ 450 ਮਰੀਜ਼ਾਂ ਦੀਆਂ ਅੱਖਾਂ ਦਾ ਹੋਇਆ ਚੈੱਕਅਪ



**ਫਗਵਾੜਾ (ਡਾ. ਰਮਨ)**- ਸਮਾਜ ਸੇਵੀ ਸੰਸਥਾ ਯੂਥ ਵਾਇਸ ਫਾਊਂਡੇਸ਼ਨ ਸੁਸਾਇਟੀ ਵਲੋਂ ਐਸ.ਐਨ.ਜੇ ਚੈਰੀਟੇਬਲ ਟਰੱਸਟ ਯੂ.ਕੇ. ਅਤੇ ਸ਼ੰਕਰਾ ਆਈ ਫਾਊਂਡੇਸ਼ਨ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਰਾਮਗੜ੍ਹੀਆ ਇੰਸਟੀਚਿਊਟ ਆਫ ਹੈਲਥ ਸਾਇੰਸ ਐਂਡ ਰਿਸਰਚ, ਸਤਨਾਮਪੁਰਾ ਵਿਖੇ ਅੱਖਾਂ ਦਾ ਤੀਸਰਾ ਫ੍ਰੀ ਚੈਕਅਪ ਅਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਜਥੇਬੰਦੀ ਦੇ ਪ੍ਰਧਾਨ ਗਗਨਦੀਪ ਸਿੰਘ ਢੱਟ ਦੀ ਅਗਵਾਈ ਹੇਠ ਆਯੋਜਿਤ ਕੈਂਪ ਦੌਰਾਨ ਮਾਹਰ ਡਾਕਟਰਾਂ ਦੀ ਟੀਮ ਨੇ ਕਰੀਬ 450 ਮਰੀਜ਼ਾਂ ਦੀਆਂ ਅੱਖਾਂ ਦਾ ਚੈਕਅਪ ਕੀਤਾ ਅਤੇ 90 ਮੋਤੀਆਬਿੰਦ ਦੇ ਮਰੀਜ਼ਾਂ ਨੂੰ ਆਪ੍ਰੇਸ਼ਨ ਲਈ ਚੁਣਿਆ ਗਿਆ। ਜਿਨ੍ਹਾਂ ਦੀਆਂ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕਰਵਾ ਕੇ ਲੈਂਜ਼ ਪਾਏ ਜਾਣਗੇ। ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਅਤੇ ਡਾਇਰੈਕਟਰ ਵਿਓਮਾ ਭੋਗਲ ਢੱਟ ਨੇ ਸਾਂਝੇ ਤੌਰ 'ਤੇ ਕੀਤਾ। ਉਨ੍ਹਾਂ ਨਾਲ ਐਸ. ਐਨ. ਜੇ. ਚੈਰੀਟੇਬਲ ਟਰੱਸਟ ਯੂ.ਕੇ ਤੋਂ ਨੀਨਾ ਜੁਲਕਾ, ਹੇਮੰਤ ਮਰਵਾਹਾ, ਅਨੂ ਜੋਸ਼ੀ ਤੇ ਜੈਨੀ ਮਰਫੀ ਵਿਸ਼ੇਸ਼ ਮਹਿਮਾਨਾਂ ਵਜੋਂ ਮੌਜੂਦ ਰਹੇ। ਫਾਊਂਡੇਸ਼ਨ ਦੇ ਪ੍ਰਧਾਨ ਗਗਨਦੀਪ ਸਿੰਘ ਢੱਟ ਨੇ ਦੱਸਿਆ ਕਿ ਯੂਥ ਵਾਇਸ ਫਾਊਂਡੇਸ਼ਨ ਸੁਸਾਇਟੀ ਪਿਛਲੇ ਚਾਰ ਸਾਲਾਂ ਤੋਂ ਸਿੱਖਿਆ, ਸਿਹਤ, ਕੰਪਿਊਟਰ ਕੋਰਸ ਪ੍ਰੋਗਰਾਮ ਅਤੇ ਲੋੜਵੰਦ ਪਰਵਾਰਾਂ ਨੂੰ ਭੋਜਨ ਵਰਗੇ ਬਹੁਤ ਸਾਰੇ ਖੇਤਰਾਂ ਵਿੱਚ ਸਰਗਰਮੀ ਨਾਲ ਕੰਮ ਕਰ ਰਹੀ ਹੈ। ਸੁਸਾਇਟੀ ਵਲੋਂ ਮੁੱਖ ਮਹਿਮਾਨ ਅਤੇ ਪਤਵੰਤਿਆਂ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਸੀ.ਐਲ.ਗੌਤਮ, ਗੁਰਵਿੰਦਰ ਬਾਹੜਾ, ਵਿਕਰਮ ਧੀਮਾਨ, ਜਸਕੀਰਤ ਤੂਰ, ਨੰਦ ਸੋਨੀ ਅਤੇ ਰਮਨ ਨਹਿਰਾ ਆਦਿ ਵੀ ਹਾਜ਼ਰ ਸਨ।

9-Feb-PAGE-9.qxd 2/9/2025 10:42 PM Page 1



# ਦਿੱਲੀ 'ਚ 'ਆਪ' ਦੀ ਹਾਰ ਨਾਲ ਪੰਜਾਬ 'ਚ ਕਾਂਗਰਸ ਦੀ ਵਾਪਸੀ ਦਾ ਰਸਤਾ ਹੋਇਆ ਸਾਫ਼ : ਧੀਮਾਨ

**ਫਗਵਾੜਾ ( ਡਾ. ਰਮਨ)** ਦਿੱਲੀ ਵਿਚ ਅਰਵਿੰਦ ਕੇਜਰੀਵਾਲ ਸਮੇਤ ਆਮ ਆਦਮੀ ਪਾਰਟੀ ਦੇ ਦਿੱਗਜ ਆਗੂਆਂ ਦੀ ਕਰਾਰੀ ਹਾਰ 'ਤੇ ਤਿੱਖੀ ਟਿੱਪਣੀ ਕਰਦਿਆਂ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਜਨਰਲ ਸਕੱਤਰ ਅਕਸ਼ੇ ਕੁਮਾਰ ਧੀਮਾਨ ਨੇ ਅੱਜ ਕਿਹਾ ਕਿ ਆਪ-ਮੁਹਾਰੇ ਕੱਟੜ ਇਮਾਨਦਾਰ ਅਖਵਾਉਣ ਵਾਲੇ ਅਰਵਿੰਦ ਕੇਜਰੀਵਾਲ ਦਾ ਚਿਹਰਾ ਦਿੱਲੀ 'ਚ ਲੋਕਾਂ ਸਾਹਮਣੇ ਨੰਗਾ ਹੋ ਗਿਆ ਹੈ। ਹੁਣ ਪੰਜਾਬ ਦੇ ਲੋਕ ਵੀ ਇਸ ਪਾਰਟੀ ਨੂੰ ਦਿੱਲੀ ਵਾਂਗ ਹੀ ਸੱਤਾ ਤੋਂ ਬੇਦਖਲ ਕਰਨ ਲਈ ਬੇਤਾਬ ਹਨ।ਜੇਕਰ ਅੱਜ ਪੰਜਾਬ ਵਿੱਚ ਚੋਣਾਂ ਹੋ ਜਾਣ ਤਾਂ ਜਿਸ ਤਰ੍ਹਾਂ ਦਿੱਲੀ ਦੇ ਲੋਕਾਂ ਨੇ 'ਝਾੜੂ' ਚੋਣ ਨਿਸ਼ਾਨ ਨੂੰ ਕੱਖ ਪਾਇਆ ਹੈ, ਪੰਜਾਬ ਦੇ ਲੋਕ ਹਮੇਸ਼ਾ ਲਈ ਦਫ਼ਨ ਕਰਕੇ ਹੀ ਛੱਡਣਗੇ। ਅਕਸ਼ੇ ਧੀਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾ ਕੇ ਦਿੱਲੀ ਦੀ ਸੱਤਾ ਵਿੱਚ ਆਈ ਸੀ, ਪਰ ਮੁੱਖ ਮੰਤਰੀ ਕੇਜਰੀਵਾਲ ਸਮੇਤ ਇਸ ਦੇ ਕਈ ਸੀਨੀਅਰ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਘਿਰੇ ਮਹੀਨਿਆਂ ਤੱਕ ਸਲਾਖਾਂ ਪਿੱਛੇ ਰਹੇ ਹਨ। ਪੰਜਾਬ ਵਿੱਚ ਵੀ 'ਆਪ' ਪਾਰਟੀ ਨੇ ਝੂਠ ਬੋਲ ਕੇ ਸੱਤਾ ਤਾਂ ਹਾਸਲ ਕੀਤੀ ਹੈ ਪਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ।ਔਰਤਾਂ ਨੂੰ ਹਜ਼ਾਰ ਰੁਪਏ ਦੇਣ ਦਾ ਮਾਮਲਾ ਹੋਵੇ ਜਾਂ ਫਿਰ ਨਸ਼ਾ ਖ਼ਤਮ ਕਰਨ ਦਾ, ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਤੋਂ ਲੈ ਕੇ ਇਸ ਪਾਰਟੀ ਦੇ ਸਾਰੇ ਵੱਡੇ ਆਗੂ ਤੇ ਵਰਕਰ ਸਿਰਫ਼ ਝੂਠ ਦੀ ਦੁਕਾਨ ਹੀ ਚਲਾਉਂਦੇ ਹਨ। ਪੰਜਾਬ ਅੱਜ ਵੀ ਨਸ਼ਿਆਂ, ਮਾਫੀਆ, ਗੈਂਗਸਟਰਾਂ ਅਤੇ ਚੋਰੀਆਂ, ਡਕੈਤੀਆਂ, ਲੁੱਟਾਂ-ਖੋਹਾਂ ਅਤੇ ਕਤਲਾਂ ਦੀ ਮਾਰ ਝੱਲ ਰਿਹਾ ਹੈ।ਇਸ ਲਈ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ 'ਆਪ' ਦੀ ਪੰਜਾਬ 'ਚੋਂ ਵਿਦਾਈ ਅਤੇ ਕਾਂਗਰਸ ਦੀ ਵਾਪਸੀ ਤੈਅ ਹੈ।ਇਸ ਮੌਕੇ ਉਨ੍ਹਾਂ ਨਾਲ ਮੁਕੇਸ਼ ਭਾਟੀਆ, ਅਗਮ ਪਰਾਸ਼ਰ, ਬੰਬੀ ਵੋਹਰਾ, ਜੱਸੀ, ਸੰਜੀਵ, ਟੀਟੂ ਆਦਿ ਹਾਜ਼ਰ ਸਨ।



# ਸਾਹਨੀ 'ਚ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਸਾਲਾਨਾ ਗਿਆਰ੍ਹਵੀਂ ਉਰਸ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ )** ਨੂਰ-ਏ-ਖ਼ੁਦਾ ਦਰਬਾਰ ਬਾਬਾ ਮੰਗੂ ਸ਼ਾਹ ਪਿੰਡ ਸਾਹਨੀ (ਤਹਿ.ਫਗਵਾੜਾ) ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦੋ ਰੋਜ਼ਾ ਸਾਲਾਨਾ ਗਿਆਰ੍ਹਵੀਂ ਉਰਸ ਦਰਬਾਰ ਦੇ ਗੱਦੀ ਨਸ਼ੀਨ ਸਾਂਈ ਕਰਨੈਲ ਸ਼ਾਹ ਦੀ ਅਗਵਾਈ ਹੇਠ ਪ੍ਰਬੰਧਕ ਕਮੇਟੀ ਵਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਪਹਿਲੇ ਦਿਨ ਸ਼ਾਮ ਸਮੇਂ ਚਰਾਗ਼ ਅਤੇ ਰਾਤ ਨੂੰ ਮਹਿੰਦੀ ਦੀ ਰਸਮ ਅਦਾ ਕੀਤੀ ਗਈ। ਦੂਸਰੇ ਦਿਨ ਸਵੇਰੇ 10 ਵਜੇ ਝੰਡੇ ਅਤੇ ਚਾਦਰ ਦੀ ਰਸਮ ਉਪਰੰਤ ਸਾਂਈ ਕਰਨੈਲ ਸ਼ਾਹ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਜਿਸ ਤੋਂ ਬਾਅਦ ਦੁਪਹਿਰ 1 ਵਜੇ ਸੰਗਤਾਂ 'ਚ ਕੜੀ ਦਾ ਪ੍ਰਸ਼ਾਦ ਸੇਵਾਦਾਰਾਂ ਵਲੋਂ ਸ਼ਰਧਾ ਪੂਰਵਕ ਵੰਡਿਆ ਗਿਆ। ਇਸ ਤੋਂ ਇਲਾਵਾ ਚਾਹ ਪਕੌੜੇ ਅਤੇ ਲੰਗਰ ਦੀ ਸੇਵਾ ਵੀ ਅਟੁੱਟ ਵਰਤਾਈ ਗਈ। ਰਾਤ ਨੂੰ ਮਹਿਫ਼ਲ-ਏ-ਕੱਵਾਲ ਸਜਾਈ ਗਈ। ਜਿਸ ਵਿੱਚ ਨਾਮਵਰ ਕੱਵਾਲ ਪਾਰਟੀਆਂ ਨੇ ਸੂਫ਼ੀਆਨਾ ਕਲਾਮ ਪੇਸ਼ ਕਰਦਿਆਂ ਮਹਿਫਿਲ ਨੂੰ ਰੂਹਾਨੀ ਰੰਗ ਵਿਚ ਰੰਗਿਆ। ਇਸ ਮੌਕੇ ਬਾਬਾ ਮਲੰਗ ਸਾਹਨੀ, ਬਾਬਾ ਧੰਨਾ, ਬਾਬਾ ਭਾਰਤੀ, ਸਵਾਮੀ ਪਰਮਾਨੰਦ ਆਨੰਦ, ਰੇਖਾ ਸਵਾਮੀ, ਬੀਬੀ ਹਰਬੰਸ ਕੌਰ ਕੋਟ ਫਤੂਹੀ, ਬਾਬਾ ਸੁਰਿੰਦਰ ਕੁਮਾਰ ਫਗਵਾੜਾ, ਬਾਬਾ ਚਮਨ ਲਾਲ ਜਗਪਾਲਪੁਰ, ਬਾਬਾ ਰੇਸ਼ਮ ਸਿੰਘ, ਬਾਬਾ ਦਰਸ਼ਨ ਸਿੰਘ, ਬਾਬਾ ਗੁਰਬਚਨ ਲਾਲ, ਸਰਪੰਚ ਬੀਬੀ ਬਲਜਿੰਦਰ ਬਾਂਸਲ ਪਤਨੀ ਸੁਖਦੇਵ ਸਿੰਘ ਬਾਂਸਲ, ਮੇਜਰ ਸਿੰਘ, ਸਤਨਾਮ ਸਿੰਘ, ਰਾਮ ਸ਼ਰਨ, ਦਵਿੰਦਰ ਸਿੰਘ, ਮਨਿੰਕਾ ਸ਼ਰਮਾ, ਰਾਜਵਿੰਦਰ ਕੌਰ, ਜਸਵਿੰਦਰ ਕੌਰ, ਅਮਰੀਕ ਸਿੰਘ ਮੀਕਾ, ਮੇਜਰ ਸਿੰਘ, ਹਰਵਿੰਦਰ ਸਿੰਘ ਸਨੀ, ਗੁਰਵਿੰਦਰ ਸਿੰਘ ਗੋਪੀ, ਜੁਗਰਾਜ ਸਿੰਘ ਸਪੇਨ, ਹਰਦੀਪ ਸਿੰਘ, ਕਮਲਜੀਤ ਸਿੰਘ ਕੰਬਾ ਪ੍ਰੇਮਪੁਰ, ਰਾਜੂ ਢੇਲੀ, ਗੁਰਪ੍ਰੀਤ ਕੌਰ, ਸੂਬਾ ਸਿੰਘ ਸਾਹਨੀ, ਰਾਜਾ ਸਾਹਨੀ, ਰਣਜੀਤ ਸਿੰਘ ਕਾਹਲੋਂ, ਸਨੀ ਸਾਹਨੀ ਆਦਿ ਹਾਜ਼ਰ ਸਨ।

# ਕਰਾਟੇ ਚੈਂਪੀਅਨਸ਼ਿਪ 'ਚ ਪੀ ਐਮ ਸ੍ਰੀ ਲੰਗੜੋਆ ਸਕੂਲ ਮੋਹਰੀ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਨਵਾਂਸ਼ਹਿਰ ਦੇ ਜੇ ਐਸ ਐਫ ਐਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਜ਼ਿਲ੍ਹਾ ਪੱਧਰੀ ਰਾਣੀ ਲਕਸ਼ਮੀ ਬਾਈ ਕਰਾਟੇ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿੱਚ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ ਦੀਆਂ ਟੀਮਾਂ ਮੋਹਰੀ ਰਹੀਆਂ। ਜਾਣਕਾਰੀ ਦਿੰਦੇ ਹੋਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਕੰਪਿਊਟਰ ਟੀਚਰ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੀ ਇਸ ਕਰਾਟੇ ਪ੍ਰਤੀਯੋਗਤਾ ਵਿੱਚ 45 ਕਿਲੋ ਭਾਰ ਵਰਗ ਵਿੱਚ ਵਿਦਿਆਰਥਣ ਮਨੀਸ਼ਾ ਨੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ 40 ਕਿਲੋ ਭਾਰ ਵਰਗ ਵਿੱਚ ਵਿਦਿਆਰਥਣ ਪਲਕ ਨੇ ਜ਼ਿਲ੍ਹਾ ਪੱਧਰੀ ਕਰਾਟੇ ਚੈਂਪੀਅਨਸ਼ਿਪ ਵਿੱਚ ਦੂਸਰਾ ਸਥਾਨ ਹਾਸਿਲ ਕੀਤਾ।ਜੇਤੂ ਵਿਦਿਆਰਥਣਾਂ ਨੂੰ ਮੈਡਲ 'ਤੇ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਵੱਲੋਂ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ ਦੇ ਪ੍ਰਿੰਸੀਪਲ ਡਾਕਟਰ ਸੁਰਿੰਦਰ ਪਾਲ ਅਗਨੀਹੋਤਰੀ ਨੇ ਜੇਤੂ ਵਿਦਿਆਰਥਣਾਂ ਦੀ ਇਸ ਉਪਲਬਧੀ ਲਈ ਹੌਸਲਾ ਅਫ਼ਜ਼ਾਈ ਕੀਤੀ ਅਤੇ ਸ਼ੁਭ ਇੱਛਾਵਾਂ ਦਿੱਤੀਆਂ।ਇਸ ਮੌਕੇ ਸੰਸਥਾ ਦੀ ਪੰਜਾਬੀ ਮਿਸਟ੍ਰੈਸ ਰਵਿੰਦਰ ਕੌਰ ਅਤੇ ਜ਼ਿਲ੍ਹਾ ਪ੍ਰਬੰਧਕ ਕਮੇਟੀ ਦੇ ਮੈਂਬਰ ਪ੍ਰਿੰਸੀਪਲ ਦਲਜੀਤ ਸਿੰਘ ਬੋਲਾ,ਖੇਡ ਕੋਆਰਡੀਨੇਟਰ ਦਵਿੰਦਰ ਕੌਰ ਤੋਂ ਇਲਾਵਾ ਵੱਖ ਵੱਖ ਸਕੂਲਾਂ ਦੇ ਵਿਦਿਆਰਥੀ ਤੇ ਅਧਿਆਪਕ ਆਦਿ ਹਾਜ਼ਰ ਸਨ।



# ਸੈਕੰਡਰੀ ਸਕੂਲ 'ਚ ਮਾਪੇ-ਅਧਿਆਪਕ ਮੀਟਿੰਗ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਸੈਕੰਡਰੀ ਸਕੂਲ (ਲੜਕੀਆਂ) ਵਿੱਚ ਮਾਪੇ ਅਧਿਆਪਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਦੁਆਰਾ ਤਿਆਰ ਕੀਤੇ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਗਈ। ਜਿਸਦੀ ਸਾਰੇ ਮਾਪਿਆਂ ਨੇ ਬਹੁਤ ਪ੍ਰਸ਼ੰਸਾ ਕੀਤੀ। ਇਸ ਦੌਰਾਨ ਪ੍ਰਿੰਸੀਪਲ ਬਲਜਿੰਦਰ ਸਿੰਘ ਨੇ ਦੱਸਿਆ ਕਿ ਅਧਿਆਪਕ-ਮਾਪੇ ਮੀਟਿੰਗ ਵਿੱਚ ਸਾਰੇ ਵਿਦਿਆਰਥੀਆਂ ਦੇ ਮਾਪਿਆਂ ਨੇ ਸ਼ਿਰਕਤ ਕੀਤੀ ਅਤੇ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਬਾਰੇ ਪੁੱਛਿਆ ਤੇ ਜਾਣਕਾਰੀ ਪ੍ਰਾਪਤ ਕੀਤੀ। ਇਸ ਦੌਰਾਨ ਸਮੂਹ ਨੇ ਮਾਪਿਆਂ ਨੂੰ ਵਿਗਿਆਨ, ਸਮਾਜਿਕ ਸਿੱਖਿਆ, ਹਿੰਦੀ, ਪੰਜਾਬੀ, ਅੰਗਰੇਜ਼ੀ ਆਦਿ ਦੇ ਸਾਰੇ ਵਿਸ਼ਿਆਂ 'ਤੇ ਭਵਿੱਖ ਦੀ ਯੋਜਨਾਬੰਦੀ ਲਈ ਪ੍ਰੇਰਿਤ ਕੀਤਾ, ਉਨ੍ਹਾਂ ਤੇ ਭਵਿੱਖ ਲਈ ਮੈਡੀਕਲ, ਇੰਜੀਨੀਅਰਿੰਗ ਖੇਤਰਾਂ ਦੀਆਂ ਯੋਗਤਾਵਾਂ ਦੇ ਨਾਲ ਆਉਣ ਲਈ ਸਭ ਤੋਂ ਵਧੀਆ ਪੇਸ਼ੇਵਰ ਕਾਲਜਾਂ ਦੀ ਚੋਣ ਕੀਤੀ। ਮਾਪਿਆਂ ਨੇ ਵੀ ਕਿਤਾਬਾਂ ਦੇ ਸਟਾਲ ਦਾ ਆਨੰਦ ਮਾਣਿਆ ਅਤੇ ਪੜ੍ਹਨ ਲਈ ਬਹੁਤ ਸਾਰੀਆਂ ਕਿਤਾਬਾਂ ਖਰੀਦੀਆਂ।



# ਦਿੱਲੀ ਚੋਣਾਂ 'ਚ ਮੋਦੀ ਦੀ ਅਗਵਾਈ ਹੇਠ ਜਨਤਾ ਦੀ ਮੋਹਰ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦਿੱਲੀ ਦੀ ਜਨਤਾ ਦਾ ਅਭਿਨੰਦਨ ਵਿਅਕਤ ਕਰਦੇ ਹੋਏ ਕਿਹਾ ਕਿ ਦਿੱਲੀ ਦੀ ਜਨਤਾ ਨੇ ਭਾਜਪਾ ਨੂੰ ਸਪੱਸ਼ਟ ਜਨਾਦੇਸ਼ ਦੇ ਕੇ ਦਿੱਲੀ ਵਿਚ ਕਮਲ ਖਿਲਾ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ, ਸਮਾਜਿਕ ਭਲਾਈ ਦੀ ਗਾਰੰਟੀਆਂ 'ਤੇ ਮੋਹਰ ਲਗਾਈ ਹੈ। ਭਾਜਪਾ ਦੀ ਜਿੱਤ ਨੂੰ ਉਸ ਦਾ ਮਾਣ ਅਤੇ ਸਨਮਾਨ ਵਾਪਸ ਦਿਵਾਏਗੀ। ਇਹ ਚੋਣ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਮਰੱਥ ਅਤੇ ਦੂਰਦਰਸ਼ੀ ਅਗਵਾਈ 'ਤੇ ਜਨਤਾ ਦੀ ਮੋਹਰ ਸਾਬਿਤ ਹੋਈ।ਸ੍ਰੀ ਸੈਣੀ ਨੇ ਆਮ ਆਦਮੀ ਪਾਰਟੀ 'ਤੇ ਕਟਾਕਸ਼ ਕਰਦੇ ਹੋਏ ਕਿਹਾ ਕਿ ਦਿੱਲੀ ਦੀ ਜਨਤਾ ਨੇ ਆਪ-ਦਾ ਦੀ ਗਲਤ ਨੀਤੀਆਂ ਦਾ ਜਵਾਬ ਦੇ ਕੇ ਭਾਜਪਾ ਦੀ ਜਨਭਲਾਈਕਾਰੀ ਨੀਤੀਆਂ 'ਤੇ ਭਰੋਸਾ ਜਤਾਇਆ ਹੈ। ਉਨ੍ਹਾਂ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਹਰਿਆਣਾ ਦੀ ਮਿੱਟੀ ਨੂੰ ਅਪਮਾਨਿਤ ਕਰਨ ਦਾ ਕੰਮ ਕੀਤਾ, ਉਹ ਜਦੋਂ ਹਰਿਆਣਾ ਦੇ ਨਹੀਂ ਹੋਏ ਤਾਂ ਦਿੱਲੀ ਦੇ ਕਿਵੇਂ ਹੁੰਦੇ।ਉਨ੍ਹਾਂ ਨੇ ਕਿਹਾ ਕਿ ਪਿਛਲੇ ਦਸ ਸਾਲਾਂ ਵਿਚ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਦੇਸ਼ ਨੇ ਇਤਿਹਾਸਿਕ ਉਪਲਬਧੀਆਂ ਹਾਸਲ ਕੀਤੀਆਂ ਹਨ, ਜਿਸ ਨਾਲ ਭਾਰਤ ਵਿਸ਼ਵ ਸ਼ਕਤੀ ਬਣ ਉਭਰ ਰਿਹਾ ਹੈ। ਦਿੱਲੀ 'ਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਨ 'ਤੇ ਹੁਣ ਇਹ ਯਕੀਨੀ ਹੋਵੇਗਾ ਕਿ ਕੇਂਦਰ ਦੀਆਂ ਸਾਰੀਆਂ ਯੋਜਨਾਵਾਂ ਦਾ ਲਾਭ ਪੂਰੀ ਪਾਰਦਰਸ਼ਿਤਾ ਨਾਲ ਜਨਤਾ ਤੱਕ ਪਹੁੰਚੇ। ਉਨ੍ਹਾਂ ਨੇ ਕਿਹਾ ਕਿ ਹੁਣ ਭਾਜਪਾ ਦੇ ਸੱਤਾ ਵਿਚ ਆਉਣ 'ਤੇ ਦਿੱਲੀ ਨੂੰ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ , ਬਿਹਤਰ ਟ੍ਰਾਂਸਪੋਰਟ, ਸਾਫ ਜਲ ਸਪਲਾਈ ਅਤੇ ਮਜ਼ਬੂਤ ਸਿਹਤ ਸਹੂਲਤਾਂ ਦਾ ਲਾਭ ਮਿਲੇਗਾ।

# ਪਿੰਡਾਂ ਦੇ ਵਿਕਾਸ ਸੰਬੰਧੀ ਹਰ ਪਹਿਲੂ 'ਤੇ ਕੀਤੀ ਵਿਚਾਰ ਚਰਚਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)**— ਪੰਜਾਬ ਵਿਧਾਨ ਸਭਾ ਦੀ ਪੰਚਾਇਤੀ ਰਾਜ ਇਕਾਈਆਂ ਸੰਬੰਧੀ ਕਮੇਟੀ ਵੱਲੋਂ ਪੰਜਾਬ ਵਿਧਾਨ ਸਭਾ ਦੇ ਪੰਜਾਬੀ ਰਿਜਨਲ ਹਾਲ ਵਿੱਚ ਸਪੀਕਰ, ਪੰਜਾਬ ਵਿਧਾਨ ਸਭਾ ਦੀ ਪ੍ਰਧਾਨਗੀ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਕਮੇਟੀ ਦੇ ਸਭਾਪਤੀ



ਪ੍ਰਿੰਸੀਪਲ ਬੁੱਧ ਰਾਮ ਦੀ ਅਗਵਾਈ ਵਿੱਚ ਹੋਈ। ਇਸ ਮੀਟਿੰਗ ਵਿੱਚ ਕਮੇਟੀ ਦੇ ਮੈਂਬਰ ਕੁਲਜੀਤ ਸਿੰਘ ਰੰਧਾਵਾ, ਅੰਮ੍ਰਿਤਪਾਲ ਸਿੰਘ ਸੁੱਖਾਨੰਦ, ਲਾਭ ਸਿੰਘ ਉਗੋਕੇ, ਜਸਵਿੰਦਰ ਸਿੰਘ ਰਮਦਾਸ, ਸੁਖਵਿੰਦਰ ਸਿੰਘ ਕੋਟਲੀ, ਰੁਪਿੰਦਰ ਸਿੰਘ ਹੈਪੀ, ਨਰੇਸ਼ ਕਟਾਰੀਆ ਸ਼ਾਮਲ ਹੋਏ।ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿੱਚ ਇਹ ਪਹਿਲੀ ਮੀਟਿੰਗ ਸੀ ਜਿਸ ਵਿੱਚ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ, ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਦੇ ਉਚ ਅਧਿਕਾਰੀ ਜਿਸ ਵਿੱਚ ਦਿਲਰਾਜ ਸਿੰਘ ਪ੍ਰਬੰਧਕੀ ਸਕੱਤਰ, ਪਰਮਜੀਤ ਸਿੰਘ ਡਾਇਰੈਕਟਰ, ਵਿਭਾਗ ਦੇ ਚੀਫ ਇੰਜੀਨੀਅਰ, ਸਾਰੇ ਨਿਗਰਾਨ ਇੰਜੀਨੀਅਰ, ਸਾਰੇ ਕਾਰਜਕਾਰੀ ਇੰਜੀਨੀਅਰ, ਰਾਜ ਦੇ ਸਮੂਹ ਏ.ਡੀ.ਸੀਜ਼ (ਵਿਕਾਸ), ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਕੋਰ ਅਤੇ ਐਕਸ ਦੇ ਸੀਨੀਅਰ ਅਧਿਕਾਰੀ ਵੀ ਸ਼ਾਮਲ ਹੋਏ।ਤਕਰੀਬਨ ਸਾਢੇ ਤਿੰਨ ਘੰਟੇ ਚਲੀ ਇਸ ਮੀਟਿੰਗ ਵਿੱਚ ਪਿੰਡਾਂ ਦੇ ਵਿਕਾਸ ਸੰਬੰਧੀ ਹਰ ਪਹਿਲੂ ਖਾਸ ਕਰਕੇ ਮਗਨਰੇਗਾ ਸਕੀਮ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਸਰਪੰਚਾਂ ਦੇ ਕੰਮਾਂ, ਪਿੰਡਾਂ ਦੇ ਵਿਕਾਸ ਕਾਰਜਾਂ ਅਤੇ ਆਡਿਟ ਪੈਰਿਆਂ ਦੀ ਪੈਂਡੈਂਸੀ ਖਤਮ ਕਰਨ ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਹੋਇਆ । ਕਮੇਟੀ ਵੱਲੋਂ ਵਿਭਾਗ ਨੂੰ ਇਨ੍ਹਾਂ ਦੇ ਲਾਗੂ ਹੋਣ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਢੁਕਵੀਆਂ ਸਿਫਾਰਸ਼ਾਂ ਵੀ ਕੀਤੀਆਂ ਗਈਆਂ । ਕਮੇਟੀ ਵਲੋਂ ਰਿਪੋਰਟ ਆਗਾਮੀ ਬਜਟ ਸੈਸ਼ਨ ਵਿੱਚ ਪੇਸ਼ ਕੀਤੀ ਜਾਵੇਗੀ। ਇਸ ਮੌਕੇ 'ਤੇ ਤਰੁਣਪ੍ਰੀਤ ਸਿੰਘ ਸੌਂਦ ਨੇ ਵਿਭਾਗ ਦੀ ਕਾਰਗੁਜ਼ਾਰੀ ਤੇ ਆਪਣੇ ਵਿਚਾਰ ਪੇਸ਼ ਕੀਤੇ । ਵਿਭਾਗੀ ਅਧਿਕਾਰੀਆਂ ਨੇ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਨ ਵਿੱਚ ਕੋਈ ਕਸਰ ਨਹੀਂ ਛੱਡਣਗੇ ।

# ਪੀ ਐੱਸ ਪੀ ਸੀ ਐੱਲ ਦਾ ਕਰਮਚਾਰੀ 2000 ਰੁਪਏ ਰਿਸ਼ਵਤ ਲੈਂਦਾ ਕਾਬੂ

**ਜਲੰਧਰ ( ਇਕਬਾਲ ਸਿੰਘ ਉਭੀ)**- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਦੇ ਦਫ਼ਤਰ ਪਿੰਡ ਬਜ਼ਿਗ, ਜਲੰਧਰ ਛਾਉਣੀ ਵਿੱਚ ਤਾਇਨਾਤ ਸ਼ਿਕਾਇਤ ਸੰਭਾਲ ਸ਼ਾਖਾ (ਸੀਐਚਬੀ) ਦੇ ਸਹਾਇਕ ਚਰਨਜੀਤ ਸਿੰਘ ਨੂੰ 2000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ। ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਸੈਨਿਕ ਵਿਹਾਰ, ਪਿੰਡ ਦਿੱਲਵਾਂ ਜ਼ਿਲ੍ਹਾ ਜਲੰਧਰ ਦੇ ਵਸਨੀਕ ਰਾਕੇਸ਼ ਕੁਮਾਰ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਕਤ ਮੁਲਜ਼ਮ ਨੇ ਜਲੰਧਰ ਦੀ ਰੇਲ ਕਲੋਨੀ ਪਿੰਡ ਬਜ਼ਿਗ ਵਿੱਚ ਉਸਦੀ ਰਿਸ਼ਤੇਦਾਰ ਦੇ ਘਰ ਘਰੇਲੂ ਬਿਜਲੀ ਸਪਲਾਈ ਲਈ ਨਵਾਂ ਮੀਟਰ ਲਗਾਉਣ ਬਦਲੇ ਸਬੰਧਤ ਜੂਨੀਅਰ ਇੰਜੀਨੀਅਰ (ਜੇਈ) ਸੁਰਜੀਤ ਸਿੰਘ ਖਾਤਰ 5000 ਰੁਪਏ ਅਤੇ ਆਪਣੇ ਲਈ 500 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਨੇ ਇਹ ਵੀ ਦੱਸਿਆ ਕਿ ਉਕਤ ਮੁਲਜ਼ਮ ਸੀਐਚਬੀ ਨੇ 31-01-2025 ਨੂੰ ਉਸ ਘਰ ਵਿੱਚ ਬਿਜਲੀ ਦਾ ਮੀਟਰ ਲਗਾਉਣ ਮੌਕੇ ਉਸ ਕੋਲੋਂ 3500 ਰੁਪਏ ਲੈ ਲਏ ਅਤੇ ਬਾਕੀ ਰਕਮ ਬਾਅਦ ਵਿੱਚ ਅਦਾ ਕਰਨ ਲਈ ਕਿਹਾ।ਹੁਣ ਉਕਤ ਮੁਲਜ਼ਮ ਸ਼ਿਕਾਇਤਕਰਤਾ ਅਤੇ ਖਪਤਕਾਰ ਨੂੰ 2000 ਰੁਪਏ ਬਕਾਇਆ ਰਕਮ ਦੀ ਮੰਗ ਕਰ ਰਿਹਾ ਹੈ ਅਤੇ ਧਮਕੀ ਦੇ ਰਿਹਾ ਹੈ ਕਿ ਨਹੀਂ ਤਾਂ ਉਹ ਮੀਟਰ ਲਾਹਿਆ ਜਾ ਸਕਦਾ ਹੈ।ਬੁਲਾਰੇ ਨੇ ਦੱਸਿਆ ਕਿ ਉਸਦੀ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਜਲੰਧਰ ਰੇਂਜ ਦੀ ਵਿਜੀਲੈਂਸ ਬਿਊਰੋ ਟੀਮ ਨੇ ਜਾਲ ਵਿਛਾਇਆਜਿਸ ਦੌਰਾਨ ਮੁਲਜ਼ਮ ਸੀਐਚਬੀ ਸਹਾਇਕ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 2000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# ਇੰਸਪੈਕਟਰ ਬਲਜੀਤ ਸਿੰਘ ਹੁੰਦਲ ਦਾ ਕੀਤਾ ਸਵਾਗਤ

**ਮਹਿਤਪੁਰ (ਜਗਤਾਰ ਸਿੰਘ ਭੁੰਗਰਨੀ)** ਏਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਵੱਲੋਂ ਇੰਸਪੈਕਟਰ ਬਲਜੀਤ ਸਿੰਘ ਹੁੰਦਲ ਦਾ ਐਸ.ਐਚ.ਓ.ਥਾਣਾ ਮਹਿਤਪੁਰ ਦਾ ਚਾਰਜ ਸੰਭਾਲਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਜਥੇਦਾਰ ਬਲਵੀਰ ਸਿੰਘ ਛੂਲਾਨਾਣਾ ਨੇ ਦੱਸਿਆ ਕਿ ਐਸ ਐਚ ਓ ਹੁੰਦਲ ਨੇ ਆਪਣੇ ਇਲਾਕੇ ਵਿੱਚ ਵਧੀਆ ਸੇਵਾਵਾਂ ਦਿੱਤੀਆਂ ਹਨ।ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਖ਼ਤ ਆਦੇਸ਼ਾਂ ਅਨੁਸਾਰ ਇਲਾਕੇ ਅੰਦਰ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇਗੀ ਅਤੇ ਕਿਸੇ ਕਿਸਮ ਦੀ ਨਸ਼ੇ ਦੀ ਸਮੱਗਲਿੰਗ ਅਤੇ ਗੁੰਡਾਗਰਦੀ ਨਹੀਂ ਹੋਣ ਦਿੱਤੀ ਜਾਵੇਗੀ। ਗੈਰ-ਕਾਨੂੰਨੀ ਮਾਈਨਿੰਗ ਅਤੇ ਕਰਾਈਮ ਕਰਨ ਵਾਲੇ ਵਿਅਕਤੀਆਂ ਖਿਲਾਫ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਪਬਲਿਕ ਨੂੰ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਪੂਰਨ ਤੌਰ 'ਤੇ ਪਾਲਣਾ ਕੀਤੀ ਜਾਵੇ, ਉਹਨਾਂ ਕਿਹਾ ਕਿ ਅਗਰ ਕੋਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਹੀਂ ਕਰੇਗਾ ਤਾਂ ਉਸ ਦੇ ਖਿਲਾਫ ਸਖਤ ਐਕਸ਼ਨ ਲਿਆ ਜਾਵੇਗਾ। ਉਹਨਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਸਮਾਜ ਵਿਚੋਂ ਨਸ਼ਾ ਖਤਮ ਕਰਨ ਲਈ ਪੁਲਸ ਨਾਲ ਪੂਰਨ ਸਹਿਯੋਗ ਕੀਤਾ ਜਾਵੇ। ਉਨ੍ਹਾਂ ਨੇ ਨਾਲ ਹੀ ਸ਼ੱਕੀ ਵਿਅਕਤੀਆਂ ਦੀ ਜਾਣਕਾਰੀ ਪੁਲਸ ਨੂੰ ਤੁਰੰਤ ਦੇਣ ਦੀ ਵੀ ਅਪੀਲ ਕੀਤੀ ਤਾਂ ਜੋ ਕੋਈ ਵੀ ਮਾੜੀ ਘਟਨਾ ਨਾ ਵਾਪਰ ਸਕੇ।ਇਸ ਮੌਕੇ ਜਥੇਦਾਰ ਸੁਰਜੀਤ ਸਿੰਘ ਮਸੂਤਾ, ਜਗਤਾਰ ਸਿੰਘ ਭੁੰਗਰਨੀ, ਪਰਮਜੀਤ ਸਿੰਘ ਜਲੰਧਰ ਆਦਿ ਹਾਜ਼ਰ ਸਨ।



# ਰੱਸਾਕਸ਼ੀ ਮੁਕਾਬਲੇ 'ਚ ਆਦਮਪੁਰ ਦੀ ਟੀਮ ਨੇ ਜਿੱਤਿਆ ਗੋਲਡ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਵਿੱਚ ਕਿਰਤੀਆਂ ਦੀ ਭਲਾਈ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਵੱਡੀ ਪਹਿਲਕਦਮੀ ਕੀਤੀ ਹੈ। ਕਿਰਤੀਆਂ ਦੇ ਬੱਚਿਆਂ ਦੀ ਪੜ੍ਹਾਈ ਲਈ ਦਿੱਤੀ ਜਾਂਦੀ ਵਜ਼ੀਫਾ ਸਕੀਮ ਲਈ ਕਿਰਤੀ ਦੀ ਦੋ ਸਾਲ ਦੀ ਸਰਵਿਸ ਹੋਣ ਦੀ ਸ਼ਰਤ ਨੂੰ ਖਤਮ ਕਰ ਦਿੱਤਾ ਗਿਆ ਹੈ।ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਵਜ਼ੀਫਾ ਸਕੀਮ ਤਹਿਤ ਕਿਰਤੀਆਂ ਦੇ ਬੱਚਿਆਂ ਨੂੰ ਪੜ੍ਹਾਈ ਲਈ ਵਜ਼ੀਫਾ ਦਿੱਤਾ ਜਾਂਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਕਿਰਤੀ ਦੀ ਦੋ ਸਾਲ ਦੀ ਸਰਵਿਸ ਹੋਣ ਦੀ ਸ਼ਰਤ ਲਾਜ਼ਮੀ ਸੀ। ਕਿਰਤ ਭਵਨ ਵਿਖੇ ਹੋਈ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ 55ਵੀਂ ਮੀਟਿੰਗ ਵਿੱਚ ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਇਸ ਸ਼ਰਤ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੈ।ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਬੱਚਿਆਂ ਦੀ ਪੜ੍ਹਾਈ ਲਈ ਹੁਣ ਕਿਰਤੀਆਂ ਵੱਲੋਂ ਵਜ਼ੀਫਾ ਸਕੀਮ ਦਾ ਲਾਭ ਅੰਸ਼ਦਾਨ ਕਰਨ ਦੀ ਮਿਤੀ ਤੋਂ ਹੀ ਲਿਆ ਜਾ ਸਕੇਗਾ। ਸੌਂਦ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਕਿਰਤੀਆਂ ਦੀ ਭਲਾਈ ਲਈ ਹੋਰ ਵੀ ਕਈ ਮਹੱਤਵਪੂਰਨ ਫੈਸਲੇ ਲਏ ਗਏ। ਮੀਟਿੰਗ ਵਿੱਚ ਕਿਰਤ ਸਕੱਤਰ ਮਨਵੇਸ਼ ਸਿੰਘ ਸਿੱਧੂ, ਕਿਰਤ ਕਮਿਸ਼ਨਰ ਰਾਜੀਵ ਕੁਮਾਰ ਗੁਪਤਾ, ਜੁਆਇੰਟ ਡਾਇਰੈਕਟਰ ਆਫ ਫੈਕਟਰੀਜ਼ ਨਰਿੰਦਰ ਸਿੰਘ, ਸਹਾਇਕ ਵੈਲਫੇਅਰ ਕਮਿਸ਼ਨਰ ਗੌਰਵ ਪੁਰੀ, ਜੁਆਇੰਟ ਡਾਇਰੈਕਟਰ ਕੰਨੂ ਥਿੰਦ ਅਤੇ ਉਦਯੋਗ, ਵਿੱਤ ਤੇ ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।



# ਪੰਜਾਬ ਦੇ ਕਿਰਤੀਆਂ ਦੀ ਭਲਾਈ ਲਈ ਸਰਕਾਰ ਵੱਲੋਂ ਮਹੱਤਵਪੂਰਨ ਪਹਿਲਕਦਮੀ

**ਆਦਮਪੁਰ (ਪਰਮਜੀਤ ਸਿੰਘ)**:- ਪ੍ਰਿਥਵੀ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਿੰਦਰ ਸਿੰਘ ਤੇ ਸੰਤ ਸਰੋਵਰ ਸੋਸਾਇਟੀ ਵੱਲੋਂ ਸ਼ਹੀਦੀ ਪੰਦਰਵਾੜੇ ਨੂੰ ਸਮਰਪਿਤ ਸੀਨੀਅਰ ਵਰਗ ਦੇ ਰੱਸਾਕਸ਼ੀ ਦੇ ਮੁਕਾਬਲੇ ਕਰਵਾਏ ਗਏ।ਇਸ ਵਿਚ ਫਾਈਨਲ ਮੁਕਾਬਲਾ ਉਸਤਾਦ ਗੁਰਮੇਲ ਸਿੰਘ ਤੇ ਲੈਕਚਰਾਰ ਗੁਰਿੰਦਰ ਸਿੰਘ ਦੀ ਕਪਤਾਨੀ ਵਾਲੀ ਟੀਮ ਵਿਚਕਾਰ ਹੋਇਆ।ਫਸਵੇਂ ਮੁਕਾਬਲੇ ਵਿਚ ਦੋਨੋਂ ਪਾਸਿਆਂ ਦੇ ਖਿਡਾਰੀਆਂ ਨੇ ਤਕਨੀਕ 'ਤੇ ਜ਼ੋਰ ਦੀ ਵਰਤੋਂ ਕੀਤੀ। ਉਸਤਾਦ ਗੁਰਮੇਲ ਸਿੰਘ ਦੀ ਟੀਮ ਨੇ ਇਸ ਮੁਕਾਬਲੇ ਵਿਚ ਦੂਜਾ ਸਥਾਨ ਪ੍ਰਾਪਤ ਕਰਦਿਆਂ ਸਿਲਵਰ ਮੈਡਲ ਤੇ ਨਗਦ ਇਨਾਮ ਜਿੱਤਿਆ।ਜੇਤੂ ਟੀਮ ਦੇ ਕਪਤਾਨ ਗੁਰਿੰਦਰ ਸਿੰਘ ਨੇ ਗੋਲਡ ਮੈਡਲ ਤੇ ਚਾਰ ਹਜ਼ਾਰ ਰੁਪਏ ਦੀ ਨਗਦ ਰਾਸ਼ੀ ਪ੍ਰਾਪਤ ਕੀਤੀ ।ਇਨਾਮਾਂ ਦੀ ਵੰਡ ਉਲੰਪੀਅਨ ਤੇ ਸਾਬਕਾ ਪੁਲਿਸ ਅਫਸਰ ਸੁਰਿੰਦਰ ਸਿੰਘ ਸੋਢੀ ਵਲੋਂ ਕੀਤੀ ਗਈ।ਇਸ ਮੌਕੇ ਇਲਾਕੇ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ , ਪ੍ਰਬੰਧਕ ਕਮੇਟੀਆਂ ਦੇ ਆਹੁਦੇਦਾਰ ਤੇ ਖੇਡ ਕੋਚ ਹਾਜ਼ਰ ਸਨ ।

# ਯੂਥ ਵਾਇਸ ਫਾਊਂਡੇਸ਼ਨ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਉਪਰਾਲੇ ਸ਼ਲਾਘਾਯੋਗ : ਮਾਨ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)** ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਸਮਾਜ ਸੇਵੀ ਸੰਸਥਾ ਯੂਥ ਵਾਇਸ ਫਾਊਂਡੇਸ਼ਨ ਸੁਸਾਇਟੀ ਵਲੋਂ ਐਸ.ਐਨ.ਜੇ ਚੈਰੀਟੇਬਲ ਟਰੱਸਟ ਯੂ.ਕੇ. ਅਤੇ ਸ਼ੰਕਰਾ ਆਈ ਫਾਊਂਡੇਸ਼ਨ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਰਾਮਗੜ੍ਹੀਆ ਇੰਸਟੀਚਿਊਟ ਆਫ ਹੈਲਥ ਸਾਇੰਸ ਐਂਡ ਰਿਸਰਚ, ਸਤਨਾਮਪੁਰਾ ਵਿਖੇ ਲਗਾਏ ਅੱਖਾਂ ਦੇ ਤੀਸਰੇ ਫਰੀ ਆਪ੍ਰੇਸ਼ਨ ਕੈਂਪ ਵਿੱਚ ਸ਼ਿਰਕਤ ਕੀਤੀ। ਉਹਨਾਂ ਜੱਥੇਬੰਦੀ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਉਪਰਾਲਿਆਂ ਦੀ ਤਹਿ ਦਿਲੋਂ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਉਪਰਾਲੇ ਲਗਾਤਾਰ ਜਾਰੀ ਰਹਿਣੇ ਚਾਹੀਦੇ ਹਨ ਕਿਉਂਕਿ ਇਸ ਨਾਲ ਗਰੀਬ ਲੋੜਵੰਦ ਮਰੀਜਾਂ ਨੂੰ ਬਹੁਤ ਲਾਭ ਮਿਲਦਾ ਹੈ। ਫਾਊਂਡੇਸ਼ਨ ਦੇ ਪ੍ਰਧਾਨ ਗਗਨਦੀਪ ਸਿੰਘ ਢੱਟ ਵਲੋਂ ਜੋਗਿੰਦਰ ਸਿੰਘ ਮਾਨ ਅਤੇ ਉਹਨਾਂ ਦੇ ਨਾਲ ਪੁਹੰਚੇ ਕੌਂਸਲਰ ਪ੍ਰਿਤਪਾਲ ਕੌਰ ਤੁਲੀ ਤੇ ਕੌਂਸਲਰ ਜਸਦੇਵ ਸਿੰਘ ਨੂੰ ਸਨਮਾਨਤ ਕੀਤਾ ਗਿਆ।ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾਕਟਰਾਂ ਵੱਲੋਂ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਤੇ ਮੁਫਤ ਅਪਰੇਸ਼ਨ ਕਰਕੇ ਲੈਂਜ ਪਾਏ ਗਏ। ਅਪਰੇਸ਼ਨ ਵਾਲੇ ਮਰੀਜ਼ਾਂ ਨੂੰ ਐਨਕਾਂ ਵੀ ਫਰੀ ਦਿੱਤੀਆਂ ਗਈਆਂ। ਕੈਂਪ ਵਿੱਚ ਪੁੱਜਣ ਵਾਲਿਆਂ ਲਈ ਚਾਹ-ਪਾਣੀ ਦਾ ਯੋਗ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਇਸ ਮੌਕੇ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਚੇਅਰਪਰਸਨ ਮਨਪ੍ਰੀਤ ਕੌਰ ਭੋਗਲ, ਡਾਇਰੈਕਟਰ ਵਿਓਮਾ ਭੋਗਲ ਢੱਟ, ਰਮਨ ਨਹਿਰਾ, ਨੰਦ ਸੋਨੀ ਤੋਂ ਇਲਾਵਾ ਹੋਰ ਪਤਵੰਤੇ ਮੌਜੂਦ ਸਨ।

# ਰਾਜਪਾਲ ਨੇ ਬੱਚਿਆਂ ਨੂੰ ਤਣਾਅ ਮੁਕਤ ਬਣਾਉਣ ਦੀ ਮਹੱਤਤਾ 'ਤੇ ਦਿੱਤਾ ਜ਼ੋਰ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**— ਵਿਕਸਤ ਭਾਰਤ ਦੇ ਸੁਨਹਿਰੀ ਸੁਪਨੇ ਨੂੰ ਸਾਕਾਰ ਕਰਨਾ ਇੱਕ ਮਜਬੂਤ ਤੇ ਹੁਨਰਮੰਦ ਨੌਜਵਾਨ ਪੀੜ੍ਹੀ ਦੇ ਮੋਢਿਆਂ 'ਤੇ ਨਿਰਭਰ ਹੈ, ਜਿਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੀ ਭਰਪੂਰ ਊਰਜਾ ਨੂੰ ਸਮਾਜ ਅਤੇ ਰਾਸ਼ਟਰ ਦੀ ਭਲਾਈ 'ਤੇ ਲਗਾਉਣ ਹਿੱਤ ਸਕਾਰਾਤਮਕ ਦਿਸ਼ਾ ਦੇਣ ਦੀ ਲੋੜ ਹੈ। ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਇੱਥੇ ਪੰਜਾਬ ਰਾਜ ਭਵਨ ਵਿਖੇ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਤਣਾਅ ਪ੍ਰਬੰਧਨ ਅਤੇ ਨਸ਼ਿਆਂ ਦੀ ਲੱਤ ਬਾਰੇ ਕਰਵਾਏ ਸੰਮੇਲਨ ਵਿੱਚ ਉਦਘਾਟਨੀ ਭਾਸ਼ਣ ਦਿੰਦਿਆਂ ਇਨਾਂ ਵਿਚਾਰਾਂ ਦਾ



ਪ੍ਰਗਟਾਵਾ ਕੀਤਾ।ਨਸ਼ਿਆਂ ਦੇ ਖਾਤਮੇ ਲਈ ਇੱਕਜੁੱਟ ਅਤੇ ਠੋਸ ਕਾਰਵਾਈ ਦਾ ਸਪੱਸ਼ਟ ਸੱਦਾ ਦਿੰਦੇ ਹੋਏ, ਰਾਜਪਾਲ ਨੇ ਬੱਚਿਆਂ ਨੂੰ ਤਣਾਅ ਮੁਕਤ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜੋ ਉਨਾਂ ਦੀ ਸ਼ਖ਼ਸੀਅਤ"ਤੇ ਸਕਾਰਾਤਮਕ ਪ੍ਰਭਾਵ ਪਾਉਣ ਵਿੱਚ ਬਹੁਤ ਮਦਦ ਕਰਦਾ ਹੈ। ਪੰਜਾਬ ਨੂੰ ਨਸ਼ਿਆਂ ਦੇ ਮਕੜਜਾਲ ਤੋਂ ਨਿਜਾਤ ਦਿਵਾਉਣ ਵਿੱਚ ਵਿਦਿਅਕ ਸੰਸਥਾਵਾਂ ਦੀ ਭੂਮਿਕਾ 'ਤੇ ਜ਼ੋਰ ਦਿੰਦੇ ਹੋਏ, ਕਟਾਰੀਆ ਨੇ ਕਿਹਾ ਕਿ ਬੱਚਿਆਂ ਨੂੰ ਭਵਿੱਖ ਦੇ ਨੇਤਾ ਅਤੇ ਰੋਲ ਮਾਡਲ ਬਣਨ ਦੀ ਦਿਸ਼ਾ ਵੱਲ ਸੇਧ ਦੇਣ ਲਈ ਅਕਾਦਮਿਕ ਸੰਸਥਾਵਾਂ ਵਿੱਚ ਪਾਠਕ੍ਰਮ ਤੋਂ ਇਲਾਵਾ ਹੋਰਨਾਂ ਗਤੀਵਿਧੀਆਂ ਵਿੱਚ ਸ਼ਾਮਲ ਕਰਨ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।ਇਸ ਤੋਂ ਪਹਿਲਾਂ, ਸਿਹਤ ਅਤੇ ਪਰਵਾਰ ਭਲਾਈ ਮੰਤਰੀ, ਪੰਜਾਬ, ਡਾ. ਬਲਬੀਰ ਸਿੰਘ ਨੇ ਕਿਹਾ ਕਿ ਨਸ਼ਿਆਂ ਦੇ ਪ੍ਰਵਾਹ ਨੂੰ ਰੋਕਣ ਲਈ ਸਪਲਾਈ ਚੇਨ ਨੂੰ ਤੋੜਨ ਦੀ ਲੋੜ ਹੈ ਕਿਉਂਕਿ ਪੰਜਾਬ ਨਸ਼ਾ ਪੈਦਾ ਨਹੀਂ ਕਰਦਾ ਅਤੇ ਮਹਿਜ਼ ਨਸ਼ੇ ਦੇ ਲਾਂਘੇ ਦਾ ਜ਼ਰੀਆ ਹੈ। ਉਨਾਂ ਕਿਹਾ ਕਿ ਨੌਜਵਾਨਾਂ ਨੂੰ ਹੁਨਰ ਅਤੇ ਉਦਯੋਗਿਕ ਮੰਗ-ਕੇਂਦ੍ਰਿਤ ਸਿੱਖਿਆ ਦੇਣ ਦੀ ਲੋੜ ਹੈ। ਪੰਜਾਬ ਦੇ ਡੀਜੀਪੀ, ਗੌਰਵ ਯਾਦਵ ਨੇ ਸਰਹੱਦ ਪਾਰੋਂ ਪਾਕਿਸਤਾਨ ਵੱਲੋਂ ਚਲਾਏ ਜਾ ਰਹੇ ਨਾਰਕੋ ਅੱਤਵਾਦ ਅਤੇ ਇਸ ਨਾਲ ਨਜਿੱਠਣ ਲਈ ਰਾਜ ਪਲਿਸ ਦੁਆਰਾ ਚੁੱਕੇ ਗਏ ਕਦਮਾਂ ਤੇ ਚਾਨਣਾ ਪਾਇਆ। ਡੀਜੀਪੀ ਨੇ ਇਹ ਵੀ ਦੱਸਿਆ ਕਿ ਪੰਜਾਬ ਵਿੱਚ ਨਸ਼ਾ ਤਸਕਰਾਂ ਦੀ 387 ਕਰੋੜ ਰੁਪਏ ਦੀ ਜਾਇਦਾਦ ਫਰੀਜ਼ ਕੀਤੀ ਹੋਈ ਹੈ।ਇਸ ਮੌਕੇ ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ ਐਂਡ ਨਿਊਰੋਸਾਇੰਸਿਜ ਬੰਗਲੂਰੂ ਦੀ ਡਾਇਰੈਕਟਰ ਪ੍ਰੋ. ਡਾ. ਪ੍ਰਤਿਮਾ ਮੂਰਤੀ ਨੇ ਸਮੱਸਿਆ ਨੂੰ ਸਮਝਣ ਅਤੇ ਨਜਿੱਠਣ ਦੇ ਤਰੀਕਿਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਇਲਾਵਾ ਪ੍ਰੋ. ਡਾ. ਸੀਮਾ ਮਹਿਰੋਤਰਾ ਨੇ ਵੀ ਉੱਚ ਸਿੱਖਿਆ ਪ੍ਰਾਪਤ ਵਿਦਿਆਰਥੀਆਂ ਵਿੱਚ ਮਾਨਸਿਕ ਤੰਦਰੁਸਤੀ ਬਾਰੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰੋ. ਰੇਣੂ ਵਿਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਪ੍ਰੋ. ਐਸ.ਐਸ. ਗੋਸਲ, ਚੰਡੀਗੜ੍ਹ ਯੂਨੀਵਰਸਿਟੀ ਤੋਂ ਡਾ. ਮਨਪ੍ਰੀਤ ਮੰਨਾ, ਚਿਤਕਾਰਾ ਯੂਨੀਵਰਸਿਟੀ ਤੋਂ ਡਾ. ਸੰਧੀਰ ਸ਼ਰਮਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪ੍ਰੋ. ਕਰਮਜੀਤ ਸਿੰਘ ਨੇ ਵੀ ਨਸ਼ਿਆਂ ਦੀ ਵਰਤੋਂ ਅਤੇ ਰੋਕਥਾਮ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜਪਾਲ ਦੇ ਵਧੀਕ ਮੁੱਖ ਸਕੱਤਰ ਕੇ. ਸਿਵਾ ਪ੍ਰਸਾਦ, ਰਾਜਪਾਲ ਦੇ ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਸਿੰਘ, ਸਾਗਰ ਸੇਤੀਆ ਆਈ.ਏ.ਐਸ., ਜੀ.ਐਨ.ਡੀ.ਯੂ. ਅੰਮ੍ਰਿਤਸਰ ਦੇ ਸਾਬਕਾ ਵੀ.ਸੀ. ਡਾ. ਜਸਪਾਲ ਸਿੰਘ ਸੰਧੂ ਅਤੇ ਲਲਿਤ ਜੈਨ ਡਾਇਰੈਕਟਰ ਜਨਗਣਨਾ ਅਤੇ ਨਾਗਰਿਕਤਾ, ਗ੍ਰਹਿ ਮੰਤਰਾਲਾ ਸ਼ਾਮਲ ਸਨ।

# ਕਿਰਤੀ ਕਿਸਾਨ ਯੂਨੀਅਨ ਦੇ ਆਗੂ ਧਰਨੇ 'ਚ ਸ਼ਾਮਲ ਹੋਣ ਲਈ ਰਵਾਨਾ

**ਕਾਲਾ ਸੰਘਿਆਂ (ਮਨਜੀਤ ਮਾਨ)**- ਦਿੱਲੀ ਦੇ ਸ਼ੰਭੂ ਬਾਰਡਰ ਤੇ ਕਿਸਾਨ ਜੱਥੇਬੰਦੀਆਂ ਵੱਲੋਂ ਵੱਖ ਵੱਖ ਮੰਗਾਂ ਨੂੰ ਲੈ ਕੇ ਲਗਾਏ ਧਰਨੇ ਵਿੱਚ ਸ਼ਮੂਲੀਅਤ ਕਰਨ ਲਈ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸਥਾਨਕ ਆਗੂ ਬਲਾਕ ਪ੍ਰਧਾਨ ਪਲਵਿੰਦਰ ਸਿੰਘ ਸੰਘਾ ਦੀ ਅਗਵਾਈ ਵਿੱਚ ਗੁਰਦੁਆਰਾ ਬਾਬਾ ਕਾਹਨ ਦਾਸ ਤੋਂ ਰਵਾਨਾ ਹੋਏ। ਸੰਘਾ ਤੇ ਹੋਰ ਸਾਥੀਆਂ ਨੇ ਸਾਂਝੇ ਤੌਰ ਤੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਤਾਰ ਕਿਸਾਨੀ ਨੂੰ ਲੈ ਕੇ ਕੀਤੀਆਂ ਜਾ ਰਹੀਆਂ ਮੰਗਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਫ਼ਾਇਦੇ ਪੁਹਚਾਉਣ ਲਈ ਆਮ ਲੋਕਾਂ ਨੂੰ ਦਰਕਿਨਾਰ ਕਰ ਰਹੀ ਹੈ ਜਿਸ ਨੂੰ ਬਿਲਕੁੱਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਿਸਾਨ ਜੱਥੇਬੰਦੀਆਂ ਦਾ ਸੰਘਰਸ਼ ਉਨਾਂ ਸਮਾਂ ਚਲਦਾ ਰਹੇਗਾ ਜਦੋਂ ਤੱਕ ਕੇਂਦਰ ਸਰਕਾਰ ਮੰਗਾਂ ਨਹੀਂ ਮੰਨਦੀ। ਇਸ ਮੌਕੇ ਮਨਜੀਤ ਸਿੰਘ ਕੁਹਾਲਾ, ਕੁਲਵਿੰਦਰ ਸਿੰਘ, ਜਸਵੀਰ ਸਿੰਘ ਕੁਲਾਰ,ਪਰਗਣ ਸਿੰਘ, ਬਲਜਿੰਦਰ ਸਿੰਘ ਕਾਲ਼ਾ ਆਦਿ ਆਗੂ ਹਾਜ਼ਰ ਸਨ।



# ਸੇਂਟ ਸੋਲਜਰ ਇੰਸਟੀਚਿਊਟ ਆਫ਼ ਹੋਟਲ ਮੈਨੇਜਮੈਂਟ ਵਿਖੇ ਡਾਇਨਿੰਗ ਐਟੀਕੇਟ 'ਤੇ ਵਰਕਸ਼ਾਪ

**ਜਲੰਧਰ (ਇਕਬਾਲ ਸਿੰਘ ਉਭੀ)**— ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨਾਲੋਜੀ ਵਿਖੇ ਡਾਇਨਿੰਗ ਐਟੀਕੇਟ 'ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਡਾਇਨਿੰਗ ਐਟੀਕੇਟ ਅਤੇ ਇਸਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ। ਇਹ ਵਰਕਸ਼ਾਪ ਫੂਡ ਐਂਡ ਬੇਵਰੇਜ ਸਰਵਿਸ ਲੈਕਚਰਾਰ ਮੰਗਤ ਸਿੰਘ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਕਾਲਜ ਪ੍ਰਿੰਸੀਪਲ ਸ਼੍ਰੀਮਤੀ ਕੀਰਤੀ ਸ਼ਰਮਾ ਨੇ ਬੱਚਿਆਂ ਦਾ ਮਾਰਗ ਦਰਸ਼ਨ ਕਰਦੇ ਹੋਏ ਉਨ੍ਹਾਂ ਨੂੰ ਦੱਸਿਆ ਕਿ ਪੇਸ਼ੇਵਰ ਦੁਨੀਆ ਵਿੱਚ ਖਾਣ-ਪੀਣ ਦੇ ਸ਼ਿਸ਼ਟਾਚਾਰ ਕਰੀਅਰ ਦੀ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਖਾਣ-ਪੀਣ ਦੇ ਚੰਗੇ ਆਚਰਣ ਨਿੱਜੀ ਸਬੰਧਾਂ ਨੂੰ ਵੀ ਮਜ਼ਬੂਤ ਬਣਾਉਂਦੇ ਹਨ। ਸਹੀ ਸ਼ਿਸ਼ਟਾਚਾਰ ਇੱਕ ਦੂਜੇ ਪ੍ਰਤੀ ਸਤਿਕਾਰ ਅਤੇ ਵਿਚਾਰ ਦੀ ਭਾਵਨਾ ਨੂੰ ਵੀ ਉਤਸ਼ਾਹਿਤ ਕਰਦਾ ਹੈ ਜੋ ਅੰਤ ਵਿੱਚ ਵਿਅਕਤੀਆਂ ਵਿਚਕਾਰ ਬੰਧਨ ਨੂੰ ਮਜ਼ਬੂਤ ਬਣਾਉਂਦਾ ਹੈ।ਗਰੁੱਪ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਕਾਲਜ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਖਾਣ ਦੇ ਸ਼ਿਸ਼ਟਾਚਾਰ ਸਾਡੇ ਸਮਾਜਿਕ ਪਰਸਪਰ ਪ੍ਰਭਾਵ, ਨਿੱਜੀ ਸਬੰਧਾਂ ਅਤੇ ਪੇਸ਼ੇਵਰ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਇਹ ਸਾਡੀ ਪਰਵਰਿਸ਼, ਸਿੱਖਿਆ ਅਤੇ ਸੱਭਿਆਚਾਰਕ ਜਾਗਰੂਕਤਾ ਨੂੰ ਦਰਸਾਉਂਦੇ ਹਨ ।

# ਪੀ ਐਮ ਸਕੂਲ ਲੰਗੜੋਆ ਦੇ ਬੱਚਿਆਂ ਨੇ ਲਗਾਇਆ ਵਿੱਦਿਅਕ ਟੂਰ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਸਿੱਖਿਆ ਵਿਭਾਗ ਵੱਲੋਂ ਸੂਬੇ ਅੰਦਰ ਸਥਿਤ ਵਿਦਿਕ ਸੰਸਥਾਵਾਂ ਨੂੰ ਵੱਖ-ਵੱਖ ਥਾਵਾਂ ਦੇ ਵਿਦਿਅਕ ਟੂਰ ਲਗਾਉਣ ਲਈ




ਹਦਾਇਤਾਂ ਅਤੇ ਇਸ ਸਬੰਧੀ ਗ੍ਰਾਂਟ ਵੀ ਜਾਰੀ ਕੀਤੀ ਗਈ ਹੈ। ਇਸੇ ਹੀ ਲੜੀ ਤਹਿਤ ਪੀ ਐਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ ਦੇ ਵਿਦਿਆਰਥੀਆਂ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਇਲਾਵਾ ਕਰਤਾਰਪੁਰ ਜਲੰਧਰ ਵਿਖੇ ਸਥਿਤ ਜੰਗ ਏ ਆਜ਼ਾਦੀ,ਰੌਕ ਗਾਰਡਨ, ਸੁਖਨਾ ਝੀਲ ਸਾਇੰਸ ਸਿਟੀ,ਚਪੜ ਚਿੜੀ ਅਤੇ ਇਸ ਤੋਂ ਇਲਾਵਾ ਹੋਰ ਵੱਖ ਵੱਖ ਥਾਵਾਂ ਦਾ ਵਿਦਿਅਕ ਟੂਰ ਲਗਾਇਆ ਗਿਆ। ਪ੍ਰਿੰਸੀਪਲ ਡਾਕਟਰ ਸੁਰਿੰਦਰ ਪਾਲ ਅਗਨੀਹੋਤਰੀ ਨੇ ਦੱਸਿਆ ਕਿ ਸੰਸਥਾ ਦੇ ਬੱਚਿਆਂ ਨੇ ਵੱਖ-ਵੱਖ ਥਾਵਾਂ 'ਤੇ ਵਿਦਿਅਕ ਟੂਰ ਲਗਾ ਕੇ ਆਪਣੀ ਜਾਣਕਾਰੀ ਵਿੱਚ ਵਾਧਾ ਕੀਤਾ ਅਤੇ ਲਗਾਏ ਗਏ ਟੂਰ ਦੌਰਾਨ ਜੋ ਵੀ ਉਥੋਂ ਸਿੱਖਿਆ ਅਤੇ ਜਾਣਕਾਰੀ ਹਾਸਲ ਕੀਤੀ ਉਸਦੀ ਆਪਣੇ ਅਧਿਆਪਕਾਂ ਅਤੇ ਪ੍ਰਿੰਸੀਪਲ ਨਾਲ ਸਾਂਝ ਪਾਈ । ਵਿਦਿਆਰਥੀਆਂ ਨੂੰ ਜਾਣ ਵੇਲੇ ਕਾਪੀ ਤੇ ਪੈਨ ਮੁੱਹਈਆ ਕਰਵਾਇਆ ਗਿਆ। ਬੱਚਿਆਂ ਨੇ ਵਿਦਿਅਕ ਟੂਰ ਦੌਰਾਨ ਪੌਸ਼ਟਿਕ ਤੇ ਸਵਾਦਿਸ਼ਟ ਭੋਜਨ ਦਾ ਲੁਤਫ਼ ਵੀ ਲਿਆ।ਇਸ ਮੌਕੇ ਵਿਦਿਆਰਥੀਆਂ ਨੇ ਭਰਪੂਰ ਮਨੋਰੰਜਨ ਕੀਤਾ। ਡਾਕਟਰ ਅਗਨੀਹੋਤਰੀ ਨੇ ਦੱਸਿਆ ਕਿ ਬੱਚਿਆਂ ਅਤੇ ਸੰਸਥਾ ਦੀ ਬਿਹਤਰੀ ਉਹ ਹਰ ਸੰਭਵ ਕੋਸ਼ਿਸ਼ ਕਰਦੇ ਰਹਿਣਗੇ।ਇਸ ਮੌਕੇ ਉਹਨਾਂ ਨੇ ਸਟਾਫ ਵਲੋਂ ਮਿਲੇ ਸਹਿਯੋਗ ਦਾ ਵੀ ਧੰਨਵਾਦ ਕੀਤਾ।

# ਚੰਦਭਾਨ ਦੇ ਗ੍ਰਿਫ਼ਤਾਰ ਮਜ਼ਦੂਰਾਂ ਨੂੰ ਫੌਰੀ ਰਿਹਾਅ ਕਰਨ ਦੀ ਮੰਗ

**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਬੀਤੇ ਦਿਨੀਂ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਚੰਦਭਾਨ ਵਿੱਚ ਗੰਦੇ ਪਾਣੀ ਦੇ ਨਿਕਾਸ ਨੂੰ ਲੈ ਕੇ ਮਜ਼ਦੂਰਾਂ ਅਤੇ ਪੁਲਿਸ ਦਰਮਿਆਨ ਹੋਏ ਟਕਰਾਅ ਅਤੇ ਪੁਲਿਸ ਵੱਲੋਂ ਲਾਠੀਚਾਰਜ ਕਰਕੇ 50 ਦੇ ਕਰੀਬ ਮਜ਼ਦੂਰ ਮਰਦ ਤੇ



ਔਰਤਾਂ ਨੂੰ ਗ੍ਰਿਫਤਾਰ ਕਰਕੇ 40 ਨੂੰ ਅਦਾਲਤ ਵਿੱਚ ਪੇਸ਼ ਕਰਨ ਅਤੇ ਪੁਲਿਸ ਦੀ ਹਾਜ਼ਰੀ ਵਿੱਚ ਮਜ਼ਦੂਰਾਂ ਉੱਪਰ ਗੋਲੀ ਚਲਾਉਣ ਵਾਲੇ ਲੋਕਾਂ ਨੂੰ ਗ੍ਰਿਫਤਾਰ ਨਾ ਕਰਨ ਦੀ ਪੇਂਡੂ ਮਜ਼ਦੂਰ ਯੂਨੀਅਨ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ।ਬਿਆਨ ਜਾਰੀ ਕਰਦਿਆਂ ਸੂਬਾਈ ਆਗੂ ਕਮਲਜੀਤ ਸਨਾਵਾ ਨਵਾਂ ਸ਼ਹਿਰ ਨੇ ਗ੍ਰਿਫ਼ਤਾਰ ਕੀਤੇ ਗਏ ਮਜ਼ਦੂਰਾਂ ਨੂੰ ਫੌਰੀ ਰਿਹਾਅ ਕਰਨ ਤੇ ਗੋਲੀ ਚਲਾਉਣ ਵਾਲਿਆਂ ਖਿਲਾਫ਼ ਇਰਾਦਾ ਕਤਲ ਤੇ ਐੱਸ ਸੀ ਐੱਸ ਟੀ ਐਕਟ ਤਹਿਤ ਮਾਮਲਾ ਦਰਜ ਕਰਕੇ ਉਹਨਾਂ ਨੂੰ ਗ੍ਰਿਫਤਾਰ ਕਰਨ ਸਮੇਤ ਜੈਤੋ ਥਾਣੇ ਦੇ ਮੁਖੀ ਖਿਲਾਫ਼ ਸਖ਼ਤ ਕਾਰਵਾਈ ਕਰਨ ਕੀਤੀ ਹੈ।ਇਸ ਤੋਂ ਇਲਾਵਾ ਸੂਬਾ ਆਗੂ ਹਰੀ ਰਾਮ ਰਸੂਲਪੁਰ ਤੇ ਯੂਥ ਵਿੰਗ ਦੇ ਸੂਬਾਈ ਆਗੂ ਕਿਰਨਜੀਤ ਕੌਰ ਨੇ ਕਿਹਾ ਕਿ ਜੇ ਸਮੇਂ ਸਿਰ ਜੈਤੋਂ ਪੁਲਿਸ ਦਖ਼ਲ ਦੇ ਕੇ ਮਸਲੇ ਨੂੰ ਹੱਲ ਕਰਨ ਲਈ ਲੋੜੀਂਦੇ ਕਦਮ ਚੁੱਕਦੀ ਤਾਂ ਇਸ ਟਕਰਾਅ ਨੂੰ ਟਾਲਿਆ ਜਾ ਸਕਦਾ ਸੀ ਅਤੇ ਮੌਕੇ 'ਤੇ ਹਾਜ਼ਰ ਪੁਲਿਸ ਅਧਿਕਾਰੀਆਂ ਜੇ ਸਿਆਸੀ ਦਬਾਅ ਹੇਠ ਮਜ਼ਦੂਰਾਂ ਉੱਪਰ ਗੋਲੀ ਚਲਾਉਣ ਵਾਲੇ ਲੋਕਾਂ ਨੂੰ ਸ਼ਹਿ ਨਾ ਦਿੰਦੇ ਤਾਂ ਇਸ ਟਕਰਾਅ ਤੋਂ ਬਚਿਆ ਜਾ ਸਕਦਾ ਸੀ।ਉਨ੍ਹਾਂ ਕਿਹਾ ਕਿ ਪੁਲਿਸ ਅਜੇ ਵੀ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਵਿੱਚ ਨਸ਼ਰ ਹੋਣ ਦੇ ਬਾਵਜੂਦ ਮਜ਼ਦੂਰਾਂ ਉੱਪਰ ਸ਼ਰੇਆਮ ਗੋਲੀਆਂ ਚਲਾਉਣ ਵਾਲੇ ਲੋਕਾਂ ਨੂੰ ਬਚਾਉਣ ਲੱਗੀ ਹੋਈ ਹੈ। ਪੁਲਿਸ ਵਲੋਂ ਮਜ਼ਦੂਰਾਂ ਵਿਰੁੱਧ ਇੱਕ ਪਾਸੜ ਕਾਰਵਾਈ ਕੀਤੀ ਗਈ ਹੈ। ਆਗੂ ਸੁਰਿੰਦਰ ਮੀਰਪੁਰ ਤੇ ਸਤਨਾਮ ਸਿੰਘ ਲਾਡੀ ਨੇ ਕਿਹਾ ਕਿ ਪਿੰਡ ਚੰਦਭਾਨ ਦੇ ਮਜ਼ਦੂਰਾਂ ਨੂੰ ਇਨਸਾਫ ਦਿਵਾਉਣ ਲਈ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ।ਐਕਸ਼ਨ ਕਮੇਟੀ ਜੋ ਵੀ ਸੰਘਰਸ਼ ਦਾ ਸੱਦਾ ਲਾਵੇਗੀ ਉਸ ਵਿੱਚ ਭਰਵੀਂ ਸਮੂਲੀਅਤ ਕੀਤੀ ਜਾਵੇਗੀ ।

# ਜਾਤੀ ਅਧਾਰਤ ਵਿਤਕਰੇ ਨੂੰ ਖਤਮ ਕਰਨ ਦੀ ਲੋੜ : ਹਰਭਜਨ ਸਿੰਘ

**ਚੰਡੀਗੜ੍ਹ ( ਗੁਰਜੀਤ ਬਿੱਲਾ)** ਸਮਾਜਿਕ ਨਿਆਂ ਲਈ ਭਾਰਤ ਦੇ ਯਤਨਾਂ ਵਿੱਚ ਡਾ. ਬੀ ਆਰ ਅੰਬੇਡਕਰ ਦੀ ਦਾਰਸ਼ਨਿਕ ਵਿਰਾਸਤ ਦੀ ਸਥਾਈ ਮਹੱਤਤਾ 'ਤੇ ਜ਼ੋਰ ਦਿੰਦਿਆਂ ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਅੱਜ ਇਥੇ ਕਿਹਾ ਕਿ ਡਾ. ਅੰਬੇਡਕਰ ਦਾ ਸਮਾਜਿਕ ਨਿਆਂ ਦਾ ਡੂੰਘਾ ਅਤੇ ਪਰਿਵਰਤਨਵਾਦੀ ਦ੍ਰਿਸ਼ਟੀਕੋਣ ਇੱਕ ਬਰਾਬਰੀ ਅਤੇ ਸਮਾਵੇਸ਼ੀ ਸਮਾਜ ਦੀ ਸਿਰਜਣਾ ਦੇ ਯਤਨਾਂ ਵਿੱਚ ਮਾਰਗਦਰਸ਼ਨ ਕਰਨ ਲਈ ਮਹੱਤਵਪੂਰਨ ਹੈ।ਡਾ. ਬੀ ਆਰ ਅੰਬੇਡਕਰ ਦੀ ਦਾਰਸ਼ਨਿਕ ਵਿਰਾਸਤ ਅਤੇ ਸਮਾਜਿਕ ਨਿਆਂ ਲਈ ਭਾਰਤ ਦੇ ਯਤਨ ਵਿਸ਼ੇ 'ਤੇ ਪੰਜਾਬ ਯੂਨੀਵਰਸਿਟੀ ਵਿਖੇ ਹੋਏ ਇਕ ਰੋਜ਼ਾ ਸੈਮੀਨਾਰ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਕਿਹਾ ਕਿ ਭਾਰਤੀ ਸੰਵਿਧਾਨ ਦੇ ਮੁੱਖ ਆਰਕੀਟੈਕਟ ਡਾ. ਅੰਬੇਡਕਰ ਦਾ ਮੰਨਣਾ ਸੀ ਕਿ ਸਮਾਜਿਕ ਨਿਆਂ ਕੇਵਲ ਇੱਕ ਕਾਨੂੰਨੀ ਸਿਧਾਂਤ ਨਹੀਂ, ਸਗੋਂ ਇੱਕ ਨੈਤਿਕ ਅਤੇ ਸਮਾਜਿਕ ਲੋੜ ਹੈ, ਜੋ ਆਜ਼ਾਦੀ ਤੇ ਬਰਾਬਰੀ ਨੂੰ ਯਕੀਨੀ ਬਣਾਉਂਦਾ ਹੈ। ਕੈਬਨਿਟ ਮੰਤਰੀ ਨੇ ਆਪਣੇ ਭਾਸ਼ਣ ਦੌਰਾਨ ਭਾਰਤੀ ਸਮਾਜ ਵਿੱਚ ਡੂੰਘੀ ਤਰ੍ਹਾਂ ਫੈਲੀ ਹੋਈ ਲਿੰਗ ਅਸਮਾਨਤਾ ਦੇ ਮੱਦੇਨਜ਼ਰ ਔਰਤਾਂ ਦੇ ਅਧਿਕਾਰਾਂ ਲਈ ਡਾ. ਅੰਬੇਡਕਰ ਵੱਲੋਂ ਕੀਤੀ ਗਈ ਵਕਾਲਤ ਦਾ ਵੀ ਜ਼ਿਕਰ ਕੀਤਾ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਡਾ. ਅੰਬੇਡਕਰ ਦਾ ਸਮਾਜਿਕ ਨਿਆਂ ਦਾ ਦ੍ਰਿਸ਼ਟੀਕੋਣ ਇੱਕ ਜੀਵਤ ਫਲਸਫਾ ਹੈ ਜੋ ਪ੍ਰਸ਼ਾਸਨ, ਨੀਤੀਆਂ ਅਤੇ ਸਮਾਜਿਕ ਅੰਦੋਲਨਾਂ ਨੂੰ ਪ੍ਰੇਰਿਤ ਕਰਦਾ ਰਹਿਣਾ ਚਾਹੀਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਮਾਜਿਕ ਨਿਆਂ ਹੀ ਇੱਕ ਸਦਭਾਵਨਾ ਵਾਲੇ, ਸਥਿਰ ਅਤੇ ਦੇਸ਼ਭਗਤੀ ਵਾਲੇ ਸਮਾਜ ਦੀ ਨੀਂਹ ਹੈ, ਅਤੇ ਇੱਕ ਸੱਚਮੁੱਚ ਨਿਆਂਪੂਰਨ ਅਤੇ ਸਮਾਵੇਸ਼ੀ ਭਾਰਤ ਦੇ ਨਿਰਮਾਣ ਦਾ ਰਾਹ ਇਸ ਵਿਚਾਰਧਾਰਾ 'ਤੇ ਪਹਿਰਾ ਦੇ ਕੇ ਹੀ ਪੱਧਰਾ ਕੀਤਾ ਜਾ ਸਕਦਾ ਹੈ।

# ਭਾਜਪਾ ਮੰਡਲ ਨੇ ਸ਼ਹਿਰ 'ਚ ਲੱਡੂ ਵੰਡ ਕੇ ਖੁਸ਼ੀ ਮਨਾਈ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਡੇਰਾ ਬੱਸੀ ਭਾਜਪਾ ਮੰਡਲ ਨੇ ਸ਼ਹਿਰ ਵਿੱਚ ਖੁਸ਼ੀ ਦਾ ਇਜ਼ਹਾਰ ਕੀਤਾ। ਭਾਜਪਾ ਦੇ ਕਦਰਦਾਨਾਂ ਅਤੇ ਸਮਰਥਕਾਂ ਨੇ ਇਕੱਠੇ ਹੋ ਕੇ ਲੱਡੂ ਵੰਡੇ ਅਤੇ ਆਪਣੇ ਜੋਸ਼ ਨੂੰ ਪ੍ਰਗਟਾਇਆ। ਸ਼ਹਿਰ ਵਿੱਚ ਸਵੇਰ ਤੋਂ ਹੀ ਲੋਕਾਂ ਵਿੱਚ ਖੁਸ਼ੀ ਦਾ ਮਾਹੌਲ ਦਿਖਾਈ ਦੇ ਰਿਹਾ ਸੀ।ਭਾਜਪਾ ਦੇ ਮੰਡਲ ਪ੍ਰਧਾਨ ਨੇ ਕਿਹਾ ਕਿ ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਣਨਾ ਸਿਰਫ ਇੱਕ ਜਿੱਤ ਨਹੀਂ, ਸਗੋਂ ਇਸ ਗੱਲ ਦਾ ਪ੍ਰਤੀਕ ਹੈ ਕਿ ਲੋਕਾਂ ਦਾ ਭਰੋਸਾ ਮੁੜ ਪਾਰਟੀ ਉੱਤੇ ਕਾਇਮ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਜਿੱਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਕਲਪ, ਨੇਤਰਤੱਵ ਅਤੇ ਨੀਤੀਆਂ ਦਾ ਨਤੀਜਾ ਹੈ। ਉਨ੍ਹਾਂ ਦੇ ਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਤੇ ਲੋਕ-ਕੇਂਦਰਿਤ ਨੀਤੀਆਂ ਨੇ ਦਿੱਲੀ ਦੇ ਮਤਦਾਤਾਵਾਂ ਨੂੰ ਪ੍ਰਭਾਵਿਤ ਕੀਤਾ। ਮੰਡਲ ਦੇ ਜਨਰਲ ਸੈਕਟਰੀ ਨੇ ਕਿਹਾ 'ਇਹ ਸਿਰਫ ਭਾਜਪਾ ਦੀ ਜਿੱਤ ਨਹੀਂ ਹੈ, ਸਗੋਂ ਇਹ ਲੋਕਤੰਤਰ ਦੀ ਜਿੱਤ ਹੈ। ਇਹ ਸਾਬਤ ਕਰਦਾ ਹੈ ਕਿ ਲੋਕਾਂ ਨੂੰ ਭਰੋਸਾ ਹੈ ਕਿ ਭਾਜਪਾ ਹੀ ਉਹ ਪਾਰਟੀ ਹੈ ਜੋ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰੇਗੀ।' ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਸਦਿਆ ਹੀ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਰਹੇਗੀ।

# ਇੰਨੋਸੈਂਟ ਹਾਰਟਸ ਸਕੂਲ ਵੱਲੋਂ ਐਸ ਡੀ ਜੀ-13 ਕਲਾਈਮੇਟ ਐਕਸ਼ਨ ਤੇ ਪ੍ਰਦਰਸ਼ਨੀ

**ਜਲੰਧਰ (ਸੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ ਕੈਂਟ ਜੰਡਿਆਲਾ ਰੋਲ ਵਿੱਚ ਹਾਲ ਹੀ ਵਿੱਚ ਬੋਰੀ ਮੈਮੋਰੀਅਲ ਐਜੂਕੇਸ਼ਨ ਟਰੱਸਟ ਦੁਆਰਾ ਸੰਚਾਲਿਤ ਇੱਕ ਪ੍ਰਬੰਧਕ ਦਿਸ਼ਾ ਐਂਨ ਇਨੀਸ਼ੀਏਟਿਵ ਦੇ ਤਹਿਤ ਇਕ ਸੀਐਸਆਰ ਪਰਿਯੋਜਨਾ ਦੇ ਰੂਪ ਵਿੱਚ ਸਤਤ ਵਿਕਾਸ ਲਕਸ਼ ਐਸਡੀਜੀ-13 ਕਲਾਈਮੇਟ ਐਕਸ਼ਨ ਤੇ ਇੱਕ ਪ੍ਰੇਰਨਾਦਇਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ , ਮੰਨੇ-ਪ੍ਰਮੰਨੇ ਲੋਕਾਂ ,ਨੇਤਾਵਾਂ ਨੇ ਉਤਸ਼ਾਹਪੂਰਨ ਹਿੱਸੇਦਾਰੀ ਦਿਖਾਈ । ਪ੍ਰਮੁੱਖ ਅਤੇ ਮਹਿਮਾਨ ਦੇ ਰੂਪ ਵਿੱਚ ਜਲੰਧਰ ਕੈਂਟ ਦੇ ਸਨਮਾਨਿਤ ਨਿਰਵਾਚਨ ਖੇਤਰ ਪ੍ਰਭਾਰੀ ਸ੍ਰੀਮਤੀ ਅਰਾਧਨਾ ਬੋਰੀ (ਐਗਜੀਕਿਊਟਿਵ ਡਾਇਰੈਕਟਰ ਆਫ ਇੰਨੋਸੈਂਟ ਹਾਰਟ ਸਕੂਲ), ਸ੍ਰੀਮਤੀ ਸ਼ਰਮੀਲਾ ਨਾਕਰਾ ( ਡਿਪਟੀ ਡਾਇਰੈਕਟਰ ਆਫ ਕਲਚਰ ਅਫੇਅਰਸ),ਸ਼ੈਫ ਗਗਨਦੀਪ ਹਪਨ ਦੀਨ (ਸਕੂਲ ਆਫ ਮੈਨੇਜਮੈਂਟ ਇੰਸਟੀਟਿਊਸ਼ਨ ਲੁਹਾਰਾ) ਅਤੇ ਸ਼੍ਰੀਮਤੀ ਸੋਨਾਲੀ ਮਨੋਚਾ (ਪ੍ਰਿੰਸੀਪਲ ਕੈਂਟ ਜੰਡਿਆਲਾ) ਸ਼ਾਮਿਲ ਸਨ। ਇਸ ਤੋਂ ਇਲਾਵਾ ਆਸ-ਪਾਸ ਦੇ ਕਈ ਪਿੰਡਾਂ ਦੇ ਸਰਪੰਚਾਂ ਨੇ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ ਅਤੇ ਮੁੱਲਵਾਨ ਵਿਚਾਰ ਸਾਂਝੇ ਕੀਤੇ। ਪ੍ਰਦਰਸ਼ਨੀ ਦੇ ਦੌਰਾਨ ਵਿਦਿਆਰਥੀਆਂ ਨੇ ਜਲਵਾਯੂ ਕਿਰਿਆ ਤੇ ਅਧਾਰਿਤ ਅਭਿਨਵ ਮਾਡਲ ਪ੍ਰਸਤੁਤ ਕੀਤੇ। ਬੇਟੀ ਬਚਾਓ ਬੇਟੀ ਪੜ੍ਹਾਓ ਅਤੇ ਕਲਾਈਮੇਟ ਐਕਸ਼ਨ ਤੇ ਇੱਕ ਮਨੋਰਮ ਨੁੱਕੜ ਨਾਟਕ ਨੇ ਦਰਸ਼ਕਾਂ ਨੂੰ ਪ੍ਰੇਰਿਤ ਕੀਤਾ। ਕਰਨ ਦੇ ਮਹੱਤਵ ਉੱਤੇ ਜ਼ੋਰ ਦਿੱਤਾ ਅਤੇ ਵਾਤਾਵਰਨ ਸਥਿਰਤਾ ਦੇ ਲਈ ਸਮੂਹਿਕ ਜਤਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਰਜਿੰਦਰ ਕੌਰ ਥੇਰਾ ਨਿਰਵਾਚਨ ਖੇਤਰ ਪ੍ਰਭਾਰੀ, ਜਲੰਧਰ ਕੈਂਟ, ਬਚਿੰਦਰ ਸਿੰਘ ਭੁੱਲਰ ਬਲਾਕ ਪ੍ਰਧਾਨ ਜਲੰਧਰ ਕੈਂਟ ਹਲਕਾ, ਸ਼੍ਰੀਮਤੀ ਅਮਨਦੀਪ ਕੌਰ ਸਰਪੰਚ, ਨਾਨਕ ਪਿੰਡ, ਸਤਨਾਮ ਸਿੰਘ ਸਰਪੰਚ, ਭੋਡੇ ਸਪਰਾਈ, ਵਿਜੇ ਕੁਮਾਰ ਸਰਪੰਚ ਸ਼ਾਹਪੁਰ, ਤਰਸੇਮ ਲਾਲ ਸਰਪੰਚ ਸ਼ਾਹਪੁਰ , ਮਲਕਰਾਜ , ਸੰਦੀਪ ਬਸੂ, ਸਰਪੰਚ ਦਿਵਾਲੀ, ਨੱਥਾ ਸਿੰਘ ਸਰਪੰਚ-ਚੰਨਨਪੁਰ ਅਤ ਗੁਰਵਿੰਦਰ ਪਾਲ ਸਿੰਘ, ਸਰਪੰਚ ਜਮਸ਼ੇਰ ਖਾਸ ਧੰਨਵਾਦ ਦੇ ਰੂਪ ਵਿੱਚ ਸਕੂਲ ਦੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਭੇਂਟ ਕੀਤੇ ਗਏ।

# ਦਫ਼ਤਰੀ ਮੁਲਾਜ਼ਮਾਂ ਵੱਲੋਂ 13 ਨੂੰ ਮੁੱਖ ਮੰਤਰੀ ਨਿਵਾਸ ਵੱਲ ਕੂਚ ਕਰਨ ਦਾ ਐਲਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਵਾਰ-ਵਾਰ ਸੂਬੇ ਦੀ ਅਫ਼ਸਰਸ਼ਾਹੀ ਨੂੰ ਹੁਕਮ ਕਰਨ ਦੇ ਬਾਵਜੂਦ ਵੀ ਮੁਲਾਜ਼ਮਾਂ ਦੇ ਮਸਲੇ ਹੱਲ ਨਾ ਹੋਣ ਦੇ ਰੋਸ ਵਜੋਂ ਦਫ਼ਤਰੀ ਕਾਮਿਆਂ ਵੱਲੋਂ 13 ਫਰਵਰੀ ਨੂੰ ਸਿੱਖਿਆ ਭਵਨ ਦਾ ਘਿਰਾਓ ਕਰਕੇ ਮੁੱਖ ਮੰਤਰੀ ਨਿਵਾਸ ਚੰਡੀਗੜ੍ਹ ਵੱਲ ਕੂਚ ਕਰਨ ਦਾ ਐਲਾਨ ਕਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਮੁਲਾਜ਼ਮਾਂ ਨਾਲ ਮੀਟਿੰਗਾਂ ਕਰਕੇ ਮੁਲਾਜ਼ਮਾਂ ਦੇ ਮਸਲੇ ਨਿਬੇੜਨ ਦੇ ਯਤਨ ਚ ਹੈ ਪਰ ਦੂਜੇ ਪਾਸੇ ਅਫਸਰਸ਼ਾਹੀ ਮੁਲਾਜ਼ਮਾਂ ਦਾ ਸੋਸ਼ਣ ਕਰਨ 'ਤੇ ਉਤਾਰੂ ਹੈ। ਮੁਲਾਜ਼ਮਾਂ ਦੀ 14 ਜਨਵਰੀ ਨੂੰ ਵਿਭਾਗ ਨਾਲ ਹੋਈ ਮੀਟਿੰਗ ਵਿੱਚ ਇਸ ਗੱਲ ਤੇ ਸਹਿਮਤੀ ਬਣੀ ਸੀ ਕਿ ਹੜਤਾਲ ਦੇ ਸਮੇਂ ਦਾ ਪੈਂਡਿੰਗ ਪਿਆ ਸਾਰਾ ਕੰਮ ਕਰਨ ਦੀ ਸੂਰਤ ਵਿੱਚ ਵਿਭਾਗ ਵਲੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਜਾਰੀ ਕਰ ਦਿੱਤੀਆਂ ਜਾਣਗੀਆਂ। ਮੁਲਾਜ਼ਮਾਂ ਵਲੋਂ ਦਿਨ ਰਾਤ ਇੱਕ ਕਰਕੇ ਅਪਣੇ ਪੈਂਡਿੰਗ ਪਏ ਸਾਰੇ ਕੰਮ ਕਰ ਦਿੱਤੇ ਗਏ ਹਨ ਅਤੇ ਇਸ ਸਬੰਧ ਵਿੱਚ ਜਥੇਬੰਦੀ ਵਲੋਂ ਡੀ ਜੀ ਐਸ ਈ ਅਤੇ ਸਿੱਖਿਆ ਸਕੱਤਰ ਨੂੰ ਕਈ ਵਾਰ ਮਿਲ ਕੇ ਦਸੰਬਰ ਅਤੇ ਜਨਵਰੀ ਮਹੀਨੇ ਦੀਆਂ ਤਨਖਾਹਾਂ ਦੇ ਫੰਡ ਜਾਰੀ ਕਰਵਾਉਣ ਲਈ ਬੇਨਤੀ ਵੀ ਕੀਤੀ ਜਾ ਚੁੱਕੀ ਹੈ ਪਰ ਅਜੇ ਤੱਕ ਤਨਖਾਹਾਂ ਦੇ ਫੰਡ ਜਾਰੀ ਨਹੀਂ ਕੀਤੇ ਗਏ ਹਨ ਉਲਟਾ ਮੁੱਖ ਦਫ਼ਤਰ ਵਲੋਂ ਜ਼ਿਲ੍ਹਿਆਂ ਨੂੰ ਹੜਤਾਲ ਦੇ ਦਿਨਾਂ ਦੀ ਤਨਖਾਹ ਕੱਟ ਕੇ ਡਿਮਾਂਡ ਭੇਜਣ ਦੇ ਨਾਦਰਸ਼ਾਹੀ ਫਰਮਾਨ ਜਾਰੀ ਕੀਤੇ ਜਾ ਰਹੇ ਹਨ ਜਿਸ ਤੋਂ ਮੁਲਾਜ਼ਮਾਂ ਵਿਚ ਰੋਸ ਵੱਧ ਗਿਆ ਹੈ ਅਤੇ ਦਫ਼ਤਰੀ ਕਾਮੇ ਮੁੜ ਸੰਘਰਸ਼ ਦੇ ਰਾਹ 'ਤੇ ਪੈਣ ਲਈ ਮਜਬੂਰ ਹੋ ਗਏ ਹਨ। ਉਨਾਂ ਕਿਹਾ ਕਿ ਜੇ 11 ਫਰਵਰੀ ਦੀ ਅਫਸਰ ਕਮੇਟੀ ਦੀ ਹੋਣ ਜਾ ਰਹੀ ਮੀਟਿੰਗ ਵਿੱਚ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸਬੰਧੀ ਕੋਈ ਠੋਸ ਫੈਸਲਾ ਨਹੀਂ ਲਿਆ ਜਾਂਦਾ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਫੰਡ ਜਾਰੀ ਨਹੀਂ ਕੀਤੇ ਜਾਂਦੇ ਤਾਂ ਮੰਗਾਂ ਪ੍ਰਤੀ ਅਪਣਾਈ ਟਾਲਮਟੋਲ ਦੀ ਨੀਤੀ ਵਿਰੁੱਧ ਮੁਲਾਜ਼ਮ ਮੁਲਾਜ਼ਮ 13 ਫਰਵਰੀ ਨੂੰ ਸਿੱਖਿਆ ਭਵਨ ਮੋਹਾਲੀ ਦੇ ਬਾਹਰ ਇਕੱਤਰ ਹੋ ਕੇ ਚੰਡੀਗੜ੍ਹ ਮੁੱਖ ਮੰਤਰੀ ਦੇ ਨਿਵਾਸ ਵੱਲ ਨੂੰ ਕੂਚ ਕਰਨਗੇ।

# ਦਿੱਲੀ 'ਚ ਭਾਜਪਾ ਦੀ ਜਿੱਤ 'ਤੇ ਰਾਹੋਂ 'ਚ ਲੱਡੂ ਵੰਡੇ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਦਿੱਲੀ 'ਚ ਭਾਜਪਾ ਦੀ ਜਿੱਤ 'ਤੇ ਡਾ. ਵਿਨੋਦ ਚੋਪੜਾ, ਅਰਵਿੰਦ ਜੋਸ਼ੀ ਲਾਲੀ ਅਤੇ ਕਿਰਨ ਠੁਕਰਾਲ ਦੀ ਅਗਵਾਈ ਵਿੱਚ ਲੱਡੂ ਵੰਡੇ ਅਤੇ ਖੁਸ਼ੀ ਮਨਾਈ ਗਈ।ਭਾਜਪਾ ਦੀ ਹਲਕਾ ਇੰਚਾਰਜ ਪੂਨਮ ਮਾਣਕ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਵਰਕਰਾਂ ਦਾ ਹੌਸਲਾ ਵਧਾਉਦਿਆਂ ਕਿਹਾ ਕਿ ਅਗਲੀ ਵਾਰੀ ਹੁਣ ਪੰਜਾਬ ਦੀ ਹੋਵੇਗੀ। ਜਿਸ ਤਰ੍ਹਾਂ ਮੋਦੀ ਦੀ ਅਗਵਾਈ ਵਿੱਚ ਕੇਜਰੀਵਾਲ ਦੀ ਆਪ ਸਰਕਾਰ ਦਾ ਸੂਫੜਾ ਸਾਫ ਕੀਤਾ ਗਿਆ ਹੈ ਉਸੇ ਤਰ੍ਹਾਂ ਹੁਣੇ ਤੋਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਦਾ ਸੂਫੜਾ ਸਾਫ ਕੀਤਾ ਜਾਵੇਗਾ। ਭਾਜਪਾ ਵਰਕਰਾਂ ਵਲੋਂ ਨਰਿੰਦਰ ਮੋਦੀ ਜ਼ਿੰਦਾਬਾਦ ਤੇ ਭਾਜਪਾ ਜ਼ਿੰਦਾਬਾਦ ਦੇ ਨਾਅਰੇ ਲਗਾਉਦਿਆਂ ਲੱਡੂ ਵੰਡਦਿਅੰ ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ 'ਤੇ ਅਮਰੀਕ ਸਿੰਘ, ਡਾ. ਤਰਸੇਮ, ਸੰਜੀਵ ਭਾਰਦਵਾਜ, ਡਿੰਪਲ ਚੋਪੜਾ, ਰਿੰਪਲ ਚੋਪੜਾ, ਸ਼ਿਵਮ ਚੱਡਾ, ਜਸਵੰਤ ਰਾਏ, ਐਡਵੋਕੇਟ ਕੇ.ਕੇ ਠੁਕਰਾਲ, ਸੁਮਿਤ ਚੋਪੜਾ, ਰੋਹਿਤ ਜੈਨ ਆਦਿ ਹਾਜ਼ਰ ਸਨ।



## ਕਿਸਾਨਾਂ ਵੱਲੋਂ ਅਮਰੀਕੀ ਰਾਸ਼ਟਰਪਤੀ ਟਰੰਪ ਖਿਲਾਫ਼ ਪ੍ਰਦਰਸ਼ਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਅਮਰੀਕਾ ਤੋਂ ਡਿਪੋਰਟ ਹੋਏ ਭਾਰਤੀ ਨਾਗਰਿਕਾਂ ਨੂੰ ਹਥਕੜੀਆਂ ਲਾ ਕੇ ਭਾਰਤ ਭੇਜਿਆ ਗਿਆ।ਇਸ ਗੱਲ 'ਤੇ ਸਾਰੇ ਦੇਸ਼ ਵਿੱਚ ਚਰਚਾ ਤੇਜ਼ ਹੈ।ਵਿਰੋਧੀ ਧਿਰ ਅਤੇ ਹੋਰ ਗੈਰ ਰਾਜਨੀਤਿਕ ਦਲ ਵੀ ਇਸ ਦਾ ਵਿਰੋਧ ਕਰ ਰਹੇ ਹਨ।ਪਟਿਆਲਾ ਵਿਖੇ ਭੀੜਭਾੜ ਵਾਲੇ ਚੌਕ 'ਤੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਵਰਕਰਾਂ ਵੱਲੋਂ ਕੇਂਦਰ ਸਰਕਾਰ ਅਤੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੇ ਖਿਲਾਫ ਪ੍ਰਦਰਸ਼ਨ ਕੀਤਾ ਗਿਆ।ਇਸ ਦੌਰਾਨ ਵੱਡੀ ਗਿਣਤੀ ਵਿੱਚ ਕਿਸਾਨ ਇਕੱਠੇ ਹੋਏ।ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਭਾਰਤ ਵਿੱਚ ਬੇਰੁਜ਼ਗਾਰੀ ਵਧ ਰਹੀ ਹੈ।ਇਸ ਕਾਰਨ ਬੱਚਿਆਂ ਨੇ ਵਿਦੇਸ਼ ਜਾਣਾ ਸ਼ੁਰੂ ਕਰ ਦਿੱਤਾ।ਇਸ 'ਤੇ ਕੇਂਦਰ ਨੇ ਧਿਆਨ ਨਹੀਂ ਦਿੱਤਾ।ਇਸ ਦਾ ਫਾਇਦਾ ਪੰਜਾਬ ਵਿੱਚ ਬੈਠੇ ਗੈਰ ਕਾਨੂੰਨੀ ਟ੍ਰੈਵਲ ਏਜੰਟਾਂ ਨੇ ਉਠਾਇਆ ਅਤੇ ਸਧਾਰਨ ਲੋਕਾਂ ਨੂੰ ਲੁਭਾਉਣਾ ਸ਼ੁਰੂ ਕਰ ਦਿੱਤਾ।

## ਪੰਜਾਬੀ ਸਾਹਿਤ ਸਭਾ ਮਨਾਏਗੀ ਕਮਾਂਡੈਂਟ ਰਸ਼ਪਾਲ ਸਿੰਘ ਦਾ ਜਨਮ ਦਿਨ : ਸੱਦੀ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬੀ ਸਾਹਿਤ ਸਭਾ (ਰਜਿ.) ਸਮਰਾਲਾ ਦੇ ਮੁੱਖ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ, ਜੋ ਪ੍ਰੈਜ਼ੀਡੈਂਟ ਆਫ ਪੁਲਸ ਮੈਡਲ ਪੁਰਸਕਾਰ ਪ੍ਰਾਪਤ ਹਨ, ਦਾ 92ਵਾਂ ਜਨਮ ਦਿਨ 10 ਫਰਵਰੀ ਨੂੰ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਦੇ ਦਫਤਰ 'ਬਾਗੀ ਭਵਨ' ਵਿਖੇ ਸਵੇਰੇ 11 ਵਜੇ ਸਾਦੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਜਾ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਪੰਜਾਬੀ ਸਾਹਿਤ ਸਭਾ ਦੇ ਸਰਪ੍ਰਸਤ ਬਿਹਾਰੀ ਲਾਲ ਸੱਦੀ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕੀਤਾ।ਉਨ੍ਹਾਂ ਦੱਸਿਆ ਕਿ ਦਰਵੇਸ਼ ਸ਼ਖਸੀਅਤ ਦੇ ਮਾਲਕ ਰਸ਼ਪਾਲ ਸਿੰਘ ਨੇ ਆਪਣੀ ਸਰਕਾਰੀ ਸੇਵਾ ਮੁਕਤੀ ਤੋਂ ਉਪਰੰਤ ਇੱਕ ਐਨ.ਜੀ.ਓ. ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਦਾ ਨਿਰਮਾਣ ਆਪਣੇ ਅਤਿ ਨੇੜਲੇ ਸਾਥੀ ਮਾ. ਮਹਿਮਾ ਸਿੰਘ ਕੰਗ ਨਾਲ ਰਲ ਕੇ ਸਰਕਾਰੀ ਤੰਤਰ ਵਿੱਚ ਫੈਲੇ ਭ੍ਰਿਸ਼ਟਾਚਾਰ, ਨਸ਼ਾਖੋਰੀ, ਦਾਜ ਦਹੇਜ, ਜ਼ਮੀਨ ਅਤੇ ਘਰੇਲੂ ਝਗੜਿਆਂ ਨਿਪਟਾਰਾ ਕਰਨ ਆਦਿ ਕੰਮਾਂ ਨੂੰ ਪੂਰਨ ਤਨਦੇਹੀ ਨਾਲ ਨਿਭਾਇਆ, ਜਿਸ ਨਾਲ ਆਮ ਲੋਕਾਂ ਵਿੱਚ ਫਰੰਟ ਦਾ ਸਤਿਕਾਰ ਵਧਿਆ।ਇਸ ਤੋਂ ਪਹਿਲਾਂ ਸ੍ਰੀ ਬ੍ਰਾਹਮਣ ਸਭਾ ਪੰਜਾਬ ਵੱਲੋਂ ਉਨ੍ਹਾਂ ਨੂੰ 'ਮਰਦੇ-ਦਰਵੇਸ਼' ਪੁਰਸਕਾਰ ਨਾਲ ਸਨਮਾਨਤ ਕਰ ਚੁੱਕੀ ਹੈ। ਹੁਣ ਪੰਜਾਬੀ ਸਾਹਿਤ ਸਭਾ ਉਨ੍ਹਾਂ ਦਾ ਜਨਮ ਦਿਨ ਮਨਾਉਣ ਦਾ ਸੁਭਾਗ ਪ੍ਰਾਪਤ ਕਰ ਰਹੀ ਹੈ ਅਤੇ ਸਭਾ ਇਸ ਕਰਮਯੋਗੀ ਦੀ ਹੋਰ ਲੰਮੇਰੀ ਉਮਰ ਦੀ ਕਾਮਨਾ ਕਰਦੀ ਹੈ।

## ਐੱਸ ਸੀ ਵਰਗ 'ਤੇ ਹੋ ਰਹੇ ਹਮਲਿਆਂ ਦੀ ਨਿੰਦਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਜ਼ਦੂਰ ਯੂਨੀਅਨ ਦੇ ਆਗੂ ਪ੍ਰਿਤਪਾਲ ਸਿੰਘ ਰਾਮਪੁਰਾ, ਡਾ. ਦਲਜੀਤ ਸਿੰਘ ਚੌਹਾਨ ਪੰਜਾਬ ਪ੍ਰਧਾਨ ਗੁਰੂ ਗਿਆਨ ਨਾਥ ਵਾਲਮੀਕ ਧਰਮ ਸਮਾਜ ਰਜਿਸਟਰ ਭਾਰਤ ਸਰਕਾਰ ਅੰਮ੍ਰਿਤਸਰ ਨੇ ਐਸ ਸੀ ਵਰਗ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਅੰਦਰ ਐਸ ਸੀ ਵਰਗ 'ਤੇ ਹਮਲੇ ਹੋ ਰਹੇ ਹਨ। ਪਹਿਲਾਂ ਅੰਮ੍ਰਿਤਸਰ ਵਿਚ ਡਾ. ਬੀ ਆਰ ਅੰਬੇਡਕਰ ਦੇ ਸਰੂਪ ਦੀ ਸ਼ਰੇਆਮ ਬੇਅਦਬੀ ਹੋਈ, ਹੁਣ ਤੱਕ ਪੰਜਾਬ ਸਰਕਾਰ ਇਸ ਸਾਜਿਸ਼ ਦਾ ਪਤਾ ਨਹੀਂ ਲਗਾ ਸਕੀ ਜਾਂ ਪੰਜਾਬ ਸਰਕਾਰ ਜਾਣਬੁੱਝ ਕੇ ਇਸ ਸਾਜਿਸ਼ ਦਾ ਪਤਾ ਨਹੀਂ ਲਗਾਉਣੀ ਚਾਹੁੰਦੀ। ਦੋ ਦਿਨ ਪਹਿਲਾਂ ਫਰੀਦਕੋਟ ਦੇ ਪਿੰਡ ਚੰਦਭਾਨ ਵਿਚ ਕਿਸ ਤਰ੍ਹਾ ਘੜੰਮ ਚੌਧਰੀ ਪੁਲਸ ਦੀ ਮੌਜੂਦਗੀ ਵਿਚ ਮਜ਼ਦੂਰਾਂ 'ਤੇ ਪੁਲਸ ਦੀ ਸ਼ਹਿ 'ਤੇ ਫਰਾਇੰਗ ਕਰ ਰਹੇ ਹਨ।ਜੈਤੋ ਦੇ ਐਸ ਐਚ ਓ ਨੇ ਜਾਣਬੁੱਝ ਕੇ ਮਜ਼ਦੂਰਾਂ ਨੂੰ ਭੜਕਾਇਆ। ਫਰੀਦਕੋਟ ਪੁਲਸ ਮਜ਼ਦੂਰਾਂ 'ਤੇ ਜੈਤੋ ਦੇ ਐਮ ਐਲ ਏ ਦੀ ਸ਼ਹਿ 'ਤੇ ਅੰਨ੍ਹਾ ਤਸ਼ੱਦਦ ਕਰ ਰਹੀ ਹੈ।ਫਰੀਦਕੋਟ ਪੁਲਸ ਮਜ਼ਦੂਰਾਂ 'ਤੇ ਦੂਸਰੇ ਦੇਸ਼ ਦੇ ਨਾਗਰਿਕਾਂ ਵਾਲਾ ਸਲੂਕ ਕਰ ਰਹੀ ਹੈ।ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਮਜ਼ਦੂਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀਆਂ ਹਨ।ਕੇਂਦਰ ਸਰਕਾਰ ਨੇ ਬਜਟ ਵਿਚ ਮਜ਼ਦੂਰਾਂ ਨੂੰ ਕੁਝ ਨਹੀਂ ਦਿੱਤਾ। ਪ੍ਰਿਤਪਾਲ ਸਿੰਘ ਤੇ ਡਾ. ਦਲਜੀਤ ਸਿੰਘ ਚੌਹਾਨ ਨੇ ਚੇਤਾਵਨੀ ਦਿੱਤੀ ਕਿ ਗਰੀਬ ਵਰਗ ਨਾਲ ਵਿਤਕਰੇ ਤੇ ਫਰੀਦਕੋਟ ਪੁਲਸ ਦੀ ਦਰਿੰਦਗੀ ਵਿਰੁੱਧ ਪੰਜਾਬ ਬੰਦ ਦੀ ਕਾਲ ਹਮਖਿਆਲੀ ਜਥੇਬੰਦੀਆਂ ਨਾਲ ਮਿਲ ਕੇ ਦਿੱਤੀ ਜਾਵੇਗੀ।ਇਸ ਮੌਕੇ ਡਾ. ਸੁਖਵਿੰਦਰ ਸਿੰਘ ਬਾਠ ਜ਼ਿਲ੍ਹਾ ਸਕੱਤਰ, ਬਲਕਾਰ ਸਿੰਘ ਸੂਬਾ ਆਗੂ, ਅਜਵੰਤ ਸਿੰਘ ਸਰਪੰਚ, ਸਰਮੁੱਖ ਸਿੰਘ ਜਮੂਹਰੀ ਅਧਿਕਾਰ ਸਭਾ, ਮਾਸਟਰ ਵਿਰਸਾ ਸਿੰਘ, ਸੁਖਜਿੰਦਰ ਸਿੰਘ ਬਲਾਕ ਆਗੂ ਡਕੌਂਦਾ ਜਥੇਬੰਦੀ, ਮਾਸਟਰ ਕੌਰ ਸਿੰਘ, ਗਮਦੂਰ ਸਿੰਘ, ਡੀ ਸੀ ਕੋਟਲਾ, ਬਸਪਾ ਆਗੂ ਗੁਰਮੇਲ ਸਿੰਘ ਮੌਜੂਦ ਸਨ।

## ਨਸ਼ਾ ਤਸਕਰ ਦੀ ਪ੍ਰਾਪਰਟੀ ਅਟੈਚ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪੁਲਸ ਥਾਣਾ ਘੱਗਾ ਦੇ ਪਿੰਡ ਕਲਵਾਣੂ ਦੇ ਇੱਕ ਨਸ਼ਾ ਤਸਕਰ ਦੀ ਪ੍ਰਾਪਰਟੀ ਅਟੈਚ ਕੀਤੀ ਗਈ ਹੈ।ਪੁਲਸ ਵੱਲੋਂ ਕਾਰਵਾਈ ਨੂੰ ਅੰਜਾਮ ਦੇਣ ਮੌਕੇ ਡੀ ਐਸ ਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਅਤੇ ਲਾਅ ਅਫਸਰ ਗਗਨਦੀਪ ਸਿੰਘ ਵੱਲੋਂ ਨਸ਼ਾ ਤਸਕਰ ਦੇ ਘਰ ਅੱਗੇ ਪੋਸਟਰ ਲਗਾਇਆ ਗਿਆ।ਥਾਣਾ ਮੁਖੀ ਘੱਗਾ ਬਲਜਿੰਦਰ ਸਿੰਘ ਨੇ ਦੱਸਿਆ ਕਿ ਘੱਗਾ ਪੁਲਸ ਵੱਲੋਂ ਐਨ ਡੀ ਪੀ ਐਸ ਐਕਟ ਤਹਿਤ 1 ਮਈ 2024 ਨੂੰ ਦਰਜ ਕੀਤੀ ਗਈ ਐਫ ਆਈ ਆਰ ਨੰਬਰ 38 ਵਿੱਚ ਸ਼ਾਮਲ ਕਥਿਤ ਦੋਸ਼ੀਆਂ ਦੀ 35 ਲੱਖ 71 ਹਜ਼ਾਰ ਰੁਪਏ ਦੀ ਜਾਇਦਾਦ ਅਟੈਚ ਕੀਤੀ ਗਈ ਹੈ।ਕਥਿਤ ਦੋਸ਼ੀ ਦੇ ਘਰ ਸਾਹਮਣੇ ਅਦਾਲਤ ਵੱਲੋਂ ਪ੍ਰਾਪਰਟੀ ਅਟੈਚ ਕਰਨ ਦੇ ਦਿੱਤੇ ਗਏ ਨਿਰਦੇਸ਼ਾਂ ਦੀ ਕਾਪੀ ਘਰ ਦੇ ਗੇਟ 'ਤੇ ਚਿਪਕਾਉਣ ਉਪਰੰਤ ਡੀ ਐਸ ਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਨੇ ਕਿਹਾ ਕਿ ਪੰਜਾਬ ਪੁਲਸ ਵੱਲੋਂ ਸੂਬੇ ਵਿੱਚ ਵਧਦੇ ਨਸ਼ਿਆਂ ਦੇ ਜਾਲ ਨੂੰ ਤੋੜਨ ਲਈ ਨਸ਼ਾ ਤਸਕਰਾਂ ਖਿਲਾਫ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਦੇ ਤਹਿਤ ਨਸ਼ਿਆਂ ਦੀ ਸਮਗਲਿੰਗ ਕਰਨ ਵਾਲੇ ਵਿਅਕਤੀਆਂ ਖਿਲਾਫ ਕੇਸ ਦਰਜ ਕਰਕੇ ਸਪਲਾਈ ਚੇਨ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਪੁਲਸ ਦਾ ਸਹਿਯੋਗ ਕਰਨ।

## ਦਿੱਲੀ 'ਚ ਭਾਜਪਾ ਨੂੰ ਭਾਰੀ ਬਹੁਮਤ ਮਿਲਣ 'ਤੇ ਆਗੂਆਂ ਲੱਡੂ ਵੰਡੇ



**ਧੂਰੀ (ਬਿੰਨੀ ਗਰਗ)**-ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਹਰਾ ਕੇ ਭਾਜਪਾ ਵੱਲੋਂ ਭਾਰੀ ਬਹੁਮਤ ਨਾਲ ਵਿਧਾਨ ਸਭਾ ਚੋਣਾਂ ਜਿੱਤਣ ਦੀ ਖੁਸ਼ੀ ਵਿੱਚ ਅੱਜ ਧੂਰੀ ਵਿਖੇ ਭਾਜਪਾ ਆਗੂਆਂ ਵੱਲੋਂ ਲੱਡੂ ਵੰਡੇ ਗਏ। ਇਸ ਮੌਕੇ ਗੱਲਬਾਤ ਕਰਦਿਆਂ ਭਾਜਪਾ ਦੇ ਪੰਜਾਬ ਕਾਰਜਕਾਰਨੀ ਕਮੇਟੀ ਦੇ ਮੈਂਬਰ ਜਗਦੇਵ ਸਿੰਘ ਜੱਗਾ ਨੇ ਦੱਸਿਆ ਕਿ ਦਿੱਲੀ ਦੇ ਲੋਕਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ 'ਤੇ ਮੋਹਰ ਲਾ ਕੇ ਇਸ ਵਾਰ ਦਿੱਲੀ ਵਿੱਚ ਭਾਜਪਾ ਨੂੰ ਭਾਰੀ ਬਹੁਮਤ ਨਾਲ ਜਤਾਇਆ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਣਨ ਨਾਲ ਦਿੱਲੀ ਮੁੜ ਵਿਕਾਸ ਦੀਆਂ ਲੀਹਾਂ 'ਤੇ ਵੱਧੇਗੀ। ਉਨ੍ਹਾਂ ਕਿਹਾ ਕਿ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੂੰ ਦਿੱਲੀ ਦੇ ਲੋਕਾਂ ਨੇ ਨਕਾਰ ਦਿੱਤਾ ਹੈ ਅਤੇ ਆਉਣ ਵਾਲੀਆਂ ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨਾ ਲਗਭਗ ਤੈਅ ਹੈ। ਇਸ ਮੌਕੇ ਭਾਜਪਾ ਦੇ ਮੰਡਲ ਪ੍ਰਧਾਨ ਅਰੁਣ ਆਰੀਆ, ਪ੍ਰਦੀਪ ਗਰਗ, ਆਸ਼ੀਸ਼ ਕੁਮਾਰ, ਕਮਲਜੀਤ, ਨੀਲੂ ਮਿੱਤਲ ਰਵਿੰਦਰ ਜਿੰਦਲ, ਅਮਰ ਗਰਗ ਸੰਜੀਵ ਕਾਂਸਲ ਮਨੂੰ, ਨਵਦੀਪ ਕੁਮਾਰ, ਬਰਜੇਸ਼ਵਰ ਦਾਸ, ਨਰਪਿੰਦਰ ਜਿੰਦਲ ਆਦਿ ਹਾਜ਼ਰ ਸਨ।

## ਦਿੱਲੀ 'ਚ ਭਾਜਪਾ ਦੀ ਜਿੱਤ 'ਤੇ ਵਰਕਰਾਂ ਮਨਾਈ ਖੁਸ਼ੀ



**ਗੁਰੂ ਹਰਸਹਾਏ (ਫਕੀਰ ਚੰਦ ਸਿਕਰੀ)**-ਦਿੱਲੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਆਏ ਨਤੀਜਿਆਂ ਵਿੱਚ ਅੱਜ ਭਾਜਪਾ ਦੀ ਹੋਈ ਵੱਡੀ ਜਿੱਤ 'ਤੇ ਗੁਰੂ ਹਰ ਸਹਾਇ ਵਿਖੇ ਭਾਜਪਾ ਵਰਕਰਾਂ ਵੱਲੋਂ ਨੱਚ ਟੱਪ ਕੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾ ਕੇ ਖੁਸ਼ੀ ਮਨਾਈ ਗਈ। ਇਸ ਮੌਕੇ ਗੱਲਬਾਤ ਕਰਦੇ ਹੋਏ ਰਾਣਾ ਗੁਰਮੀਤ ਸਿੰਘ ਸੋਢੀ ਦੇ ਸਿਆਸੀ ਸਲਾਹਕਾਰ ਵਿੱਕੀ ਸਿੱਧੂ ਨੇ ਦੱਸਿਆ ਕਿ ਦਿੱਲੀ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸੱਤਾ ਤੋਂ ਲਾਹੁੰਦੇ ਹੋਏ ਭਾਜਪਾ ਦੀ ਸਰਕਾਰ ਤੇ ਵਿਸ਼ਵਾਸ ਜਤਾਉਂਦੇ ਹੋਏ ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਣਾਈ ਹੈ।ਉਨ੍ਹਾਂ ਕਿਹਾ ਕਿ ਭਾਈਆ ਵੱਲੋਂ ਜਿਹੜੇ ਜਿਹੜੇ ਵਾਅਦੇ ਚੋਣਾਂ ਤੋਂ ਪਹਿਲਾਂ ਦਿੱਲੀ ਦੇ ਲੋਕਾਂ ਦੇ ਨਾਲ ਕੀਤੇ ਗਏ ਸਨ, ਉਹ ਸਾਰੇ ਹੀ ਵਾਅਦੇ ਭਾਜਪਾ ਵੱਲੋਂ ਪੂਰੇ ਕੀਤੇ ਜਾਣਗੇ ਤੇ ਦਿੱਲੀ ਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਉਨ੍ਹਾਂ ਨਾਲ ਅਮਨਦੀਪ ਗਿਰਧਰ, ਕ੍ਰਿਸ਼ਨ ਨਰੂਲਾ, ਸਾਗਰ ਨਰੂਲਾ, ਸਾਗਰ ਸਚਦੇਵਾ, ਟਿੰਕੂ ਖੁਰਾਨਾ, ਸੋਨੂ ਭੰਡਾਰੀ, ਚੰਦਨ ਸਿਕਰਾ, ਰਾਜਵੀਰ ਮੋਂਟੀ, ਨੀਸ਼ੂ ਦਹੂਜਾ, ਨਰੇਸ਼ ਸਿੱਕਰੀ, ਮਦਨ ਮੋਹਨ ਆਦਿ ਭਾਜਪਾ ਵਰਕਰ ਹਾਜ਼ਰ ਸਨ।

## 15 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਜ਼ੀਰਾ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 15 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਏਰੀਆ ਦਾਣਾ ਮੰਡੀ ਪਿੰਡ ਮਨਸੂਰ ਵਾਲ ਕਲਾਂ ਪੁੱਜੇ ਤਾਂ ਇਕ ਨੌਜਵਾਨ ਹਰਮਨਦੀਪ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਪਿੰਡ ਰਟੋਲ ਰੋਹੀ ਸ਼ੱਕ ਹੋਣ ਕਰਕੇ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਤੇ ਪਿੱਛੇ ਮੁੜਨ ਲੱਗਾ, ਜਿਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 15 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਭਾਕਿਯੂ (ਏਕਤਾ-ਉਗਰਾਹਾਂ) ਵੱਲੋਂ ਚੰਦਭਾਨ 'ਚ ਪੁਲਸ ਵੱਲੋਂ ਲਾਠੀਚਾਰਜ ਤੇ ਮਜ਼ਦੂਰ ਘਰਾਂ ਦੀ ਭੰਨਤੋੜ ਕਰਨ ਦੀ ਸਖ਼ਤ ਨਿਖੇਧੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਬੀਤੇ ਦਿਨ ਪਿੰਡ ਚੰਦਭਾਨ (ਫਰੀਦਕੋਟ) 'ਚ ਪੁਲਸ ਵੱਲੋਂ ਮਜ਼ਦੂਰਾਂ ਉਤੇ ਧਾੜਵੀਆਂ ਵਾਂਗ ਹੱਲਾ ਬੋਲ ਕੇ ਲਾਠੀਚਾਰਜ ਕਰਨ, ਉਨ੍ਹਾਂ ਦੇ ਕਈ ਘਰਾਂ 'ਚ ਭਾਰੀ ਭੰਨਤੋੜ ਕਰਨ ਅਤੇ ਉਲਟਾ ਇਰਾਦਾ ਕਤਲ ਤਹਿਤ ਕਈ ਦਰਜਨ ਮਜ਼ਦੂਰਾਂ ਉੱਤੇ ਕੇਸ ਮੜ੍ਹ ਕੇ ਦੋ ਦਰਜਨ ਤੋਂ ਵੱਧ ਪੀੜਤ ਮਜ਼ਦੂਰਾਂ ਨੂੰ ਗ੍ਰਿਫਤਾਰ ਕਰਨ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਸਖ਼ਤ ਨਿਖੇਧੀ ਕੀਤੀ ਗਈ ਹੈ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਵੱਲੋਂ ਸਾਂਝੇ ਪ੍ਰੈਸ ਬਿਆਨ ਰਾਹੀਂ ਦੋਸ਼ ਲਾਇਆ ਗਿਆ ਹੈ ਕਿ ਪੁਲਸ ਵੱਲੋਂ ਪਿੰਡ ਦੀ ਸਰਪੰਚ ਅਮਨਦੀਪ ਕੌਰ ਤੇ ਗੋਰਾ ਸਿੰਘ ਸਮੇਤ ਕਈ ਹੋਰ ਮਜ਼ਦੂਰ ਘਰਾਂ 'ਚ ਭਾਰੀ ਭੰਨਤੋੜ ਤੋਂ ਇਲਾਵਾ ਮਜ਼ਦੂਰਾਂ ਦੀ ਕੁੱਟਮਾਰ ਵੀ ਕੀਤੀ ਗਈ ।ਪੁਲਸ ਦਹਿਸ਼ਤ ਕਾਰਨ ਕੁਝ ਮਜ਼ਦੂਰ ਘਰ ਛੱਡ ਕੇ ਚਲੇ ਗਏ ਹਨ।ਇੱਕ ਪਾਸੇ ਤਾਂ ਜ਼ਿਲ੍ਹਾ ਪੁਲਸ ਮੁਖੀ ਕਿਸੇ ਨੂੰ ਵੀ ਕਾਨੂੰਨ ਹੱਥ 'ਚ ਨਾ ਲੈਣ ਦੇ ਬਿਆਨ ਦੇ ਰਹੇ ਹਨ, ਦੂਜੇ ਪਾਸੇ ਅਮਨ ਕਾਨੂੰਨ ਕਾਇਮ ਰੱਖਣ ਲਈ ਜ਼ਿੰਮੇਵਾਰ ਪੁਲਸ ਅਧਿਕਾਰੀ ਤੇ ਮੁਲਾਜ਼ਮ ਖੁਦ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ।ਉਨ੍ਹਾਂ ਇਹ ਵੀ ਆਖਿਆ ਕਿ ਪੁਲਸ ਦੀ ਹਾਜ਼ਰੀ ਵਿੱਚ ਮਜ਼ਦੂਰਾਂ ਉੱਤੇ ਗੋਲੀਆਂ ਚਲਾਉਣ ਵਾਲੇ ਸ਼ੈਲਰ ਮਾਲਕ ਗਮਦੂਰ ਸਿੰਘ ਦੇ ਬੰਦਿਆਂ ਖਿਲਾਫ ਕਾਰਵਾਈ ਨਾ ਕਰਨਾ ਪੁਲਸ ਅਤੇ ਸ਼ੈਲਰ ਮਾਲਕ ਦੀ ਮਿਲੀਭੁਗਤ ਦਾ ਜੱਗ ਜ਼ਾਹਰਾ ਸਬੂਤ ਹੈ।ਉਨ੍ਹਾਂ ਮੰਗ ਕੀਤੀ ਹੈ ਕਿ ਸ਼ੈਲਰ ਮਾਲਕ ਦੇ ਬੰਦਿਆਂ ਸਮੇਤ ਦੋਸ਼ੀ ਪੁਲਿਸ ਅਫਸਰਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਤੁਰੰਤ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇ।ਗ੍ਰਿਫਤਾਰ ਕੀਤੇ ਗਏ ਬੇਦੋਸ਼ੇ ਮਜ਼ਦੂਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਭੰਨਤੋੜ ਦਾ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਬੇਸ਼ੱਕ ਸਵੈ-ਰੱਖਿਆ ਵਾਲੇ ਟਕਰਾਅ ਸਮੇਂ ਪੁਲਸ ਮੁਲਾਜ਼ਮ ਵੀ ਜ਼ਖ਼ਮੀ ਹੋਇਆ ਹੈ ਪ੍ਰੰਤੂ ਇਸ ਮੰਦਭਾਗੀ ਘਟਨਾ ਦੀ ਮੂਲ ਜੜ੍ਹ ਸ਼ੈਲਰ ਮਾਲਕ ਵੱਲੋਂ ਨਾਲੀ ਦਾ ਗੰਦਾ ਪਾਣੀ ਮਜ਼ਦੂਰ ਬਸਤੀ ਵਿੱਚ ਛੱਡਣ ਦੀ ਧੱਕੇਸ਼ਾਹੀ ਅਤੇ ਇਸ ਧੱਕੇਸ਼ਾਹੀ ਨੂੰ ਪੁਲਸ ਦੀ ਡਟਵੀਂ ਹਮਾਇਤ ਹੀ ਬਣੀ ਹੈ।ਇਸੇ ਤਰ੍ਹਾਂ ਬੇਸ਼ੱਕ ਮਜ਼ਦੂਰ ਜਥੇਬੰਦੀਆਂ ਦੇ ਜਨਤਕ ਦਬਾਅ ਤਹਿਤ ਫਾਇਰਿੰਗ ਕਰਨ ਵਾਲੇ ਇੱਕ ਦੋਸ਼ੀ ਨੂੰ ਮਹਿਜ਼ ਅਸਲਾ ਐਕਟ ਅਧੀਨ ਗ੍ਰਿਫਤਾਰ ਕੀਤਾ ਗਿਆ ਹੈ ਪ੍ਰੰਤੂ ਹਮਲਾਵਰ ਸਾਰੇ ਦੋਸ਼ੀਆਂ ਅਤੇ ਦੋਸ਼ੀ ਪੁਲਸ ਅਫਸਰਾਂ ਉੱਤੇ 307 ਸਮੇਤ ਬਣਦੀਆਂ ਹੋਰ ਕਾਨੂੰਨੀ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ, ਬੇਦੋਸ਼ੇ ਮਜ਼ਦੂਰਾਂ ਨੂੰ ਰਿਹਾਅ ਕਰਨ ਅਤੇ ਭੰਨਤੋੜ ਦੇ ਢੁਕਵੇਂ ਮੁਆਵਜ਼ੇ ਵਰਗੀਆਂ ਹੱਕੀ ਮੰਗਾਂ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ। ਕਿਸਾਨ ਆਗੂਆਂ ਕਿਹਾ ਹੈ ਕਿ ਜੇਕਰ ਇਨ੍ਹਾਂ ਹੱਕੀ ਮੰਗਾਂ ਖਾਤਰ ਮਜ਼ਦੂਰ ਜਥੇਬੰਦੀਆਂ ਨੂੰ ਪੁਲਸ ਪ੍ਰਸ਼ਾਸਨ ਦੁਆਰਾ ਜਨਤਕ ਸੰਘਰਸ਼ ਲਈ ਮਜਬੂਰ ਕੀਤਾ ਗਿਆ ਤਾਂ ਉਨ੍ਹਾਂ ਦੀ ਜਥੇਬੰਦੀ ਵਲੋਂ ਮਜ਼ਦੂਰ ਸੰਘਰਸ਼ ਦੀ ਡਟਵੀਂ ਹਮਾਇਤ ਕੀਤੀ ਜਾਵੇਗੀ।

## ਸੰਦੀਪ ਆਇਰਨ ਸਟੋਰ ਦੇ ਮਾਲਕ ਨੂੰ ਸਦਮਾ, ਮਾਤਾ ਦਾ ਦੇਹਾਂਤ

**ਬਠਿੰਡਾ (ਰਾਜੀਵ ਗੋਇਲ)**

ਪਿਛੋਕੜ ਤੋਂ ਮਲੂਕਾ ਦੇ ਰਹਿਣ ਵਾਲੇ ਜ਼ਿਲ੍ਹੇ ਦੇ ਕਸਬਾ ਭਗਤਾ ਸ਼ਹਿਰ ਦੇ ਮਸ਼ਹੂਰ ਅਤੇ ਉੱਘੇ ਵਪਾਰੀ ਤੇ ਸੰਦੀਪ ਆਇਰਨ ਸਟੋਰ ਦੇ ਮਾਲਕ ਰਾਜ ਕੁਮਾਰ ਤੇ ਸੰਦੀਪ ਕੁਮਾਰ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਮਾਤਾ ਸ਼ੀਲਾ ਦੇਵੀ ਸੰਖੇਪ ਬਿਮਾਰੀ ਦੇ ਚਲਦਿਆਂ ਇਸ ਸੰਸਾਰ ਨੂੰ ਅਲਵਿਦਾ ਆਖ ਗੁਰੂ ਚਰਨਾਂ ਵਿੱਚ ਜਾ ਬਿਰਾਜੇ।ਇਸ ਦੁੱਖ ਦੀ ਘੜੀ ਵਿੱਚ ਹਰਭਜਨ ਸਿੰਘ (ਮ੍ਰਿਤਕਾ ਦੇ ਪਤੀ) ਸਮੇਤ ਸਮੂਹ ਮਲੂਕਾ ਪਰਵਾਰ ਨਾਲ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਭਾਜਪਾ ਆਗੂ ਗੁਰਬਿੰਦਰ ਸਿੱਧੂ, ਨਗਰ ਪੰਚਾਇਤ ਭਗਤਾ ਦੇ ਪ੍ਰਧਾਨ ਬੂਟਾ ਸਿੰਘ ਸਿੱਧੂ, ਆੜ੍ਹਤੀਆ ਯੂਨੀਅਨ ਦੇ ਪ੍ਰਧਾਨ ਵਿਜੈ ਕੁਮਾਰ ਪੱਪੂ, ਆਪ ਆਗੂ ਬਹਾਦਰ ਬਰਾੜ, ਪਰਮਜੀਤ ਬਿਦਰ, ਲਖਵੀਰ ਸਿੰਘ ਲੱਖਾ, ਸੁਨੀਲ ਕੁਮਾਰ ਭਦੌੜੀਆ, ਹਰਸ਼ ਗਰਗ, ਕ੍ਰਿਸ਼ਨ ਕੁਮਾਰ ਗਾਡਰ, ਰਾਮ ਸਿੰਘ ਜਿਊਲਰ, ਰਘੂਬੀਰ ਸਿੰਘ ਜਿਊਲਰ,ਤਰਸੇਮ ਸ਼ਰਮਾ,ਦਵਿੰਦਰ ਪੁਰੀ, ਗੁਰਪਾਲ ਢਿੱਲੋਂ ਪ੍ਰਧਾਨ ਪੈਸਟੀਸਾਈਡ ਯੂਨੀਅਨ,ਗੋਲਾ ਸਿੰਘ ਕੋਠੇ ਭਾਈਆਣਾ, ਨਰੇਸ਼ ਸਿੰਗਲਾ, ਰਾਕੇਸ਼ ਕੁਮਾਰ ਸਿੰਗਲਾ, ਨਰਿੰਦਰ ਗਰਗ ਸਮੇਤ ਸਮੂਹ ਸਿਆਸੀ ਅਤੇ ਬਜ਼ਾਰ ਦੇ ਦੁਕਾਨਦਾਰਾਂ ਵੱਲੋਂ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।

## ਪੰਜਾਬ ਸਟੂਡੈਂਟਸ ਯੂਨੀਅਨ ਨੇ ਖੇਤੀ ਸੰਕਟ 'ਤੇ ਕਰਵਾਇਆ ਸੈਮੀਨਾਰ



**ਪਟਿਆਲਾ (ਅਵਤਾਰ ਜਟਾਣਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪੀ ਐਸ ਯੂ ਵੱਲੋਂ 'ਖੇਤੀ ਸੰਕਟ ਅਤੇ ਮਨੁੱਖੀ ਭੋਜਨ ਉੱਪਰ ਕਾਰਪੋਰੇਟ ਦੇ ਹਮਲੇ' ਵਿਸ਼ੇ ਉੱਪਰ ਸੈਮੀਨਾਰ ਕਰਵਾਇਆ ਗਿਆ।ਇਸ ਪ੍ਰੋਗਰਾਮ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਬਲਵੀਰ ਸਿੰਘ ਰਾਜੇਵਾਲ ਅਤੇ ਰਮਿੰਦਰ ਸਿੰਘ ਪਟਿਆਲਾ, ਖੇਤੀ ਅਰਥ-ਸ਼ਾਸਤਰ ਦੇ ਮਾਹਰ ਡਾ. ਗਿਆਨ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪੀ ਐਸ ਯੂ ਦੇ ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਨੇ ਸਵਾਗਤੀ ਸ਼ਬਦ ਬੋਲਦਿਆਂ ਕਿਹਾ ਕਿ ਕੇਂਦਰ ਸਰਕਾਰ ਰਾਜਾਂ ਦੇ ਵੱਖ-ਵੱਖ ਵਿਸ਼ਿਆਂ 'ਤੇ ਹਮਲਾ ਕਰ ਰਹੀ ਹੈ। ਖੇਤੀ ਅਤੇ ਸਿੱਖਿਆ ਵਰਗੇ ਅਹਿਮ ਖੇਤਰਾਂ 'ਤੇ ਸਾਰੀਆਂ ਸ਼ਕਤੀਆਂ ਕੇਂਦਰ ਆਪਣੇ ਹੱਥ ਹੇਠ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਰਗੇ ਅਦਾਰਿਆਂ ਵਿੱਚ ਸਮਾਜ ਦੇ ਚਲੰਤ ਵਿਸ਼ਿਆਂ 'ਤੇ ਸੰਵਾਦ ਰਚਾਉਣਾ ਬਹੁਤ ਅਹਿਮ ਹੈ। ਡਾ. ਗਿਆਨ ਸਿੰਘ ਨੇ ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ, ਐਮ ਐਸ ਪੀ, ਬਦਲਵੇਂ ਖੇਤੀ ਮਾਡਲ ਅਤੇ ਸਹਿਕਾਰੀ ਖੇਤੀ ਬਾਰੇ ਗੱਲ ਕੀਤੀ। ਬਲਵੀਰ ਸਿੰਘ ਰਾਜੇਵਾਲ ਨੇ ਏ ਪੀ ਐਮ ਸੀ ਮੰਡੀਆਂ ਦੀ ਮਹੱਤਤਾ ਅਤੇ ਫਸਲੀ ਵਿਭਿੰਨਤਾ 'ਤੇ ਗੱਲ ਰੱਖੀ। ਕਿਸਾਨ ਆਗੂ ਰਮਿੰਦਰ ਸਿੰਘ ਪਟਿਆਲਾ ਨੇ ਅੰਤਰਰਾਸ਼ਟਰੀ ਪੱਧਰ ਉੱਪਰ ਭਾਰਤ ਦੀਆਂ ਸੰਧੀਆਂ ਗੈਟਸ, ਵਿਸ਼ਵ ਵਪਾਰ ਸੰਸਥਾ ਵਿੱਚ ਭਾਰਤ ਦੀਆਂ ਸੰਧੀਆਂ ਬਾਰੇ ਵਿਦਿਆਰਥੀਆਂ ਨੂੰ ਦੱਸਿਆ। ਉਨ੍ਹਾਂ ਦੱਸਿਆ ਕਿ ਐਮ ਐਸ ਪੀ ਦੀ ਲੜਾਈ ਪੂਰੇ ਭਾਰਤ ਪੱਧਰ ਦੀ ਲੜਾਈ ਹੈ ਜਿਸ ਨੂੰ ਇਕੱਠਿਆਂ ਕਰਨ ਲਈ ਸੰਯੁਕਤ ਕਿਸਾਨ ਮੋਰਚਾ ਲਗਾਤਾਰ ਕੋਸ਼ਿਸ਼ਾਂ ਕਰ ਰਿਹਾ ਹੈ। ਸਟੇਜ ਸਕੱਤਰ ਦੀ ਭੂਮਿਕਾ ਗੁਰਦਾਸ ਸਿੰਘ ਨੇ ਨਿਭਾਈ ਅਤੇ ਧੰਨਵਾਦੀ ਸ਼ਬਦ ਜਸ਼ਨਪ੍ਰੀਤ ਸਿੰਘ ਨੇ ਕਹੇ। ਅਖੀਰ ਵਿੱਚ ਮੁੱਖ ਬੁਲਾਰਿਆਂ ਦਾ ਸਨਮਾਨ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਕੀਤਾ ਗਿਆ।

## ਸੇਵਾਮੁਕਤ ਏ ਐੱਸ ਆਈ ਸੁਵਾਗ ਦੀ ਅੰਤਿਮ ਅਰਦਾਸ ਭਲਕੇ

**ਜਲਾਲਾਬਾਦ (ਜੀਤ ਕੁਮਾਰ)**

ਸੀ.ਆਈ.ਡੀ. ਦੇ ਸੇਵਾ ਮੁਕਤ ਏ.ਐੱਸ.ਆਈ. ਸੁਖਮੰਦਰ ਸਿੰਘ ਸੁਵਾਗ



ਵਾਸੀ ਚੱਕ ਸੈਦੋਕੇ ਦਾ ਬੀਤੇ ਦਿਨ ਦੇਹਾਂਤ ਹੋ ਗਿਆ ਸੀ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪਾਠ ਦਾ ਭੋਗ ਤੇ ਅੰਤਿਮ ਅਰਦਾਸ 11 ਫਰਵਰੀ 2025 ਮੰਗਲਵਾਰ ਨੂੰ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਪਿੰਡ ਚੱਕ ਸੈਦੋਕੇ ਦੇ ਸ੍ਰੀ ਗੁਰਦੁਆਰਾ ਸਾਹਿਬ (ਵੱਡਾ) ਵਿਖੇ ਹੋਵੇਗੀ।

# ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਤੇ ਟ੍ਰਾਂਸਕੋ ਡਵੀਜ਼ਨ ਦੋਰਾਹਾ ਦਾ ਚੋਣ ਅਜਲਾਸ



**ਦੋਰਾਹਾ (ਹਰਿਮੰਦਰ ਸੇਠ)**-ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਤੇ ਟ੍ਰਾਂਸਕੋ ਦੀ ਡਵੀਜ਼ਨ ਦੋਰਾਹਾ ਦਾ ਚੋਣ ਅਜਲਾਸ ਡਵੀਜ਼ਨ ਪ੍ਰਧਾਨ ਸੁਖਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹਿੰਦੂ ਧਰਮਸ਼ਾਲਾ ਦੋਰਾਹਾ ਵਿਖੇ ਹੋਇਆ।ਡਵੀਜ਼ਨ ਦੇ ਸਕੱਤਰ ਤਰਸੇਮ ਲਾਲ ਤੇ ਪ੍ਰੈਸ ਸਕੱਤਰ ਕ੍ਰਿਸ਼ਨ ਕੁਮਾਰ ਸ਼ਰਮਾ ਨੇ ਸਾਂਝੇ ਰੂਪ ਵਿੱਚ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ ਇਸ ਅਜਲਾਸ ਵਿੱਚ ਸਰਕਲ ਵਰਕਿੰਗ ਕਮੇਟੀ ਖੰਨਾ ਦੇ ਫੈਸਲੇ ਮੁਤਾਬਿਕ ਚੋਣ ਨਿਗਰਾਨ ਕਮੇਟੀ ਸਰਕਲ ਸਕੱਤਰ ਖੰਨਾ ਇੰਦਰਜੀਤ ਸਿੰਘ ਅਕਾਲ ਤੇ ਪ੍ਰੈਸ ਸਕੱਤਰ ਗੁਰਸੇਵਕ ਸਿੰਘ ਮੋਹੀ ਦੀ ਨਿਗਰਾਨੀ ਹੇਠ ਡਵੀਜ਼ਨ ਕਮੇਟੀ ਦੋਰਾਹਾ ਦੀ ਨਵੀਂ ਚੋਣ ਕੀਤੀ ਗਈ।ਅਜਲਾਸ ਵਿੱਚ ਵੱਖ-ਵੱਖ ਸਬ ਡਵੀਜ਼ਨਾਂ ਡਵੀਜ਼ਨ ਦਫਤਰ ਤੇ ਗਰਿੱਡ ਸਬ ਸਟੇਸ਼ਨਾਂ ਦੇ ਸੇਵਾ ਮੁਕਤ ਬਿਜਲੀ ਕਾਮਿਆਂ ਨੇ ਭਰਵੀਂ ਸ਼ਮੂਲੀਅਤ ਕੀਤੀ।ਅਜਲਾਸ ਵਿੱਚ ਵਿਸ਼ੇਸ਼ ਤੌਰ 'ਤੇ ਸਰਕਲ ਪ੍ਰਧਾਨ ਹਰਬੰਸ ਸਿੰਘ ਦੋਬੁਰਜੀ, ਮੀਤ ਪ੍ਰਧਾਨ ਪਲਵਿੰਦਰ ਸਿੰਘ ਤੇ ਜਥੇਬੰਧਕ ਸਕੱਤਰ ਜਗਦੇਵ ਸਿੰਘ ਨੇ ਸ਼ਮੂਲੀਅਤ ਕਰਕੇ ਪਾਵਰਕਾਮ/ਟ੍ਰਾਂਸਕੋ ਮੈਨੇਜਮੈਂਟ, ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਕਿਸਾਨ-ਮਜ਼ਦੂਰ-ਮੁਲਾਜ਼ਮ, ਬੇ-ਰੁਜ਼ਗਾਰ ਨੌਜਵਾਨ ਤੇ ਵਿਦਿਆਰਥੀ ਵਿਰੋਧੀ ਨੀਤੀਆਂ ਦੇ ਹੋ ਰਹੇ ਹਮਲਿਆਂ ਤੇ ਹੱਕਾਂ ਲਈ ਸੰਘਰਸ਼ ਕਰਦੇ ਵੱਖ ਵੱਖ ਤਬਕਿਆਂ 'ਤੇ ਕੀਤੇ ਜਾ ਰਹੇ ਪੁਲਸ ਜਬਰ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਕਿਵੇਂ ਫਿਰਕਾਪ੍ਰਸਤੀ ਫੈਲਾਅ ਕੇ ਲੋਕਾਂ ਨੂੰ ਧਰਮਾਂ, ਜਾਤਾਂ ਤੇ ਇਲਾਕਿਆਂ ਦੇ ਅਧਾਰਤ ਵੰਡੀਆਂ ਪਾ ਕੇ ਆਪਸ ਵਿੱਚ ਲੜਾਉਣ ਦੀਆਂ ਗੂੜੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।ਆਉਣ ਵਾਲੇ ਸਮੇਂ ਵਿੱਚ ਸਾਂਝੇ ਸੰਘਰਸ਼ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਅਖੀਰ ਵਿੱਚ ਚੋਣ ਨਿਗਰਾਨ ਕਮੇਟੀ ਨੇ ਨਵੀਂ ਡਵੀਜ਼ਨ ਕਮੇਟੀ ਦੋਰਾਹਾ ਦੀ ਸਰਬਸੰਮਤੀ ਨਾਲ ਚੋਣ ਕੀਤੀ, ਜਿਸ ਪ੍ਰਧਾਨ ਸੁਖਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਹਰਚਰਨ ਸਿੰਘ ਗਰੇਵਾਲ, ਮੀਤ ਪ੍ਰਧਾਨ ਰਾਮ ਕ੍ਰਿਸ਼ਨ, ਸਕੱਤਰ ਤਰਸੇਮ ਲਾਲ, ਸਹਾਇਕ ਸਕੱਤਰ ਰਕੇਸ਼ ਕੁਮਾਰ, ਖਜ਼ਾਨਚੀ ਭਗਵੰਤ ਸਿੰਘ, ਜਥੇਬੰਧਕ ਸਕੱਤਰ ਜਗਦੇਵ ਸਿੰਘ, ਪ੍ਰੈਸ ਸਕੱਤਰ ਕ੍ਰਿਸ਼ਨ ਕੁਮਾਰ ਸ਼ਰਮਾ, ਆਡੀਟਰ ਅਵਤਾਰ ਸਿੰਘ ਤੇ ਮੈਂਬਰ ਰਾਮ ਸਰੂਪ, ਸਾਗਾ ਰਾਮ, ਸਿਕੰਦਰ, ਸੁਖਵਿੰਦਰ ਸਿੰਘ ਨੇ ਚੋਣ ਨਿਗਰਾਨ ਕਮੇਟੀ, ਸਰਕਲ ਦੇ ਅਹੁਦਾਰਾਂ ਤੇ ਆਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

## ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਨੇੜਲੇ ਧਾਰਮਿਕ ਅਸਥਾਨ ਤੇਰਾਂ ਮੰਜ਼ਿਲੀ ਪੁਰਾਣੀ ਠਾਠ ਨਾਨਕਸਰ ਤੋਂ ਸੰਤ ਬਾਬਾ ਘਾਲਾ ਸਿੰਘ ਜੀ ਦੀ ਪ੍ਰੇਰਣਾ ਸਦਕਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਸਜਾਇਆ, ਜਿਸ ਦੀ ਅਗਵਾਈ ਪੰਜ ਪਿਆਰੇ ਦੁਆਰਾ ਕੀਤੀ ਗਈ।ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫੁੱਲਾਂ ਨਾਲ ਸਜਾਈ ਪਾਲਕੀ ਵੱਖ ਵੱਖ ਪਿੰਡਾਂ ਝੋਰੜਾਂ, ਮਾਨੂੰਕੇ, ਦੇਹੜਕਾ, ਡੱਲਾ, ਕਾਉਂਕੇ ਕਲਾਂ ਤੋਂ ਵੱਖ ਵੱਖ ਪੜ੍ਹਾਵਾ ਤੋਂ ਹੁੰਦਾ ਹੋਇਆ ਨਾਨਕਸਰ ਕਲੇਰਾਂ ਵਿਖੇ ਸ਼ਾਮੀ ਅਰਦਾਸ ਉਪਰੰਤ ਸਮਾਪਤ ਹੋਇਆ।ਇਸ ਮੌਕੇ ਸੰਤ ਬਾਬਾ ਘਾਲਾ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਤੇ ਸੰਤ ਸਿਪਾਹੀ ਦੇ ਜੀਵਨ ਤੋਂ ਸੰਗਤਾਂ ਨੂੰ ਜੀਵਨ ਸੇਧ ਲੈਣ ਲਈ ਪ੍ਰੇਰਿਤ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ ਮੰਨ ਕੇ ਅੰਮ੍ਰਿਤਪਾਨ ਕਰਨ ਗੁਰੂ ਲੜ ਲੱਗਣ ਸੇਵਾ ਸਿਮਰਨ ਕਰਨ ਲਈ ਸੰਗਤਾਂ ਨੂੰ ਪ੍ਰੇਰਿਆ।ਇਸ ਨਗਰ ਕੀਰਤਨ ਵਿੱਚ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸੰਤ ਬਾਬਾ ਗੁਰਜੀਤ ਸਿੰਘ, ਸੰਤ ਬਾਬਾ ਗੁਰਚਰਨ ਸਿੰਘ, ਸੰਤ ਬਾਬਾ ਲੱਖਾ ਸਿੰਘ, ਸੰਤ ਬਾਬਾ ਧੰਨਾ ਸਿੰਘ, ਸੰਤ ਭਾਗ ਸਿੰਘ, ਸੰਤ ਬਾਬਾ ਜੋਗਾ ਸਿੰਘ, ਸੰਤ ਬਾਬਾ ਜਸਵਿੰਦਰ ਸਿੰਘ ਅਤੇ ਹੋਰ ਮਹਾਂਪੁਰਖ ਤੇ ਇਲਾਕੇ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ।

## ਲੋਕ ਸਾਹਿਤ ਅਕਾਦਮੀ ਦੀ ਚੋਣ, ਅਸ਼ੋਕ ਚਟਾਨੀ ਪ੍ਰਧਾਨ ਤੇ ਚਰਨਜੀਤ ਸਕੱਤਰ ਬਣੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸਾਹਿਤ ਅਕਾਦਮੀ ਮੋਗਾ ਦੀ ਚੋਣ ਬੁੱਧੀਜੀਵੀਆਂ, ਸਾਹਿਤਕਾਰਾਂ, ਸ਼ਾਇਰਾਂ ਤੇ ਵਿਦਵਾਨਾਂ ਦੀ ਹਾਜ਼ਰੀ ਵਿੱਚ ਇਥੋਂ ਦੇ ਸੁਤੰਤਰਤਾ ਸੈਨਾਨੀ ਭਵਨ ਵਿਖੇ ਹੋਈ।ਪਿਛਲੀ ਕਾਰਜਕਾਰੀ ਦਾ ਸਮਾਂ ਪੂਰਾ ਹੋਣ 'ਤੇ ਭੰਗ ਹੋਣ ਉਪਰੰਤ ਨਵੀਂ ਕਾਰਜਕਾਰੀ ਦੀ ਚੋਣ ਕਰਵਾਉਣ ਦੀ ਜ਼ਿੰਮੇਵਾਰੀ ਉੱਘੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਤੇ ਉੱਘੇ ਆਲੋਚਕ ਡਾਕਟਰ ਸੁਰਜੀਤ ਬਰਾੜ ਘੋਲੀਆ ਨੂੰ ਸੌਂਪੀ ਗਈ।ਸਮੁੱਚੇ ਸਾਹਿਤਕਾਰਾਂ ਦੀ ਸਹਿਮਤੀ ਨਾਲ ਲੋਕ ਸਾਹਿਤ ਅਕਾਦਮੀ ਮੋਗਾ ਦੇ ਪ੍ਰਧਾਨ ਅਸ਼ੋਕ ਚਟਾਨੀ ਤੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਚਰਨਜੀਤ ਸਮਾਲਸਰ ਨੂੰ ਸੌਂਪੀ ਗਈ।ਸੀਨੀਅਰ ਮੀਤ ਪ੍ਰਧਾਨ ਗੁਰਮੇਲ ਬੌਡੇ, ਮੀਤ ਪ੍ਰਧਾਨ ਗੁਰਦੇਵ ਸਿੰਘ ਦਰਦੀ, ਸਹਾਇਕ ਸਕੱਤਰ ਜੰਗੀਰ ਸਿੰਘ ਖੋਖਰ, ਪ੍ਰਾਪੇਗੰਡਾ ਸਕੱਤਰ ਕਰਮਜੀਤ ਕੌਰ ਲੰਡੇਕੇ, ਮੀਡੀਆ ਕੋਆਰਡੀਨੇਟਰ ਫਿਲਮਸਾਜ਼ ਅਮਰ ਘੋਲੀਆ, ਪ੍ਰੈੱਸ ਸਕੱਤਰ ਗਿਆਨ ਸਿੰਘ ਸਾਬਕਾ ਡੀ.ਪੀ.ਆਰ.ਓ, ਸਰਪ੍ਰਸਤ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਡਾਕਟਰ ਸੁਰਜੀਤ ਬਰਾੜ ਘੋਲੀਆ, ਗੁਰਚਰਨ ਸਿੰਘ ਸੰਘਾ, ਹਰਨੇਕ ਸਿੰਘ ਰੋਡੇ, ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ (ਐੱਨ.ਆਰ.ਆਈ.) ਤੇ ਐਗਜ਼ੈਕਟਿਵ ਮੈਂਬਰ ਕਰਮ ਸਿੰਘ ਕਰਮ ਘੋਲੀਆ, ਹਰਭਜਨ ਸਿੰਘ ਨਾਗਰਾ, ਅਵਤਾਰ ਸਮਾਲਸਰ ਤੇ ਸੋਨੀ ਮੋਗਾ ਚੁਣੇ ਗਏ।

## ਪੰਜਾਬ ਫਾਰਮੇਸੀ ਕੌਂਸਲ ਵੱਲੋਂ ਦਵਾਈਆਂ 'ਤੇ ਛੋਟ ਦੇ ਇਸ਼ਤਿਹਾਰਾਂ 'ਤੇ ਪਾਬੰਦੀ

**ਪਟਿਆਲਾ (ਅਵਤਾਰ ਸਿੰਘ ਜਟਾਣਾ)**-ਪੰਜਾਬ ਫਾਰਮੇਸੀ ਕੌਂਸਲ ਨੇ ਇੱਕ ਸਰਕਾਰੀ ਨੋਟਿਸ ਜਾਰੀ ਕਰਕੇ ਰਾਜ ਦੇ ਸਾਰੇ ਰਜਿਸਟ੍ਰਡ ਫਾਰਮਾਸਿਸਟਾਂ ਅਤੇ ਮੈਡੀਕਲ ਸਟੋਰ ਮਾਲਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਦਵਾਈਆਂ 'ਤੇ ਛੋਟ ਦੇਣ ਅਤੇ ਇਸ਼ਤਿਹਾਰਬਾਜ਼ੀ ਕਰਨ ਨੂੰ ਅਨੈਤਿਕ ਅਤੇ ਗੈਰਕਾਨੂੰਨੀ ਮੰਨਿਆ ਜਾਵੇਗਾ।ਕੌਂਸਲ ਨੂੰ ਮਿਲੀਆਂ ਸ਼ਿਕਾਇਤਾਂ ਮੁਤਾਬਕ ਕੁਝ ਮੈਡੀਕਲ ਸਟੋਰ ਮਾਲਕ ਆਪਣੇ ਪ੍ਰਿਮਿਸਿਜ਼ 'ਚ ਵੱਡੇ ਬੋਰਡ ਲਗਾ ਰਹੇ ਹਨ ਅਤੇ ਸੋਸ਼ਲ ਮੀਡੀਆ ਰਾਹੀਂ ਵਿਸ਼ੇਸ਼ ਛੋਟ ਅਤੇ ਰਿਆਇਤਾਂ ਦੇਣ ਦੇ ਦਾਅਵੇ ਕਰ ਰਹੇ ਹਨ।ਇਹ ਗਤੀਵਿਧੀਆਂ ਫਾਰਮੇਸੀ ਐਕਟ 1948 ਅਤੇ ਫਾਰਮੇਸੀ ਪ੍ਰੈਕਟਿਸ ਰੈਗੂਲੇਸ਼ਨ 2015 ਤਹਿਤ ਕਾਨੂੰਨ ਦੀ ਉਲੰਘਣਾ ਹਨ।ਕੌਂਸਲ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਰਜਿਸਟ੍ਰਡ ਫਾਰਮਾਸਿਸਟ ਜਾਂ ਮੈਡੀਕਲ ਸਟੋਰ ਉਕਤ ਨਿਯਮਾਂ ਦੀ ਉਲੰਘਣਾ ਕਰੇਗਾ, ਤਾਂ ਉਸ ਦੀ ਰਜਿਸਟ੍ਰੇਸ਼ਨ ਰੱਦ ਜਾਂ ਨਿਲੰਬਤ ਕੀਤੀ ਜਾ ਸਕਦੀ ਹੈ।ਇਸ ਦੇ ਨਾਲ ਹੀ ਕੌਂਸਲ ਨੇ ਇਹ ਵੀ ਦਰਸਾਇਆ ਕਿ ਕੁਝ ਵੱਡੇ ਵਪਾਰੀ ਆਪਣੀ ਆਰਥਿਕ ਸਥਿਤੀ ਦਾ ਗਲਤ ਫਾਇਦਾ ਚੁੱਕਦੇ ਹੋਏ ਅਜਿਹੇ ਇਸ਼ਤਿਹਾਰ ਜਾਰੀ ਕਰ ਰਹੇ ਹਨ, ਜਿਸ ਨਾਲ ਛੋਟੇ ਮੈਡੀਕਲ ਸਟੋਰ ਮਾਲਕਾਂ ਲਈ ਮੁਕਾਬਲੇਬਾਜ਼ੀ ਪੈਦਾ ਹੋ ਰਹੀ ਹੈ। ਇਹ ਮੁਕਾਬਲੇਬਾਜ਼ੀ ਐਕਟ 2002 ਤਹਿਤ ਕਾਨੂੰਨ ਦੀ ਉਲੰਘਣਾ ਕਰਦਾ ਹੈ, ਜੋ ਕਿ ਰਾਜ ਅਤੇ ਦੇਸ਼ ਦੀ ਆਰਥਿਕਤਾ 'ਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ।ਪੰਜਾਬ ਫਾਰਮੇਸੀ ਕੌਂਸਲ ਨੇ ਹਾਲ ਹੀ ਵਿੱਚ ਹੋਈ ਆਪਣੀ ਬੈਠਕ ਦੌਰਾਨ ਇਹ ਫੈਸਲਾ ਲਿਆ ਹੈ ਕਿ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਲੋਕਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਸ ਲਈ ਸਾਰੇ ਫਾਰਮਾਸਿਸਟਾਂ ਅਤੇ ਮੈਡੀਕਲ ਸਟੋਰ ਮਾਲਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਅਜਿਹੀਆਂ ਉਲੰਘਣਾਵਾਂ ਤੋਂ ਬਚਣ।ਉਧਰ ਪਟਿਆਲਾ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਸੰਜੀਵ ਚੌਧਰੀ ਨੇ ਕੌਂਸਲ ਦੇ ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਸ ਨਾਲ ਛੋਟੇ ਦੁਕਾਨਦਾਰਾਂ ਨੂੰ ਫਾਰਮੇਸੀ ਕੌਂਸਲ ਦੇ ਇਸ ਫੈਸਲੇ ਨਾਲ ਫਾਇਦਾ ਹੋਵੇਗਾ।

## ਹਵਨੀਤ ਸਿੰਘ ਨੂੰ ਰਣਜੀ ਟਰਾਫੀ ਦੀ ਨੁਮਾਇੰਦਗੀ ਲਈ ਚੁਣਿਆ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਨੂੰ ਇਹ ਐਲਾਨ ਕਰਦੇ ਹੋਏ ਮਾਣ ਹੈ ਕਿ ਉਸ ਦੇ ਇੱਕ ਪ੍ਰਤਿਭਾਸ਼ਾਲੀ ਵਿਦਿਆਰਥੀ ਹਵਨੀਤ ਸਿੰਘ ਨੂੰ ਵੱਕਾਰੀ ਰਣਜੀ ਟਰਾਫੀ ਵਿੱਚ ਪੰਜਾਬ ਰਾਜ ਦੀ ਨੁਮਾਇੰਦਗੀ ਲਈ ਚੁਣਿਆ ਗਿਆ ਹੈ। ਬੀ ਪੀ ਈ ਐਸ ਪ੍ਰੋਗਰਾਮ ਦੇ ਵਿਦਿਆਰਥੀ ਹਵਨੀਤ ਨੇ ਆਪਣੇ ਬੇਮਿਸਾਲ ਕ੍ਰਿਕਟ ਹੁਨਰ ਅਤੇ ਘਰੇਲੂ ਕ੍ਰਿਕਟ ਸਰਕਟਾਂ ਵਿੱਚ ਨਿਰੰਤਰ ਪ੍ਰਦਰਸ਼ਨ ਦੁਆਰਾ ਇਹ ਸ਼ਾਨਦਾਰ ਮੌਕਾ ਪ੍ਰਾਪਤ ਕੀਤਾ ਹੈ।

ਪੰਜਾਬ ਟੀਮ ਵਿੱਚ ਉਸ ਦੀ ਚੋਣ ਨਾ ਸਿਰਫ ਹਵਨੀਤ ਲਈ ਬਲਕਿ ਦੇਸ਼ ਭਗਤ ਯੂਨੀਵਰਸਿਟੀ ਲਈ ਵੀ ਇੱਕ ਮਹੱਤਵਪੂਰਨ ਪ੍ਰਾਪਤੀ ਹੈ, ਜੋ ਸੰਸਥਾ ਵਿੱਚ ਪਾਲਣ-ਪੋਸ਼ਣ ਕੀਤੀ ਗਈ ਪ੍ਰਤਿਭਾ ਦੇ ਉੱਚ ਮਿਆਰਾਂ ਦਾ ਪ੍ਰਦਰਸ਼ਨ ਕਰਦੀ ਹੈ। ਭਾਰਤ ਦੇ ਸਭ ਤੋਂ ਵੱਕਾਰੀ ਕ੍ਰਿਕਟ ਟੂਰਨਾਮੈਂਟਾਂ ਵਿੱਚੋਂ ਇੱਕ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨ ਦਾ ਇਹ ਮੌਕਾ ਉਸ ਦੇ ਸਮਰਪਣ, ਸਖ਼ਤ ਮਿਹਨਤ ਅਤੇ ਖੇਡ ਪ੍ਰਤੀ ਜਨੂੰਨ ਦਾ ਪ੍ਰਮਾਣ ਹੈ। ਹਵਨੀਤ ਬੱਲੇ ਨਾਲ ਆਪਣੇ ਬੇਮਿਸਾਲ ਪ੍ਰਦਰਸ਼ਨ, ਅਥਾਹ ਵਾਅਦਾ ਅਤੇ ਸਮਰੱਥਾ ਦਾ ਪ੍ਰਦਰਸ਼ਨ ਕਰਨ ਲਈ ਜਾਣਿਆ ਜਾਂਦਾ ਹੈ।ਰਣਜੀ ਟਰਾਫੀ ਟੀਮ ਵਿੱਚ ਉਸ ਦੀ ਸ਼ਮੂਲੀਅਤ ਉਸ ਦੇ ਕਰੀਅਰ 'ਤੇ ਬਹੁਤ ਵੱਡਾ ਪ੍ਰਭਾਵ ਪਾਉਣ ਦੀ ਉਮੀਦ ਹੈ ਅਤੇ ਯੂਨੀਵਰਸਿਟੀ ਅਤੇ ਇਸ ਤੋਂ ਬਾਹਰ ਬਹੁਤ ਸਾਰੇ ਚਾਹਵਾਨ ਕ੍ਰਿਕਟਰਾਂ ਨੂੰ ਪ੍ਰੇਰਿਤ ਕਰੇਗੀ।ਹਵਨੀਤ ਆਪਣੇ ਤਕਨੀਕੀ ਹੁਨਰ ਅਤੇ ਖੇਡ ਜਾਗਰੂਕਤਾ ਦੋਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਕ੍ਰਿਕਟ ਪ੍ਰਤੀ ਉਸ ਦੇ ਜਨੂੰਨ, ਉਸ ਦੇ ਅਨੁਸ਼ਾਸਨ ਅਤੇ ਸਖ਼ਤ ਮਿਹਨਤ ਦੇ ਨਾਲ, ਨੇ ਪੰਜਾਬ ਰਾਜ ਦੀ ਨੁਮਾਇੰਦਗੀ ਕਰਨ ਲਈ ਉਸ ਦੀ ਚੋਣ ਦਾ ਰਾਹ ਪੱਧਰਾ ਕੀਤਾ ਹੈ।

ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਹਵਨੀਤ ਸਿੰਘ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਪੰਜਾਬ ਦੀ ਟੀਮ ਨਾਲ ਉਸ ਦੇ ਸਫ਼ਰ ਵਿੱਚ ਉਸ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।

## ਚਿੱਟਾ ਵੇਚਣ ਆਏ ਵਿਅਕਤੀ ਦਾ ਪਿੰਡ ਵਾਲਿਆਂ ਵੱਲੋਂ ਕੁਟਾਪਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡਾਂ ਦੇ ਲੋਕ ਹੁਣ ਨਸ਼ਾ ਤਸਕਰਾਂ ਤੋਂ ਐਨੇ ਤੰਗ ਪ੍ਰੇਸ਼ਾਨ ਹੋ ਚੁੱਕੇ ਹਨ ਕਿ ਉਨ੍ਹਾਂ ਨੇ ਅਜਿਹੇ ਸਮਾਜ ਵਿਰੋਧੀ ਅਨਸਰਾਂ ਨੂੰ ਸੋਧਣ ਲਈ ਆਪ ਹੀ ਬੀੜਾ ਚੁੱਕ ਲਿਆ ਹੈ, ਜਿਸ ਦੀ ਤਾਜ਼ਾ ਮਿਸਾਲ ਉਸ ਵੇਲੇ ਦੇਖਣ ਨੂੰ ਮਿਲੀ, ਜਦੋਂ ਨੇੜਲੇ ਇੱਕ ਪਿੰਡ ਵਿੱਚ ਚਿੱਟਾ ਦੇਣ ਆਏ ਇੱਕ ਵਿਅਕਤੀ ਨੂੰ ਲੋਕਾਂ ਨੇ ਕਾਬੂ ਕਰ ਲਿਆ ਅਤੇ ਉਸ ਦਾ ਜੰਮ ਕੇ ਕੁਟਾਪਾ ਚਾੜ੍ਹਿਆ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਪਿੰਡ ਹੰਬੋਵਾਲ ਦੇ ਲੋਕਾਂ ਨੇ ਪਿੰਡ ਵਿੱਚ ਚਿੱਟਾ ਵੇਚਣ ਆਉਣ ਵਾਲਿਆਂ 'ਤੇ ਨਜ਼ਰ ਰੱਖੀ ਹੋਈ ਸੀ। ਪਿੰਡ ਦੇ ਲੋਕ ਸੁਚੇਤ ਸਨ ਕਿ ਜਦੋਂ ਵੀ ਕੋਈ ਵਿਅਕਤੀ ਨਸ਼ਾ ਵੇਚਣ ਆਇਆ ਤਾਂ ਉਸ ਨੂੰ ਕਾਬੂ ਕਰ ਲਿਆ ਜਾਵੇਗਾ। ਸ਼ਨੀਵਾਰ ਨੇੜਲੇ ਹੀ ਪਿੰਡ ਦਾ ਇੱਕ ਵਿਅਕਤੀ, ਜਦੋਂ ਪਿੰਡ ਹੰਬੋਵਾਲ ਵਿਖੇ ਆਇਆ ਤਾਂ ਉਸ ਨੂੰ ਕਾਬੂ ਕਰ ਲਿਆ, ਪਰ ਜਿਸ ਨੂੰ ਉਹ ਚਿੱਟਾ ਵੇਚਣ ਆਇਆ ਸੀ, ਉਹ ਫ਼ਰਾਰ ਹੋ ਗਿਆ। ਪਿੰਡ ਦੇ ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਨਜ਼ਰ ਰੱਖੀ ਹੋਈ ਸੀ ਕਿ ਚਿੱਟਾ ਵੇਚਣ ਵਾਲੇ ਨੂੰ ਕਾਬੂ ਕਰਨਾ ਹੈ। ਚਿੱਟਾ ਵੇਚਣ ਆਏ ਵਿਅਕਤੀ ਦੀ ਜੇਬ 'ਚੋਂ 2 ਛੋਟੀਆਂ ਛੋਟੀਆਂ ਪੁੜੀਆਂ ਬਰਾਮਦ ਹੋਈਆਂ। ਲੋਕਾਂ ਨੇ ਉਕਤ ਵਿਅਕਤੀ ਦਾ ਰੱਜ ਕੇ ਕੁਟਾਪਾ ਵੀ ਚਾੜ੍ਹਿਆ ਤੇ ਅੱਗੇ ਤੋਂ ਜੇਕਰ ਉਹ ਸਾਡੇ ਪਿੰਡਾਂ ਵੱਲ ਨਸ਼ਾ ਵੇਚਣ ਆਇਆ ਤਾਂ ਬਖਸ਼ਿਆ ਨਹੀਂ ਜਾਵੇਗਾ।

## ਕੰਸਟ੍ਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਪੰਜਾਬ (ਏਟਕ) ਵੱਲੋਂ ਸਹਾਇਕ ਕਮਿਸ਼ਨਰ ਨੂੰ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਕੰਸਟ੍ਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਪੰਜਾਬ (ਏਟਕ) ਦੇ ਸੂਬਾ ਕਮੇਟੀ ਸੱਦੇ 'ਤੇ ਜ਼ਿਲ੍ਹਾ ਸਕੱਤਰ ਇਕਬਾਲ ਤਖਾਣਬੱਧ ਤੇ ਏਟਕ ਆਗੂ ਜਗਸੀਰ ਖੋਸਾ ਦੀ ਅਗਵਾਈ ਵਿੱਚ ਸਹਾਇਕ ਲੇਬਰ ਕਮਿਸ਼ਨਰ ਨੂੰ ਉਸਾਰੀ ਕਾਮਿਆਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਉਨ੍ਹਾਂ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਆਗੂਆਂ ਨੇ ਦੱਸਿਆ ਕਿ ਉਸਾਰੀ ਕਾਮਿਆਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਆਉਂਦੀਆਂ ਹਨ ਜਿਨ੍ਹਾਂ ਵਿਚ ਕਿ ਲੱਖਾਂ ਲਾਭਪਾਤਰੀਆਂ ਦੇ ਵੱਖ ਵੱਖ ਸਕੀਮਾਂ ਦੇ ਕਰੋੜਾਂ ਰੁਪਏ ਬਕਾਇਆ ਰਹਿੰਦੇ ਹਨ। ਪਰ ਵਿਭਾਗ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ। ਉਹਨਾਂ ਦੱਸਿਆ ਕਿ ਫ਼ਾਰਮ ਨੰਬਰ 27 ਨੂੰ ਵਾਰ ਵਾਰ ਸੋਧਣ ਦੇ ਤਜ਼ਰਬੇ ਕੀਤੇ ਗਏ ਹਨ, ਪਰ ਸਾਰੇ ਹੀ ਫੇਲ੍ਹ ਸਾਬਤ ਹੋਏ ਹਨ। ਫ਼ਾਰਮ ਨੰਬਰ 27 ਤੇ ਛੋਟੇ ਛੋਟੇ ਨੁਕਸ ਕੱਢ ਕੇ ਓਬਜੈਕਸਨ ਲਾਏ ਜਾਂਦੇ ਹਨ। ਕਿਰਤੀ ਨੂੰ ਫ਼ਾਰਮ ਠੀਕ ਕਰਵਾਉਣ ਸਮੇਂ ਕਈ ਵਾਰ ਹੋਰ ਡਾਕੂਮੈਂਟ ਉੱਡ ਜਾਂਦੇ ਹਨ। ਇਸ ਕਾਰਨ ਕਿਰਤੀਆਂ ਨੂੰ ਸਕੀਮਾਂ ਦਾ ਲਾਭ ਨਹੀਂ ਮਿਲਦਾ। ਇਸ ਤੋਂ ਇਲਾਵਾ ਮੈਡੀਕਲ ਸਹੂਲਤਾਂ ਬਹੁਤ ਹੀ ਗੁੰਝਲਦਾਰ ਹੈ ਵਿਭਾਗ ਸੀ.ਐਮ.ਓ.ਦਫਤਰੋਂ ਬਿੱਲ ਪਾਸ ਕਰਾਉਣ ਲਈ ਕਿਰਤੀ ਨੂੰ ਸੀ.ਐਮ.ਓ.ਦਫਤਰ ਭੇਜ ਰਿਹਾ ਹੈ। ਜਿਸ ਕਾਰਨ ਕਿਰਤੀ ਦੀ ਪ੍ਰੇਸ਼ਾਨੀ ਵਧ ਜਾਂਦੀ ਹੈ। ਉਹਨਾਂ ਮੰਗ ਕੀਤੀ ਕਿ ਕੇਸ ਵਿਭਾਗ ਵੱਲੋਂ ਹੀ ਸੀ.ਐਮ.ਓ. ਦਫ਼ਤਰ ਨੂੰ ਭੇਜੇ। ਆਗੂਆਂ ਨੇ ਦੱਸਿਆ ਕਿ ਯੂਨੀਅਨ ਨੇ ਫੈਸਲਾ ਕੀਤਾ ਕਿ ਜੇਕਰ ਇਸ ਮੰਗ ਪੱਤਰ ਨਾਲ ਸਬੰਧਤ ਮੰਗਾਂ ਅਤੇ ਮੁਸ਼ਕਲਾਂ ਦਾ ਹੱਲ ਨਹੀਂ ਕੀਤਾ ਗਿਆ ਤਾਂ 27 ਫ਼ਰਵਰੀ ਨੂੰ ਲੇਬਰ ਕਮਿਸ਼ਨਰ ਕਮ ਸਕੱਤਰ ਬੀ.ਓ.ਸੀ. ਵਰਕਰਜ਼ ਵੈਲਫ਼ੇਅਰ ਬੋਰਡ ਪੰਜਾਬ ਮੋਹਾਲੀ ਵਿਖੇ ਧਰਨਾ ਦਿੱਤਾ ਜਾਵੇਗਾ।ਇਸ ਮੌਕੇ ਸੁਖਜੀਤ ਸਿੰਘ ਸੀਤਾ, ਇੰਦਰਜੀਤ ਸਿੰਘ ਤਖਾਣਵੱਧ, ਅਮ੍ਰਿਤਪਾਲ ਸਿੰਘ, ਹਰਜਿੰਦਰ ਸਿੰਘ ਦੌਧਰ, ਜਸਪਾਲ ਸਿੰਘ ਪਾਲੀ ਅਤੇ ਯੂਸੁਫ਼ ਖ਼ਾਨ ਡਾਲਾ ਹਾਜ਼ਰ ਸਨ।

## ਰਾਹਗੀਰਾਂ ਨੂੰ ਲੁੱਟਣ ਵਾਲੇ ਹਥਿਆਰਾਂ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਰਾਹਗੀਰਾਂ ਕੋਲੋਂ ਲੁੱਟ-ਖੋਹ ਕਰਨ ਵਾਲੇ ਦੋ ਵਿਅਕਤੀਆਂ ਨੂੰ ਗਸ਼ਤ ਤੇ ਚੈਕਿੰਗ ਦੌਰਾਨ ਅਸਲੇ ਤੇ ਮੋਟਰਸਾਈਕਲ ਸਣੇ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਕੁੱਲਗੜ੍ਹੀ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸੀਆਈਏ ਸਟਾਫ ਸਹਾਇਕ ਥਾਣੇਦਾਰ ਸਾਹਿਬ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਫਿਰੋਜ਼ਪੁਰ-ਮੋਗਾ ਰੋਡ 'ਤੇ ਟੀ ਪੁਆਇੰਟ ਫਰੀਦਕੋਟ ਓਵਰਬ੍ਰਿਜ ਹੇਠਾਂ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਡਿੰਪਲ ਉਰਫ ਮਿੱਟੂ ਪੁੱਤਰ ਲਾਲ ਚੰਦ ਵਾਸੀ ਪਿੰਡ ਪੀਰਾਂ ਵਾਲਾ, ਹੈਰੀ ਹੀਰਾ ਪੁੱਤਰ ਮਹਿੰਦਰ ਵਾਸੀ ਇੰਦਰਾ ਕਾਲੋਨੀ ਖਾਈ ਫੇਮੇ ਕੀ ਮਿਲ ਕੇ ਫਿਰੋਜ਼ਪੁਰ ਏਰੀਏ ਵਿੱਚ ਆਉਂਦੇ ਜਾਂਦੇ ਰਾਹਗੀਰਾਂ ਪਾਸੋਂ ਖੋਹਾਂ ਕਰਦੇ ਹਨ। ਇਨ੍ਹਾਂ ਪਾਸ ਨਜਾਇਜ਼ ਅਸਲਾ ਵੀ ਹੈ, ਇਸ ਵਕਤ ਇਹ ਦੋਵੇਂ ਜਣੇ ਪਹਿਲਾਂ ਤੋਂ ਖੋਹ ਕੀਤਾ ਹੋਇਆ ਇਕ ਮੋਟਰਸਾਈਕਲ ਬਜਾਜ ਪਲਸਰ ਵੇਚਣ ਲਈ ਫਰੀਦਕੋਟ-ਫਿਰੋਜ਼ਪੁਰ ਨੇੜੇ ਨਵਾਂ ਪੁਰਬਾ 'ਤੇ ਬਣੀ ਦਾਨਾ ਮੰਡੀ ਵਿਚ ਬਣੇ ਸ਼ੈੱਡ ਹੇਠਾਂ ਖੜੇ ਕਿਸੇ ਗਾਹਕ ਦੀ ਉਡੀਕ ਕਰ ਰਹੇ ਹਨ। ਜਾਂਚਕਰਤਾ ਸਾਹਿਬ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਜਗ੍ਹਾ 'ਤੇ ਛਾਪੇਮਾਰੀ ਕਰ ਦੋ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 1 ਪਿਸਟਲ ਨਾਜਾਇਜ਼ 30 ਬੋਰ ਸਮੇਤ 1 ਰੌਂਦ ਜ਼ਿੰਦਾ ਅਤੇ 1 ਮੋਟਰਸਾਈਕਲ ਬਜਾਜ ਪਲਸਰ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਵਿਧਾਇਕ ਦੇਵ ਮਾਨ ਵੱਲੋਂ ਗ੍ਰਾਮ ਪੰਚਾਇਤਾਂ ਨੂੰ ਗਰਾਂਟਾਂ ਦੇ ਚੈੱਕ ਦਿੱਤੇ



**ਨਾਭਾ (ਵਰਿੰਦਰ ਵਰਮਾ)**-ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨਾਭਾ ਦਫਤਰ ਵਿਖੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ 'ਕੇਟਲ ਫੇਅਰ ਫੰਡ' ਸਕੀਮ ਅਧੀਨ ਗ੍ਰਾਮ ਪੰਚਾਇਤਾਂ ਨੂੰ ਗਰਾਂਟਾਂ ਦੇ ਚੈੱਕ ਜਾਰੀ ਕੀਤੇ ਗਏ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਕਾਸ ਕਾਰਜਾਂ ਨੂੰ ਲੈ ਕੇ ਪਿੰਡਾਂ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਪਿੰਡਾਂ ਵਿੱਚ ਵੀ ਵਿਕਾਸ ਕਾਰਜਾਂ ਦੇ ਚੈੱਕ ਵੰਡੇ ਜਾਣਗੇ ਤਾਂ ਕਿ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਾ ਆ ਸਕੇ, ਜਿਸ ਨੂੰ ਲੈ ਕੇ ਹਲਕਾ ਨਾਭਾ ਦੇ ਵੱਖ ਵੱਖ ਪੰਚਾਇਤਾਂ ਨੂੰ 25 ਲੱਖ ਦੀ ਗ੍ਰਾਂਟ ਦੇ ਚੈੱਕ ਦਿੱਤੇ ਗਏ ਹਨ।ਉਕਤ ਚੈੱਕ ਗ੍ਰਾਮ ਪੰਚਾਇਤਾਂ ਦੇ ਨਾਮ 'ਤੇ ਕੱਟੇ ਗਏ ਹਨ ਤੇ ਇਹ ਰਾਸ਼ੀ ਜਿਸ ਕਾਰਜਾਂ ਲਈ ਦਿੱਤੀ ਗਈ ਹੈ, ਉਸ 'ਤੇ ਹੀ ਖਰਚ ਕੀਤੀ ਜਾਵੇਗੀ।ਚੈੱਕ ਮਿਲਣ ਉਪਰੰਤ ਵੱਖ-ਵੱਖ ਪੰਚਾਇਤਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਵਿਧਾਇਕ ਦੇਵ ਮਾਨ ਜੀ ਦੀ ਅਗਵਾਈ ਵਿੱਚ ਪਿੰਡਾਂ ਦੀ ਨੁਹਾਰ ਬਦਲਣ ਲਈ ਵੱਡੇ ਪੱਧਰ 'ਤੇ ਬਿਨਾਂ ਭੇਦਭਾਵ ਤੋਂ ਵਿਕਾਸ ਕਾਰਜ ਕਰਵਾਏ ਜਾਣਗੇ।ਇਸ ਮੌਕੇ ਬੀਡੀਪੀਓ ਬਲਜੀਤ ਕੌਰ ਖਾਲਸਾ ਨੇ ਕਿਹਾ ਕਿ ਪਿੰਡਾਂ ਦੀ ਨੁਹਾਰ ਬਦਲਣ ਲਈ ਮਾਨ ਸਰਕਾਰ ਤੇ ਹਲਕਾ ਵਿਧਾਇਕ ਵੱਲੋਂ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਇਸ ਮੌਕੇ ਗੁਰਦੀਪ ਸਿੰਘ ਦੀਪਾ ਰਾਮਗੜ੍ਹ, ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ, ਗੁਰਲਾਲ ਸਿੰਘ ਮੱਲੀ ਚੇਅਰਮੈਨ ਤੇਜਿੰਦਰ ਸਿੰਘ ਖਹਿਰਾ, ਮਨਪ੍ਰੀਤ ਸਿੰਘ ਕਾਲੀਆ, ਸਿਮਰਨਜੀਤ ਸਿੰਘ ਸਰਪੰਚ ਚੌਧਰੀ ਮਾਜਰਾ, ਰਣਜੀਤ ਸਿੰਘ ਜੱਜ ਸਰਪੰਚ ਗੁਰੂ ਤੇਗ ਬਹਾਦਰ ਨਗਰ, ਗੁਰਚਰਨ ਸਿੰਘ ਲੁਹਾਰਮਾਜਰਾ, ਜਸਵੀਰ ਸਿੰਘ ਵਜੀਦਪੁਰ, ਜਸਵਿੰਦਰ ਸਿੰਘ ਅੱਚਲ ਸਰਪੰਚ, ਮੇਜਰ ਸਿੰਘ ਤੁੰਗਾਂ, ਭੀਮ ਸਿੰਘ ਬੂਹੀ, ਸੁੱਖਾ ਬੂਹੀ ਆਦਿ ਹਾਜ਼ਰ ਸਨ।

# ਸਾਨੂੰ ਲੋਕਾਈ ਲਈ ਸੰਘਰਸ਼ ਕਰ ਰਹੀਆਂ ਧਿਰਾਂ ਦਾ ਹਰ ਤਰ੍ਹਾਂ ਸਹਿਯੋਗ ਕਰਨਾ ਚਾਹੀਦਾ : ਪ੍ਰੋ. ਟਿਵਾਣਾ



**ਮਾਨਸਾ (ਆਤਮਾ ਸਿੰਘ ਪਮਾਰ)**-ਨਕਸਲੀ ਲਹਿਰ ਸਮੇਂ ਦੇ ਸਹਿਯੋਗੀ ਰਹੇ ਮਾਸਟਰ ਸੁਰਜੀਤ ਅਰਮਾਨੀ ਜਿਨ੍ਹਾਂ ਨੂੰ ਹਕੂਮਤੀ ਜਬਰ ਸਹਿਣ ਤੋਂ ਇਲਾਵਾ ਜੇਲ੍ਹ 'ਚ ਵੀ ਬੰਦ ਰਹਿਣਾ ਪਿਆ ਅਤੇ ਆਪਣੀ ਸਰਕਾਰੀ ਨੌਕਰੀ ਤੱਕ ਵੀ ਸੰਘਰਸ਼ ਕਰਦਿਆਂ ਦਾਅ 'ਤੇ ਲਗਾਉਣੀ ਪਈ।ਜਿਨ੍ਹਾਂ ਦੇ ਇਨਕਲਾਬੀ ਗੀਤ ਲੋਕਾਂ 'ਚ ਚਰਚਿਤ ਅਤੇ ਮਕਬੂਲ ਵੀ ਹੋਏ।ਜਿਵੇਂ 'ਕੰਬਲ ਪਿਆਰੇ ਜੇਲ੍ਹ ਦੇ ਮੁਆਫੀ ਮੰਗ ਕੇ ਗਦਾਰ ਨਹੀਂ ਕਹਾਉਣਾ', ਉਮਰ ਭਰ ਇਸ ਸੋਚ ਨੂੰ ਨਾਲ ਲੈ ਕੇ ਜ਼ਿੰਦਗੀ ਦਾ ਆਪਣਾ ਜੀਵਨ ਪੰਧ ਨਿਬੇੜਨ ਵਾਲੇ ਇੱਕ ਅਧਿਆਪਕ ਆਗੂ ਲੇਖਕ ਨੂੰ ਉਨ੍ਹਾਂ ਦੇ ਪਿੰਡ ਬੁਰਜ ਢਿੱਲਵਾਂ (ਮਾਨਸਾ) ਵਿਖੇ ਉਨ੍ਹਾਂ ਦੇ ਪਰਵਾਰ ਅਤੇ ਸੰਗੀ ਸਾਥੀਆਂ ਵੱਲੋਂ ਇੱਕ ਸੰਖੇਪ ਪ੍ਰੰਤੂ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸ਼ਰਧਾਂਜਲੀ ਅਰਪਿਤ ਕੀਤੀ ਗਈ।ਇਸ ਸਮੇਂ ਮਜ਼ਦੂਰ ਮੁਕਤੀ ਮੋਰਚਾ ਅਜ਼ਾਦ ਦੇ ਸੂਬਾਈ ਜਨਰਲ ਸਕੱਤਰ ਹਰਵਿੰਦਰ ਸੇਮਾ ਨੇ ਪ੍ਰੋਗਰਾਮ ਦੇ ਸ਼ੁਰੂ ਵਿੱਚ 'ਮੇਰੀ ਮੌਤ 'ਤੇ ਨਾ ਰੋਇਓ ਮੇਰੀ ਸੋਚ ਨੂੰ ਬਚਾਇਓ' ਗੀਤ ਪੇਸ਼ ਕਰਦਿਆਂ ਮਹੌਲ ਨੂੰ ਇਨਕਲਾਬੀ ਰੰਗ ਵਿੱਚ ਬੰਨ੍ਹ ਦਿੱਤਾ।ਇਸ ਸਮੇਂ ਇਨਕਲਾਬੀ ਕਵੀ ਮਹਿੰਦਰ ਪਾਲ ਭੱਠਲ ਨੂੰ ਪਰਵਾਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ।ਇਸ ਸਮੇਂ ਵਿਦਿਆਰਥੀ ਲਹਿਰ ਦੇ ਸਾਬਕਾ ਜਨਰਲ ਸਕੱਤਰ ਅਤੇ ਸਮਾਗਮ ਦੇ ਮੁੱਖ ਬੁਲਾਰੇ ਪੋ. ਅਜਾਇਬ ਸਿੰਘ ਟਿਵਾਣਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਨਾ ਤਾਂ ਸਤਿਕਾਰਤ ਗੁਰਬਾਣੀ ਦਾ ਬਰੀਕੀ ਨਾਲ ਅਧਿਐਨ ਕਰ ਸਕੇ ਅਤੇ ਨਾ ਹੀ ਮਾਰਕਸਵਾਦ ਦੇ ਪੂੰਜੀਵਾਦੀ ਸਿਧਾਂਤ ਨੂੰ ਹੀ ਅਮਲੀ ਰੂਪ 'ਚ ਲਾਗੂ ਕਰ ਸਕੇ।ਉਨ੍ਹਾਂ ਕਿਹਾ ਕਿ ਸਾਨੂੰ ਲੋਕਾਈ ਲਈ ਸੰਘਰਸ਼ ਕਰ ਰਹੀਆਂ ਧਿਰਾਂ ਦਾ ਹਰ ਤਰ੍ਹਾਂ ਅਤੇ ਹਰ ਪੱਖੋਂ ਸਹਿਯੋਗ ਕਰਨਾ ਚਾਹੀਦਾ ।ਲੋਕ ਕਵੀ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿੰਸੀਪਲ ਇਕਬਾਲ ਕੌਰ ਉਦਾਸੀ ਨੇ ਸੁਰਜੀਤ ਅਰਮਾਨੀ ਦੇ ਪਰਵਾਰ ਨਾਲ ਆਪਣੀਆਂ ਸਾਂਝਾਂ ਨੂੰ ਯਾਦ ਕਰਦਿਆਂ ਆਪਣੇ ਵਿਚਾਰ ਪੇਸ਼ ਕੀਤੇ। ਮਜ਼ਦੂਰ ਮੁਕਤੀ ਮੋਰਚਾ ਅਜ਼ਾਦ ਦੇ ਸੂਬਾਈ ਪ੍ਰਧਾਨ ਆਗ ਭਗਵੰਤ ਸਿੰਘ ਸਮਾਉ ਨੇ ਕਿਹਾ ਕਿ ਬਾਬਾ ਸਹਿਬ ਡਾ. ਭੀਮ ਰਾਓ ਅੰਬੇਡਕਰ ਦੇ ਫਲਸਫੇ ਤੇ ਮਾਰਕਸਵਾਦ ਦਾ ਇਨਕਲਾਬੀ ਵਿਚਾਰਧਾਰਕ ਰਲੇਵਾਂ ਕਰਕੇ ਚੱਲਣ ਨਾਲ ਹੀ ਸੁਰਜੀਤ ਅਰਮਾਨੀ ਦੇ ਮਿਸ਼ਨ ਨੂੰ ਅਪਣਾਇਆ ਜਾ ਸਕਦਾ ਹੈ ਅਤੇ ਇਹੀ ਅਰਮਾਨੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਅਜਮੇਰ ਆਕਲੀਆ ਨੇ ਸੁਰਜੀਤ ਅਰਮਾਨੀ ਦੇ ਇਨਕਲਾਬੀ ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਤੁਰ ਗਏ ਯੋਧਿਆਂ ਦੀ ਯਾਦ ਨੂੰ ਮੁੜ ਤਾਜ਼ਾ ਕਰ ਦਿੱਤਾ।ਕਾ. ਸੁਖਦਰਸ਼ਨ ਨੱਤ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਕਾਰਪੋਰੇਟਾਂ ਖ਼ਿਲਾਫ਼ ਲੜਦਿਆਂ ਭਾਜਪਾਈ, ਮੰਨੂੰਵਾਦ ਖ਼ਿਲਾਫ਼ ਲੜਾਈ ਨੂੰ ਅੱਗੇ ਤੋਰਦਿਆਂ ਹੀ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।ਡਾ.ਸਮੀਰ ਕੌਰ ਨੇ ਕਿਹਾ ਕਿ ਨਾਨਾ ਸੁਰਜੀਤ ਅਰਮਾਨੀ ਦੇ ਵਿਚਾਰ, ਕਾਵਿ ਰਚਨਾਵਾਂ ਨੇ ਮਨ ਨੂੰ ਸਾਨੂੰ ਝੰਜੋੜ ਕੇ ਰੱਖ ਦਿੱਤਾ। ਸਾਨੂੰ ਅਹਿਦ ਕਰਨਾ ਚਾਹੀਦਾ ਹੈ ਕਿ ਅਸੀਂ ਕਿਰਤੀ ਸਮਾਜ ਦਾ ਕਰਜ਼ ਉਤਾਰਨ ਲਈ ਹਮੇਸ਼ਾ ਯਤਨਸ਼ੀਲ ਰਹੀਏ, ਇਹੀ ਉਨ੍ਹਾਂ ਨੂੰ ਸਹੀ ਅਰਥਾਂ 'ਚ ਸ਼ਰਧਾਂਜਲੀ ਹੋਵੇਗੀ।ਇਸੇ ਦੌਰਾਨ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਗੁਰਜੰਟ ਮਾਨਸਾ ਤੇ ਪੈਨਸ਼ਨਰਜ਼ ਐਸੋਸੀਏਸ਼ਨ ਮਾਨਸਾ ਦੇ ਆਗੂ ਸਿਕੰਦਰ ਸਿੰਘ ਘਰਾਂਗਣਾ ਨੇ ਵੀ ਅਰਮਾਨੀ ਨੂੰ ਸਰਧਾਂਜਲੀ ਭੇਟ ਕੀਤੀ।ਮੱਖਣ ਸਿੰਘ ਰਾਮਗੜ੍ਹ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ ਅਤੇ ਆਪਣੇ ਨੇੜਲੇ ਰਿਸ਼ਤੇ ਦੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ।

ਸੁਰਜੀਤ ਅਰਮਾਨੀ ਦੇ ਛੋਟੇ ਭਰਾ ਆਤਮਾ ਸਿੰਘ ਪਮਾਰ ਨੇ ਸਮਾਗਮ ਵਿੱਚ ਪਹੁੰਚੇ ਰਿਸ਼ਤੇਦਾਰਾਂ, ਦੋਸਤਾਂ, ਮਿੱਤਰਾਂ ਅਤੇ ਇਨਕਲਾਬੀ ਲਹਿਰ ਨਾਲ ਜੁੜੇ ਪੁਰਾਣੇ ਸਾਥੀਆਂ ਦਾ ਸਮਾਗਮ 'ਚ ਸ਼ਮੂਲੀਅਤ ਕਰਨ ਲਈ ਧੰਨਵਾਦ ਕਰਦਿਆਂ ਪ੍ਰੋਗਰਾਮ ਦੀ ਸਮਾਪਤੀ ਕੀਤੀ।ਇਸ ਸਮੁੱਚੇ ਸਮਾਗਮ ਦੀ ਰੂਪ ਰੇਖਾ ਉਲੀਕਣ ਲਈ ਪ੍ਰਸਿੱਧ ਲੋਕ ਗਾਇਕ ਜਗਸੀਰ ਸਿੰਘ ਜੀਦਾ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ।

# 13 ਤੇ 21 ਨੂੰ ਸ਼ੰਭੂ ਬਾਰਡਰ 'ਤੇ ਹੋਣਗੇ ਵੱਡੇ ਇਕੱਠ : ਮਾਨੋਚਾਹਲ, ਮੀਆਂਵਿੰਡ



ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਗੁਰੂ ਅੰਗਦ ਜੀ ਦੀ ਮੀਟਿੰਗ ਜ਼ੋਨ ਪ੍ਰਧਾਨ ਮੁਖ਼ਤਾਰ ਸਿੰਘ ਬਿਹਾਰੀਪੁਰ ਅਤੇ ਜ਼ੋਨ ਖਜ਼ਾਨਚੀ ਸਾਹਿਬ ਸਿੰਘ ਨਰੋਤਮਪੁਰ ਦੀ ਪ੍ਰਧਾਨਗੀ ਹੇਠ ਗੁਰਦਵਾਰਾ ਰਾਮਪੁਰ ਨਰੋਤਮਪੁਰ ਵਿਖੇ ਹੋਈ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਨੋਚਾਹਲ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ ਪਹੁੰਚੇ। ਇਸ ਦੀ ਜਾਣਕਾਰੀ ਪ੍ਰੈੱਸ ਸਕੱਤਰ ਹਰਜਿੰਦਰ ਸਿੰਘ ਘੱਗੇ ਅਤੇ ਬਲਜਿੰਦਰ ਸਿੰਘ ਅਲਮਪੁਰ ਨੇ ਦਿੱਤੀ। ਉਕਤ ਆਗੂਆਂ ਨੇ ਦੱਸਿਆ ਕਿ 13 ਅਤੇ 21 ਫਰਵਰੀ ਨੂੰ ਬਾਰਡਰਾਂ 'ਤੇ ਕਿਸਾਨਾਂ, ਮਜ਼ਦੂਰਾਂ, ਬੀਬੀਆਂ ਅਤੇ ਨੌਜਵਾਨਾਂ ਦੇ ਵੱਡੇ ਇਕੱਠ ਕਰਕੇ ਮੰਗਾਂ ਮਨਵਾਉਣ ਲਈ ਮੋਦੀ ਸਰਕਾਰ ਨੂੰ ਮਜਬੂਰ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਕਿਹਾ ਕਿ 25 ਫ਼ਰਵਰੀ ਨੂੰ ਡੀ ਸੀ ਦਫ਼ਤਰ ਤਰਨਤਾਰਨ ਵਿਖੇ ਕੁਝ ਮੰਗਾਂ ਜਿਵੇਂ ਕਿ ਦਿੱਲੀ ਅੰਦੋਲਨ ਅਤੇ ਸ਼ੰਭੂ ਖਨੌਰੀ ਬਾਰਡਰਾਂ ਤੇ ਜੋ ਸੰਘਰਸ਼ ਦੌਰਾਨ ਕਿਸਾਨ, ਮਜ਼ਦੂਰ ਅਤੇ ਬੀਬੀਆਂ ਸ਼ਹੀਦ ਹੋਏ ਸਨ ਉਨ੍ਹਾਂ ਨੂੰ ਮੁਆਵਜ਼ਾ ਅਤੇ ਇਕ ਜੀਅ ਨੂੰ ਨੌਕਰੀ ਦਿਵਾਉਣ ਵਾਸਤੇ ਅਤੇ ਕਿਸਾਨਾਂ ਲਈ ਝੋਨੇ ਦੀ ਖਰੀਦ ਉਪਰ ਲਗਾਏ ਜਾ ਰਹੇ ਕੱਟਾਂ ਦੀ ਭਰਪਾਈ ਕਰਨ ਲਈ ਅਣਮਿਥੇ ਸਮੇਂ ਲਈ ਪੱਕਾ ਧਰਨਾ ਲਗਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਦੀ ਜ਼ਿੰਮੇਵਾਰੀ ਸਰਕਾਰ ਅਤੇ ਉਚ ਅਧਿਕਾਰੀਆਂ ਦੀ ਹੋਵੇਗੀ ਕਿਉਂਕਿ ਵਾਰ ਵਾਰ ਮੰਗ ਪੱਤਰ ਦੇਣ ਦੇ ਬਾਵਜੂਦ ਇਨ੍ਹਾਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸ ਮੌਕੇ ਮਨਜੀਤ ਸਿੰਘ ਵੈਰੋਵਾਲ ਬਾਵਿਆਂ, ਪ੍ਰਮਜੀਤ ਸਿੰਘ ਬਾਠ ਦਾਰਾਪੁਰ, ਲਖਬੀਰ ਸਿੰਘ ਦਾਰਾਪੁਰ, ਬੂਟਾ ਸਿੰਘ ਵੈਰੋਵਾਲ, ਜਨਕ ਰਾਜ ਦਾਰਾਪੁਰ, ਕਾਹਨ ਸਿੰਘ ਗਗੜੇਵਾਲ, ਮੁਖਤਾਰ ਸਿੰਘ ਰਾਮਪੁਰ ਨਰੋਤਮਪੁਰ, ਜਗਜੀਤ ਸਿੰਘ ਭਲੋਜਲਾ, ਬਲਜੀਤ ਸਿੰਘ ਘੱਗੇ, ਸੁਖਦੇਵ ਸਿੰਘ ਘੱਗੇ, ਤਜਿੰਦਰ ਸਿੰਘ ਬਹਾਦਰਪੁਰ, ਸੁਖਦੇਵ ਸਿੰਘ ਬਿਹਾਰੀਪੁਰ, ਬਿੱਕਰ ਸਿੰਘ ਲਿੱਧੜ, ਸਵਰਨ ਸਿੰਘ ਲਿੱਧੜ, ਹਰਜਿੰਦਰ ਸਿੰਘ ਜਲਾਲਾਬਾਦ, ਬੀਬੀ ਸੁਖਵਿੰਦਰ ਕੌਰ ਵੈਰੋਵਾਲ ਦਾਰਾਪੁਰ, ਬੀਬੀ ਰਵਿੰਦਰ ਕੌਰ, ਸੁਖਚੈਨ ਕੌਰ ਦਾਰਾਪੁਰ ਸਮੇਤ ਵੱਖ-ਵੱਖ ਪਿੰਡਾਂ ਤੋਂ ਕਿਸਾਨ ਆਗੂ ਹਾਜ਼ਰ ਸਨ।

# ਦਿਨ-ਦਿਹਾੜੇ ਸੋਨੇ ਦੇ ਗਹਿਣੇ, 50 ਹਜ਼ਾਰ ਨਗਦੀ ਤੇ ਮੋਬਾਇਲ ਚੋਰੀ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੁਲਸ ਥਾਣਾ ਕਾਦੀਆਂ ਅਧੀਨ ਆਉਂਦੇ ਮਹੱਲਾ ਕ੍ਰਿਸ਼ਨਾ ਨਗਰ ਵਿਖੇ ਦਿਨ ਦਿਹਾੜੇ ਚੋਰਾਂ ਦੇ ਵੱਲੋਂ ਇੱਕ ਘਰ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਚੋਰਾਂ ਦੇ ਵੱਲੋਂ ਘਰ ਵਿੱਚ ਪਈ 50 ਹਜ਼ਾਰ ਰੁਪਏ ਦੀ ਨਗਦੀ ਇੱਕ ਆਈਫੋਨ, ਦੋ ਸੈਮਸੰਗ ਕੰਪਨੀ ਦੇ ਮੋਬਾਇਲ ਅਤੇ ਸੋਨੇ ਦੀ ਮੁੰਦਰੀ ਤੇ ਟੋਪਸ ਚੋਰੀ ਕਰਨ ਦਾ ਸਮਾਚਾਰ ਮਿਲਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਘਰ ਦੇ ਮਾਲਕ ਪਰਮਿੰਦਰ ਸਿੰਘ ਭਾਟੀਆ ਪੁੱਤਰ ਅਮਰੀਕ ਸਿੰਘ ਭਾਟੀਆ ਵਾਸੀ ਮੁਹੱਲਾ ਕ੍ਰਿਸ਼ਨਾ ਨਗਰ ਕਾਦੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦਾ ਕੁਝ ਦਿਨ ਪਹਿਲਾਂ ਦੇਹਾਂਤ ਹੋ ਗਿਆ ਸੀ ਅਤੇ ਉਹ ਆਪਣੇ ਪਿਤਾ ਦੇ ਫੁੱਲ ਤਾਰਨ ਲਈ ਗੋਇੰਦਵਾਲ ਸਾਹਿਬ ਗਏ ਹੋਏ ਸਨ। ਜਦੋਂ ਉਨ੍ਹਾਂ ਨੇ ਘਰ ਵਾਪਸ ਆਣ ਕੇ ਦੇਖਿਆ ਤਾਂ ਘਰ ਦੀ ਰਸੋਈ ਵਿੱਚ ਇੱਕ ਖਿੜਕੀ ਚੋਰਾਂ ਦੇ ਵੱਲੋਂ ਤੋੜੀ ਹੋਈ ਸੀ ਅਤੇ ਜਦੋਂ ਉਨ੍ਹਾਂ ਨੇ ਆਪਣੇ ਘਰ ਦੀ ਜਾਂਚ ਕੀਤੀ ਤਾਂ ਕਮਰੇ ਵਿੱਚ ਪਈ ਇੱਕ ਅਲਮਾਰੀ ਨੂੰ ਵੀ ਚੋਰਾਂ ਵੱਲੋਂ ਤੋੜਿਆ ਗਿਆ ਸੀ।ਅਲਮਾਰੀ ਵਿੱਚ ਪਏ 50 ਹਜ਼ਾਰ ਰੁਪਏ, ਇੱਕ ਸੋਨੇ ਦੀ ਮੁੰਦਰੀ ਅਤੇ ਇੱਕ ਸੋਨੇ ਦਾ ਟੋਪਸ ਜੋੜਾ, ਇੱਕ ਆਈਫੋਨ ਮੋਬਾਈਲ ਅਤੇ ਦੋ ਸੈਮਸੰਗ ਕੰਪਨੀ ਦੇ ਮੋਬਾਇਲ ਚੋਰਾਂ ਦੇ ਵੱਲੋਂ ਚੋਰੀ ਕਰ ਲਏ ਗਏ। ਘਰ ਦੇ ਮਾਲਕ ਨੇ ਦੱਸਿਆ ਕਿ ਉਸ ਦਾ ਕੁੱਲ ਮਿਲਾ ਕੇ ਕਰੀਬ 2 ਲੱਖ ਰੁਪਏ ਦੇ ਲਗਭਗ ਨੁਕਸਾਨ ਹੋਇਆ ਹੈ ਜਿਸ ਸਬੰਧੀ ਉਨ੍ਹਾਂ ਨੇ ਕਾਦੀਆਂ ਪੁਲਸ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

ਉਧਰ ਦੂਜੇ ਪਾਸੇ ਘਟਨਾ ਸਥਾਨ ਤੇ ਪਹੁੰਚ ਕੇ ਪੁਲਸ ਥਾਣਾ ਕਾਦੀਆਂ ਦੇ ਐੱਸਐੱਚਓ ਨਿਰਮਲ ਸਿੰਘ ਦੇ ਵੱਲੋਂ ਘਟਨਾ ਸਥਾਨ ਦਾ ਜਾਇਜ਼ਾ ਲਿਆ ਗਿਆ ਅਤੇ ਪਰਿਵਾਰ ਨੂੰ ਵਿਸ਼ਵਾਸ ਦਵਾਇਆ ਗਿਆ ਕਿ ਚੋਰਾਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ। ਇੱਥੇ ਸਾਰੇ ਮਾਮਲੇ ਸਬੰਧੀ ਪੁਲਸ ਥਾਣਾ ਕਾਦੀਆਂ ਦੇ ਏਐੱਸਆਈ ਰਛਪਾਲ ਸਿੰਘ ਦੇ ਵੱਲੋਂ ਘਰ ਦੇ ਮਾਲਕ ਪਰਮਿੰਦਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਚੋਰਾਂ ਦੇ ਖਿਲਾਫ ਥਾਣਾ ਕਾਦੀਆਂ ਦੇ ਅੰਦਰ ਬਣਦੀਆਂ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਬੀਬੀਆਂ ਦੇ ਜਥੇਬੰਦਕ ਢਾਂਚੇ ਦਾ ਗਠਨ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਕਸਬਾ ਕਾਦੀਆਂ ਦੇ ਦਾਣਾ ਮੰਡੀ ਵਿੱਚ ਜ਼ਿਲ੍ਹੇ ਦੇ 15 ਜ਼ੋਨਾਂ ਦੀ ਲਾਮਬੰਦੀ ਉਪਰੰਤ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਸੂਬਾ ਕੋਰ ਕਮੇਟੀ ਮੈਂਬਰ ਸਵਿੰਦਰ ਸਿੰਘ ਚੌਤਾਲਾ, ਲਖਵਿੰਦਰ ਸਿੰਘ ਵਰਿਆਮ ਨੰਗਲ, ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਮਸਾਣੀਆਂ ਦੀ ਅਗਵਾਈ ਹੇਠ ਬੀਬੀਆਂ ਦੇ ਜਥੇਬੰਦਕ ਢਾਂਚੇ ਦਾ ਗਠਨ ਕੀਤਾ ਗਿਆ ਜਿਸ ਵਿੱਚ 15 ਮੈਂਬਰੀ ਜ਼ਿਲ੍ਹਾ ਕਮੇਟੀ ਨੂੰ ਚੁਣਿਆ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਆਗੂਆਂ ਨੇ ਵੱਖ-ਵੱਖ ਮੰਗਾਂ ਦਾ ਜ਼ਿਕਰ ਕੀਤਾ। ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ ਨੇ ਕਿਹਾ ਕਿ ਸਰਕਾਰ ਨੌਜਵਾਨਾਂ ਦੇ ਰੁਜ਼ਗਾਰ ਦੇ ਮੌਕੇ ਕਾਰਪੋਰੇਟ ਦੇ ਹੱਥ ਵਿੱਚ ਦੇ ਕੇ ਨੌਜਵਾਨਾਂ ਨੂੰ ਬਾਹਰ ਦੀ ਧਰਤੀ ਵੱਲ ਰੁਖ ਕਰਨ ਦੇ ਲਈ ਮਜਬੂਰ ਕਰ ਰਹੀ ਹੈ। ਇਸ ਮੌਕੇ ਸੁਖਦੇਵ ਕੌਰ, ਬੀਬੀ ਹਰਜੀਤ ਕੌਰ ਨਾਨੋਵਾਲ,ਬੀਬੀ ਜਸਬੀਰ ਕੌਰ. ਬੀਬੀ ਮਨਜਿੰਦਰ ਕੌਰ. ਬੀਬੀ ਬਲਬੀਰ ਕੌਰ, ਬੀਬੀ ਗੁਰਮੇਜ ਕੌਰ, ਬੀਬੀ ਪਰਮਜੀਤ ਕੌਰ, ਬੀਬੀ ਅਰਜਿੰਦਰ ਕੌਰ, ਬੀਬੀ ਹਰਜੀਤ ਕੌਰ ਨੈਨੇਕੋਟ, ਬੀਬੀ ਸਰਬਜੀਤ ਕੌਰ ਨੂੰ ਜਥੇਬੰਦਕ ਸਿਧਾਂਤ ਦੇ ਅਨੁਸਾਰ ਅਹੁਦੇ ਦੇ ਕੇ ਜ਼ਿਲ੍ਹਾ ਕਮੇਟੀ ਮੈਂਬਰ ਬਣਾਇਆ ਗਿਆ। ਇਸ ਮੌਕੇ ਜ਼ੋਨ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਕੁਲਜੀਤ ਸਿੰਘ ਕਾਹਲੋਂ, ਬਿਰਮਲ ਸਿੰਘ ਬੱਲ੍ਹਪੁਰਾ, ਗੁਰਮੁਖ ਸਿੰਘ ਖਾਨਮਲੇਕ, ਗੁਰਜੀਤ ਸਿੰਘ ਬੱਲੜਵਾਲ, ਬਲਦੇਵ ਸਿੰਘ ਪੰਡੋਰੀ, ਰਣਬੀਰ ਸਿੰਘ ਦੁਗਰੀ, ਸੁਖਜਿੰਦਰ ਸਿੰਘ ਡੋਅਰੀਵਾਲ, ਰਸ਼ਪਾਲ ਸਿੰਘ ਭਰਥ, ਕਵਲਜੀਤ ਸਿੰਘ ਪੰਜ ਗਰਾਈਆਂ, ਸੁਖਜਿੰਦਰ ਸਿੰਘ ਗੋਤ, ਕੈਪਟਨ ਸ਼ਮਿੰਦਰ ਸਿੰਘ, ਹਰਭਜਨ ਸਿੰਘ ਵੈਰੋ ਨੰਗਲ, ਹਰਜੀਤ ਸਿੰਘ ਲੀਲ ਕਲਾਂ, ਗੁਰਪ੍ਰੀਤ ਨਾਨੋਵਾਲ, ਜਗਦੀਸ ਸਿੰਘ, ਬਾਬਾ ਸੁਖਦੇਵ ਸਿੰਘ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ, ਮਜ਼ਦੂਰ, ਬੀਬੀਆਂ ਅਤੇ ਭਾਈ ਹਾਜ਼ਰ ਸਨ।

# ਜੇ ਐੱਮ ਕੇ ਸਕੂਲ ਵਿਖੇ 12ਵੀਂ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ




ਪਠਾਨਕੋਟ (ਦਵਿੰਦਰ ਸਿੰਘ)-ਜੇ. ਐੱਮ. ਕੇ. ਸਕੂਲ ਪਠਾਨਕੋਟ ਵੱਲੋਂ ਸ਼ਨੀਵਾਰ ਨੂੰ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰਿੰਸੀਪਲ ਨੀਤੀ ਕੋਚਰ ਦੀ ਪ੍ਰਧਾਨਗੀ ਹੇਠ ਕੀਤੀ ਗਈ।ਪਾਰਟੀ ਦੌਰਾਨ ਸਟਾਫ਼ ਅਤੇ ਵਿਦਿਆਰਥੀਆਂ ਨੇ ਸਕੂਲ ਦੇ ਡਾਇਰੈਕਟਰ ਤਾਨਿਆ ਸੰਦੇਹ ਅਤੇ ਪ੍ਰਿੰਸੀਪਲ ਨੀਤੀ ਕੋਚਰ ਨੂੰ ਗੁਲਦਸਤਾ ਭੇਟ ਕਰਦੇ ਹੋਏ ਉਨ੍ਹਾਂ ਦਾ ਸਵਾਗਤ ਕੀਤਾ।ਇਸ ਮੌਕੇ ਵਿਦਿਆਰਥੀਆਂ ਨੇ ਇੱਕ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ।ਵਿਦਿਆਰਥੀਆਂ ਵੱਲੋਂ ਇਸ ਮੌਕੇ ਵੱਖ-ਵੱਖ ਖੇਡਾਂ ਅਤੇ ਮੁਕਾਬਲਿਆਂ ਦਾ ਪ੍ਰੋਗਰਾਮ ਵੀ ਕੀਤਾ ਗਿਆ।ਇਸ ਮੌਕੇ ਵੱਖ-ਵੱਖ ਟੈਗਸ ਕਰਕੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ ਜਿਸ ਵਿੱਚ ਵਿਦਿਆਰਥੀ ਯੁਵਰਾਜ ਸੈਣੀ ਨੂੰ ਮਿਸਟਰ ਜੇਐੱਮਕੇ ਅਤੇ ਚਾਰੂ ਨੂੰ ਮਿਸ ਜੇਐੱਮਕੇ ਦਾ ਖਿਤਾਬ ਦਿੱਤਾ ਗਿਆ।ਸਕੂਲ ਦੇ ਡਾਇਰੈਕਟਰ ਤਾਨਿਆ ਨੇ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਦਾ ਆਯੋਜਨ ਕਰਨਾ ਬੱਚਿਆਂ ਵਿਚ ਆਪਸੀ ਏਕਤਾ ਵਧਾਉਂਦਾ ਹੈ।ਉਨ੍ਹਾਂ ਕਿਹਾ ਕਿ ਅਲਵਿਦਾ ਪਾਰਟੀ ਬੱਚਿਆਂ ਨੂੰ ਆਪਣੇ ਬਜ਼ੁਰਗਾਂ ਦਾ ਆਦਰ ਕਰਨ ਲਈ ਪ੍ਰੇਰਿਤ ਕਰਦੀ ਹੈ। ਇਸ ਮੌਕੇ ਪ੍ਰਿੰਸੀਪਲ ਪਾਲਿਸੀ ਕੋਚਰ ਨੇ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਉਨ੍ਹਾਂ ਵਿਦਿਆਰਥੀਆਂ ਨੂੰ ਸਕੂਲ ਦੇ ਜਾਣ ਤੋਂ ਬਾਅਦ ਆਪਣੀ ਉੱਚ ਸਿੱਖਿਆ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪੂਜਾ ਵਰਮਾ, ਅਜੇ ਵਰਮਾ, ਰਿਤਿਕਾ, ਰਿਚੀ, ਜੋਤੀ ਆਦਿ ਮੌਜੂਦ ਸਨ।

# ਸ਼੍ਰੋਮਣੀ ਕਮੇਟੀ ਵੱਲੋਂ ਦੁਆਬਾ ਖੇਤਰ 'ਚ ਧਰਮ ਪ੍ਰਚਾਰ ਲਈ ਪ੍ਰਚਾਰਕ ਜਥੇ ਰਵਾਨਾ

## *ਨੌਵੇਂ ਪਾਤਸ਼ਾਹ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੋਣਗੇ ਗੁਰਮਤਿ ਸਮਾਗਮ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਲਹਿਰ ਤਹਿਤ ਗੁਰਦੁਆਰਾ ਸ੍ਰੀ ਗਰਨਾ ਸਾਹਿਬ ਬੋਦਲ ਹੁਸ਼ਿਆਰਪੁਰ ਤੋਂ 100 ਵਲੰਟੀਅਰ ਪ੍ਰਚਾਰਕ ਸਿੰਘਾਂ ਨੂੰ ਜਥਿਆਂ ਦੇ ਰੂਪ ਵਿੱਚ ਪਿੰਡਾਂ ਲਈ ਰਵਾਨਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਤੇ ਜਥਿਆਂ ਨੂੰ ਰਵਾਨਾ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਤੇ ਓਐੱਸਡੀ ਸਤਬੀਰ ਸਿੰਘ ਧਾਮੀ ਸਮੇਤ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ। ਇਸੇ ਸਬੰਧੀ ਜਾਣਕਾਰੀ ਦਿੰਦਿਆਂ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ ਤੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਪ੍ਰਬੰਧ ਵਾਲੇ ਸਿੱਖ ਮਿਸ਼ਨਰੀ ਕਾਲਜਾਂ ਅਤੇ ਗੁਰਮਤਿ ਵਿਦਿਆਲਿਆਂ ਤੋਂ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਵਲੰਟੀਅਰ ਤੌਰ 'ਤੇ ਚੋਣ ਕੀਤੀ ਗਈ ਹੈ।ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਇਨ੍ਹਾਂ ਵਿੱਚੋਂ 4-4 ਸਿੰਘਾਂ ਦੇ ਜਥੇ ਬਣਾ ਕੇ ਪਿੰਡਾਂ ਵਿੱਚ ਭੇਜਿਆ ਜਾ ਰਿਹਾ ਹੈ, ਜੋ ਇਕ ਪਿੰਡ ਵਿੱਚ 10 ਦਿਨ ਦੇ ਕਰੀਬ ਰਹਿ ਕੇ ਸੰਗਤਾਂ ਨੂੰ ਗੁਰਮਤਿ ਸਿਧਾਂਤਾਂ ਤੇ ਸਿੱਖ ਇਤਿਹਾਸ ਦੀ ਜਾਣਕਾਰੀ ਦੇਣਗੇ।ਉਨ੍ਹਾਂ ਕਿਹਾ ਕਿ ਖਾਲਸਾ ਪੰਥ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨਵੰਬਰ 2025 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਈ ਜਾ ਰਹੀ ਹੈ, ਜਿਸ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਗੁਰਮਤਿ ਸਮਾਗਮਾਂ ਦੀ ਲੜੀ ਚਲਾਈ ਜਾਵੇਗੀ।ਇਸੇ ਤਹਿਤ ਹੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਵੈਸਾਖੀ ਮੌਕੇ ਵਿਸ਼ੇਸ਼ ਤੌਰ 'ਤੇ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਸਾਜਨਾ ਸਮੇਂ ਅੰਮ੍ਰਿਤ ਸੰਚਾਰ ਲਈ ਵਰਤੇ ਖੰਡੇ ਨਾਲ ਸਿੰਘ ਸਾਹਿਬਾਨ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ।ਉਨ੍ਹਾਂ ਕਿਹਾ ਕਿ ਇਹ ਜਥੇ ਅੰਮ੍ਰਿਤ ਸੰਚਾਰ ਲਈ ਵੀ ਸੰਗਤਾਂ ਨੂੰ ਪ੍ਰੇਰਨਾ ਕਰਨਗੇ। ਉਨ੍ਹਾਂ ਕਿਹਾ ਕਿ ਵੈਸਾਖੀ ਤੱਕ ਇਹ ਜਥੇ ਦੁਆਬਾ ਖੇਤਰ ਦੇ ਪਿੰਡਾਂ ਅੰਦਰ ਧਰਮ ਪ੍ਰਚਾਰ ਲਹਿਰ ਜਾਰੀ ਰੱਖਣਗੇ ਜਿਸ ਮਗਰੋਂ ਇਨ੍ਹਾਂ ਨੂੰ ਹੋਰ ਹਲਕਿਆਂ ਵਿੱਚ ਭੇਜਿਆ ਜਾਵੇਗਾ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ ਤੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਤੋਂ ਇਲਾਵਾ ਓਐੱਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਬਿਜੇ ਸਿੰਘ, ਸੰਦੀਪ ਸਿੰਘ ਸੀਕਰੀ ਹਲਕਾ ਇੰਚਾਰਜ ਸ਼ਾਮਚੁਰਾਸੀ, ਪ੍ਰਿੰ. ਬੀਬੀ ਮਨਜੀਤ ਕੌਰ, ਮਹਿੰਦਰਪਾਲ ਸਿੰਘ ਗੁੰਬਰ, ਇੰਚਾਰਜ ਕਰਤਾਰ ਸਿੰਘ, ਬਹਾਲ ਸਿੰਘ, ਹਰਭਾਗ ਸਿੰਘ, ਮੈਨੇਜਰ ਅਵਤਾਰ ਸਿੰਘ, ਗੁਰਦੁਆਰਾ ਸ੍ਰੀ ਗਰਨਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਸਰਤਾਜ ਸਿੰਘ, ਪ੍ਰਚਾਰਕ ਭਾਈ ਕਲਿਆਣ ਸਿੰਘ, ਭਾਈ ਅਮਰਜੀਤ ਸਿੰਘ ਜੰਡੀ, ਭਾਈ ਗੁਰਜੰਟ ਸਿੰਘ ਤਿੱਬੜ, ਮੀਤ ਮੈਨੇਜਰ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# 27 ਸਾਲਾਂ ਦੇ ਲੰਮੇ ਬਨਵਾਸ ਮਗਰੋਂ ਦਿੱਲੀ 'ਚ ਭਾਜਪਾ ਦੀ ਸ਼ਾਨਦਾਰ ਜਿੱਤ ਹੋਈ : ਵਿਨੈ ਚੌਧਰੀ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਭਾਜਪਾ ਦੀ ਦਿੱਲੀ 'ਚ ਹੋਈ ਜਿੱਤ ਨੂੰ ਮੁੱਖ ਰੱਖਦਿਆਂ ਹਲਕਾ ਦੀਨਾਨਗਰ ਤੋਂ ਭਾਜਪਾ ਦੇ ਸੀਨੀਅਰ ਨੇਤਾ ਵਿਨੈ ਚੌਧਰੀ (ਬੱਬਲੀ) ਦੀ ਅਗਵਾਈ ਹੇਠ ਭਾਜਪਾ ਦੇ ਵਰਕਰਾਂ ਵੱਲੋਂ ਲੱਡੂ ਵੰਡੇ ਗਏ ਅਤੇ ਵਰਕਰਾਂ ਵੱਲੋਂ ਚੌਧਰੀ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾ ਕੇ ਮੁਬਾਰਕਾਂ ਦਿੱਤੀਆਂ ਗਈਆਂ।ਇਸ ਮੌਕੇ ਭਾਜਪਾ ਸੀਨੀ. ਆਗੂ ਵਿਨੈ ਚੌਧਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਇਤਿਹਾਸਕ ਜਿੱਤ ਹੋਈ ਹੈ ਤੇ ਅਰਵਿੰਦ ਕੇਜਰੀਵਾਲ ਵੱਲੋਂ ਕੀਤੇ ਗਏ ਝੂਠੇ ਵਾਅਦਿਆਂ ਤੋਂ ਦਿੱਲੀ ਵਾਸੀ ਕਿਨਾਰਾ ਕਰਦੇ ਹੋਏ ਭਾਜਪਾ ਨੂੰ ਵੱਡਾ ਬਹੁਮਤ ਨਾਲ ਜਿਤਾ ਕੇ ਦਿੱਲੀ ਦੀ ਸਰਕਾਰ ਬਣਾਉਣ ਲਈ ਚੁਣਿਆ ਹੈ।ਉਨ੍ਹਾਂ ਕਿਹਾ ਕਿ 27 ਸਾਲਾਂ ਦੇ ਲੰਮੇ ਬਨਵਾਸ ਮਗਰੋਂ ਵੱਡੀ ਇਤਿਹਾਸਕ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕਰਨ 'ਤੇ ਲੋਕਾਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕੇਜਰੀਵਾਲ ਵੱਲੋਂ ਜੇਲ ਤੋਂ ਬਾਹਰ ਆਉਣ ਉਪਰੰਤ ਕਿਹਾ ਸੀ ਕਿ ਮੈਂ ਦਿੱਲੀ ਦੇ ਲੋਕਾਂ ਦਾ ਫੈਸਲਾ ਮੰਨਾਂਗਾ ਤੇ ਦੁਬਾਰਾ ਚੋਣ ਜਿੱਤ ਕੇ ਹੀ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਾਂਗਾ ਪਰ ਹੁਣ ਕੇਜਰੀਵਾਲ ਦੀ ਹੋਈ ਹਾਰ ਨੇ ਸਾਬਤ ਕਰ ਦਿੱਤਾ ਕਿ ਦਿੱਲੀ ਦੇ ਲੋਕਾਂ ਨੇ ਮੰਨ ਲਿਆ ਕਿ ਉਹ ਤੇ ਉਨ੍ਹਾਂ ਦੀ ਪਾਰਟੀ ਭ੍ਰਿਸ਼ਟਾਚਾਰ 'ਚ ਪੂਰੀ ਤਰਾਂ ਲਿਪਤ ਹੈ।ਉਨ੍ਹਾਂ ਕਿਹਾ ਕਿ ਹੁਣ ਦਿੱਲੀ ਤੋਂ ਬਾਅਦ ਪੰਜਾਬ ਦੇ ਲੋਕ ਪੰਜਾਬ ਅੰਦਰ 'ਆਪ' ਨੂੰ ਚੱਲਦਾ ਕਰ ਕੇ ਸੂਬੇ 'ਚ ਭਾਜਪਾ ਦੀ ਸਰਕਾਰ ਬਣਾਉਣ ਲਈ ਕਾਹਲੇ ਹੋਏ ਪਏ ਹਨ।ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਰਕੇਸ਼ ਮੁਹਾਜਨ, ਸੀਤਾ ਰਾਮ ਮਹਾਜਨ, ਰਾਮਜੀਤ ਖਜੂਰੀਆ, ਅੰਕੂ ਨਈਅਰ, ਗੌਰਵ ਸ਼ਰਮਾ, ਅਜੈ ਵਿਕਾਸ ਭੱਲਾ, ਰਮਨ ਠਾਕੁਰ, ਨਵੀਨ ਸੈਣੀ, ਦੀਪੂ, ਸੰਦੀਪ ਕੁਮਾਰ ਸਰਪੰਚ ਹਵੇਲੀਆਂ, ਰੋਹਿਤ ਅਵਾਂਖਾ, ਰੋਜੀ ਠਾਕੁਰ, ਓਕਾਰ ਆਦਿ ਹਾਜ਼ਰ ਸਨ।

## ਘਰ ਦੀ ਛੱਤ ਡਿੱਗਣ ਕਾਰਨ ਦੋ ਜਣਿਆਂ ਦੀ ਮੌਤ; ਕਈ ਜ਼ਖ਼ਮੀ





ਪੱਟੀ (ਸ਼ਮਸ਼ੇਰ ਸਿੰਘ ਯੋਧਾ)-ਤਰਨਤਾਰਨ ਦੇ ਪਿੰਡ ਸਭਰਾ 'ਚ ਵੱਡਾ ਹਾਦਸਾ ਵਾਪਰਨ ਦੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਇਕ ਘਰ 'ਚ ਰੱਖੇ ਸਹਿਜ ਪਾਠ ਦੇ ਭੋਗ ਮੌਕੇ ਘਰ ਦੀ ਛੱਤ ਡਿੱਗ ਗਈ ਜਿੱਥੇ 20 ਤੋਂ 22 ਜਣੇ ਘਰ ਦੀ ਛੱਤ ਹੇਠਾਂ ਆ ਗਏ ਅਤੇ ਇਕ ਔਰਤ ਤੇ ਇਕ ਵਿਅਕਤੀ ਦੀ ਮੌਤ ਹੋ ਗਈ। ਇਸ ਘਟਨਾ ਨਾਲ ਸਾਰੇ ਪਿੰਡ 'ਚ ਸੋਗ ਦੀ ਲਹਿਰ ਦੌੜ ਗਈ।ਜਾਣਕਾਰੀ ਮੁਤਾਬਕ ਹਰਭਜਨ ਸਿੰਘ ਉਰਫ ਲਵਲੀ ਪੁੱਤਰ ਭਗਵਾਨ ਸਿੰਘ ਦੇ ਘਰ ਵਿਖੇ ਸਹਿਜ ਪਾਠ ਦਾ ਭੋਗ ਸੀ ਅਤੇ ਅਨੇਕਾਂ ਲੋਕ ਉਨ੍ਹਾਂ ਦੇ ਘਰ ਆਏ ਹੋਏ ਸਨ।ਦੱਸਿਆ ਜਾ ਰਿਹਾ ਹੈ ਕਿ ਘਰ ਦੀ ਛੱਤ 'ਤੇ ਟੈਂਟ ਲਗਾ ਕੇ ਲੋਕ ਛੱਤ 'ਤੇ ਬੈਠੇ ਹੋਏ ਸਨ ਅਤੇ ਛੱਤ ਕਾਫ਼ੀ ਪੁਰਾਣੀ ਸੀ ਜਿਸ ਕਾਰਨ ਉਹ ਡਿੱਗ ਗਈ ਅਤੇ 20 ਤੋਂ 22 ਜਣੇ ਛੱਤ ਦੇ ਹੇਠਾਂ ਆ ਗਏ। ਇਕ ਔਰਤ ਅਤੇ ਇਕ ਵਿਅਕਤੀ ਦੀ ਮੌਤ ਹੋ ਗਈ।ਇਸ ਦੌਰਾਨ ਲੋਕਾਂ ਦਾ ਚੀਕ-ਚਿਹਾੜਾ ਪੈ ਗਿਆ ਅਤੇ ਮੌਕੇ 'ਤੇ ਐਂਬੂਲੈਂਸ ਬੁਲਾ ਕੇ ਜ਼ਖ਼ਮੀਆਂ ਨੂੰ ਇਲਾਜ ਲਈ ਤੁਰੰਤ ਹਸਪਤਾਲ ਦਾਖ਼ਲ ਕਰਵਾਇਆ ਗਿਆ।

## ਬਿਰਧ ਆਸ਼ਰਮ ਝਾਖੋਲਾਹੜੀ ਨੇ ਦਿੱਤਾ ਇੱਕ ਹੋਰ ਬਜ਼ੁਰਗ ਮਾਤਾ ਨੂੰ ਸਹਾਰਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾਹੜੀ ਨੇ ਇੱਕ ਹੋਰ ਬਜ਼ੁਰਗ ਮਾਂ ਨੂੰ ਸਹਾਰਾ ਦਿੱਤਾ। ਇਹ ਮਾਤਾ ਮਧੂਬਾਲਾ ਪਤਨੀ ਰਤਨ ਲਾਲ ਨਿਵਾਸੀ ਨਵੀਪੁਰ ਗੁਰਦਾਸਪੁਰ ਦੀ ਹੈ।ਮਾਤਾ ਨੇ ਦੱਸਿਆ ਕਿ ਮੇਰੇ ਤਿੰਨ ਬੱਚੇ ਹਨ।ਇੱਕ ਪੁੱਤਰ ਅਤੇ ਦੋ ਧੀਆਂ ਜੋ ਕਿ ਆਪਣੇ ਘਰ ਵਿੱਚ ਵਿਆਹ ਕੇ ਚੱਲ ਗਈਆਂ ਹਨ।ਮੇਰਾ ਪੁੱਤਰ ਵੀ ਮੈਨੂੰ ਘਰ ਵਿੱਚ ਰੱਖਣਾ ਵਿੱਚ ਅਸਮਰਥ ਹੈ।ਉਹ ਕੰਮ 'ਤੇ ਚੱਲ ਜਾਂਦਾ ਹੈ। ਮੇਰੀ ਦੇਖਭਾਲ ਕਰਨ ਲਈ ਘਰ ਵਿੱਚ ਕੋਈ ਨਹੀਂ ਹੁੰਦਾ ਜਿਸ ਕਰਕੇ ਮੈਂ ਹੁਣ ਆਪ ਇਸ ਬਿਰਧ ਆਸ਼ਰਮ ਦਾ ਸਹਾਰਾ ਲੈਣਾ ਚਾਹੁੰਦੀ ਹਾਂ।ਮੈਨੂੰ ਇਸ ਬਜ਼ੁਰਗਾਂ ਦੇ ਵਿਹੜੇ ਵਿੱਚ ਰਹਿਣ ਦੀ ਆਗਿਆ ਦਿੱਤੀ ਜਾਵੇ। ਸਮਾਜ ਸੇਵਕ ਅਮਨਦੀਪ ਸਿੰਘ ਅਤੇ ਰਾਹੁਲ ਨੇ ਦੱਸਿਆ ਕਿ ਮਾਤਾ ਪਿਛਲੇ ਕਾਫੀ ਸਮੇਂ ਤੋਂ ਆਪਣੇ ਘਰ ਵਿੱਚ ਇਕੱਲੀ ਰਹਿ ਰਹੀ ਸੀ।ਮਾਤਾ ਆਪਣੀ ਦੇਖਭਾਲ ਸਹੀ ਤਰੀਕੇ ਨਾਲ ਨਹੀਂ ਕਰ ਸਕਦੀ।ਇਸ ਕਰਕੇ ਇਸ ਨੂੰ ਬਿਰਧ ਘਰ ਵਿੱਚ ਰਹਿਣ ਦੀ ਆਗਿਆ ਦਿੱਤੀ ਜਾਵੇ।ਸਾਰੀ ਗੱਲਬਾਤ ਸੁਣਨ ਤੋਂ ਬਾਅਦ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਮਾਤਾ ਨੂੰ ਬਿਰਧ ਘਰ ਵਿੱਚ ਰੱਖਣ ਦੀ ਆਗਿਆ ਦੇ ਦਿੱਤੀ।ਇਸ ਮੌਕੇ ਪ੍ਰਧਾਨ ਸਤਨਾਮ ਸਿੰਘ, ਆਸ਼ਰਮ ਦਾ ਸਟਾਫ ਸਵਿਤਾ, ਰੂਪ ਰਾਣੀ, ਰਾਜ ਰਾਣੀ, ਰਮੇਸ਼ ਚੰਦਰ, ਕਮਲੇਸ਼, ਬਲਦੇਵ ਰਾਜ, ਕਿਰਣ ਕੁਮਾਰ ਆਦਿ ਮੌਜੂਦ ਸਨ।

## ਗਲਤ ਰਸਤਿਆਂ ਰਾਹੀਂ ਵਿਦੇਸ਼ ਜਾਣ ਦੀ ਕੋਸ਼ਿਸ਼ ਨਾ ਕਰਨ ਪੰਜਾਬੀ ਨੌਜਵਾਨ: ਧਾਲੀਵਾਲ



ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪੰਜਾਬੀ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਗਲਤ ਰਸਤਿਆਂ ਜ਼ਰੀਏ ਵਿਦੇਸ਼ਾਂ ਵਿੱਚ ਜਾਣ ਦੀ ਕੋਸ਼ਿਸ਼ ਨਾ ਕਰਨ। ਬੀਤੇ ਦਿਨੀਂ ਅਮਰੀਕਾ ਜਾਂਦੇ ਹੋਏ ਗੁਆਟੇਮਾਲਾ ਵਿੱਚ ਮਾਰੇ ਗਏ ਨੌਜਵਾਨ ਦੇ ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਲਈ ਉਨ੍ਹਾਂ ਦੇ ਗ੍ਰਹਿ ਰਮਦਾਸ ਵਿਖੇ ਪਹੁੰਚੇ ਧਾਲੀਵਾਲ ਨੇ ਪੰਜਾਬੀ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਨੋਟਾਂ ਦੀਆਂ ਪੰਡਾਂ ਲਗਾ ਕੇ ਆਪਣੇ ਨੌਜਵਾਨ ਪੁੱਤਰਾਂ ਤੇ ਧੀਆਂ ਨੂੰ ਗਲਤ ਰਸਤਿਆਂ ਜ਼ਰੀਏ ਵਿਦੇਸ਼ਾਂ ਵਿੱਚ ਨਾ ਭੇਜਣ।ਉਨ੍ਹਾਂ ਕਿਹਾ ਕਿ ਇਹ ਰਸਤੇ ਬੇਹੱਦ ਖਤਰਨਾਕ ਅਤੇ ਖਰਚੇ ਵਾਲੇ ਹਨ।ਜੇਕਰ ਕਿਸੇ ਨੇ ਵਿਦੇਸ਼ ਜਾਣਾ ਹੈ ਤਾਂ ਉਹ ਪੜ੍ਹ-ਲਿਖ ਕੇ, ਹੁਨਰਮੰਦ ਸਿੱਖਿਆ ਲੈ ਕੇ ਜਾਵੇ, ਜਿਸ ਜ਼ਰੀਏ ਉਸਦਾ ਖਰਚਾ ਵੀ ਘੱਟ ਆਉਂਦਾ ਹੈ ਅਤੇ ਖਤਰਾ ਵੀ ਕੋਈ ਨਹੀਂ।ਉਨ੍ਹਾਂ ਕਿਹਾ ਕਿ ਜਿੰਨੇ ਪੈਸੇ ਲਗਾ ਕੇ ਸਾਡੇ ਨੌਜਵਾਨ ਗਲਤ ਰਸਤੇ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਦੇ ਹਨ ਉਨੇ ਪੈਸੇ ਨਾਲ ਪੰਜਾਬ ਵਿੱਚ ਵਧੀਆ ਕਾਰੋਬਾਰ ਕਰਕੇ ਰੋਟੀ ਖਾਧੀ ਜਾ ਸਕਦੀ ਹੈ।ਗੁਰਪ੍ਰੀਤ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਉਨ੍ਹਾਂ ਨੇ ਪਰਿਵਾਰ ਨੂੰ ਇਹ ਵੀ ਭਰੋਸਾ ਦਵਾਇਆ ਕਿ ਉਹ ਗੁਰਪ੍ਰੀਤ ਸਿੰਘ ਦੀ ਮ੍ਰਿਤਕ ਦੇਹ ਨੂੰ ਪੰਜਾਬ ਲਿਆਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।ਉਨ੍ਹਾਂ ਨੂੰ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਤੁਹਾਡੇ ਹਰ ਦੁੱਖ-ਸੁੱਖ ਵਿੱਚ ਖੜੀ ਹੈ, ਪਰ ਜੋ ਨੌਜਵਾਨ ਸਾਡੇ ਤੋਂ ਦੂਰ ਚਲਾ ਗਿਆ ਹੈ ਉਸ ਦਾ ਘਾਟਾ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ।

## ਮੱਕੀ ਦੇ ਬੀਜ ਤੇ ਡੀ ਏ ਪੀ ਦੀ ਨਕਲੀ ਥੁੜ ਦੂਰ ਕੀਤੀ ਜਾਵੇ: ਮਾੜੀਮੇਘਾ, ਧੂੰਦਾ



ਝਬਾਲ (ਹਰਜਿੰਦਰ ਸਿੰਘ ਸੋਨੀ)-ਇਸ ਵੇਲੇ ਆਲੂਆਂ ਤੇ ਹੋਰ ਸਬਜ਼ੀਆਂ ਦੀ ਫ਼ਸਲ ਤੋਂ ਬਾਅਦ ਬਹੁਤ ਥਾਈਂ ਕਿਸਾਨ ਮੱਕੀ ਦੀ ਫਸਲ ਬੀਜਦੇ ਹਨ ਜਿਸ ਲਈ ਮੱਕੀ ਦਾ ਬੀਜ ਤੇ ਡੀ ਏ ਪੀ ਖ਼ਾਦ ਦੋਵੇਂ ਜ਼ਰੂਰੀ ਹਨ। ਦੋਵਾਂ ਦੀ ਨਕਲੀ ਥੁੜ ਪੈਦਾ ਕਰਕੇ ਕਿਸਾਨਾਂ ਨੂੰ ਲੁੱਟਿਆ ਜਾ ਰਿਹਾ ਹੈ ਤੇ ਫ਼ਸਲ ਦੀ ਬਿਜਾਈ ਲੇਟ ਹੋ ਸਕਦੀ ਹੈ।ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਤਰਨ ਤਾਰਨ ਨੇ ਪੂਰਨ ਸਿੰਘ ਮਾੜੀਮੇਘਾ ਤੇ ਬਲਦੇਵ ਸਿੰਘ ਧੂੰਦਾ ਦੀ ਅਗਵਾਈ ਵਿੱਚ ਮੀਟਿੰਗ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਹ ਨਕਲੀ ਥੁੜ ਤੁਰੰਤ ਬੰਦ ਕੀਤੀ ਜਾਵੇ।ਕੁੱਝ ਕਾਰੋਬਾਰੀਆਂ ਨੇ ਬੀਜ ਤੇ ਖਾਦ ਦੀ ਜਮ੍ਹਾਂਖੋਰੀ ਕਰਕੇ ਨਕਲੀ ਥੁੜ ਪੈਦਾ ਕੀਤੀ ਹੈ ਜਿਸ ਕਾਰਨ ਕਿਸਾਨ ਖੱਜਲ ਖੁਆਰ ਹੋ ਰਹੇ ਹਨ ਤੇ ਬਲੈਕ ਵਿੱਚ ਮੱਕੀ ਦਾ ਬੀਜ ਤੇ ਖਾਦ ਮਹਿੰਗੇ ਮੁੱਲ ਤੇ ਲੈਣ ਲਈ ਮਜਬੂਰ ਹਨ।ਇਨ੍ਹਾਂ ਕਾਰਨਾਂ ਕਰਕੇ ਹੀ ਕਿਸਾਨ ਸੜਕਾਂ ਤੇ ਆਉਣ ਲਈ ਮਜਬੂਰ ਹੁੰਦੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਸਭਾ ਜ਼ਿਲ੍ਹਾ ਆਗੂ ਰਣਜੀਤ ਸਿੰਘ ਬਹਾਦਰ ਨਗਰ, ਕੁਲਬੀਰ ਸਿੰਘ ਕਸੇਲ, ਪ੍ਰਮਜੀਤ ਸਿੰਘ ਚੋਹਲਾ, ਰਛਪਾਲ ਸਿੰਘ ਬਾਠ, ਅਵਤਾਰ ਸਿੰਘ ਪਲਾਸੌਰ, ਦਰਸ਼ਨ ਸਿੰਘ ਬਿਹਾਰੀਪੁਰ, ਸੁਰਜੀਤ ਸਿੰਘ ਠੱਠੀ ਸੋਹਲ, ਕਾਰਜ ਸਿੰਘ ਕੈਰੋਂ, ਗੁਰਦਿਆਲ ਸਿੰਘ ਵਰਨਾਲਾ, ਗੁਰਪ੍ਰੀਤ ਸਿੰਘ ਗੰਡੀਵਿੰਡ, ਰਾਜਗੋਬਿੰਦ ਸਿੰਘ, ਬਲਕਾਰ ਸਿੰਘ ਵਲਟੋਹਾ, ਜੈਮਲ ਸਿੰਘ ਬਾਠ, ਗੁਰਬਿੰਦਰ ਸਿੰਘ ਸੋਹਲ, ਸੁਰਿੰਦਰ ਸਿੰਘ ਬਿੱਲਾ ਬਘਿਆੜੀ, ਕਾਮਰੇਡ ਚਰਨ ਸਿੰਘ ਤਰਨ ਤਾਰਨ ਸਮੇਤ ਕਈ ਆਗੂ ਹਾਜ਼ਰ ਸਨ।

# ਪਿੰਗਲਵਾੜਾ ਸੰਸਥਾ ਦੀ 9ਵੀਂ ਬ੍ਰਾਂਚ ਦਾ ਦਿੱਲੀ 'ਚ ਉਦਘਾਟਨ



ਅੰਮਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ,ਨਰਿੰਦਰਜੀਤ ਸਿੰਘ)-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜ਼ਿ), ਅੰਮ੍ਰਿਤਸਰ ਵੱਲੋਂ ਸ਼ਿਵ ਵਿਹਾਰ ਮੈਟਰੋ ਸਟੇਸ਼ਨ ਦੇ ਸਾਹਮਣੇ ਪਿੰਗਲਵਾੜੇ ਦੀ ਇਕ ਨਵੀਂ 9ਵੀਂ ਬ੍ਰਾਂਚ ਦਿੱਲੀ ਵਿੱਚ ਸਥਾਪਿਤ ਕੀਤੀ ਗਈ ਹੈ।ਇਸ ਥਾਂ 100 ਬੈੱਡਾਂ ਦੀ ਵਾਰਡ ਦਾ ਉਦਘਾਟਨ ਕੀਤਾ ਗਿਆ।ਪਿੰਗਲਵਾੜੇ ਦੇ ਮਰੀਜ਼ਾਂ ਦੀ ਕੁੱਲ ਗਿਣਤੀ 1850 ਹੈ।ਪਿੰਗਲਵਾੜਾ ਸੰਸਥਾ ਦੀਆਂ ਪਹਿਲਾਂ ਕੁੱਲ 8 ਬ੍ਰਾਂਚਾਂ ਪੰਜਾਬ ਵਿਚ ਸਨ।ਇਸ ਜਗ੍ਹਾ ਦੀ ਸੇਵਾ ਸਵਰਗਵਾਸੀ ਇਕਬਾਲ ਸਿੰਘ ਦੇ ਪਰਿਵਾਰ ਨੇ ਕਰਵਾਈ ਹੈ।ਇਸ ਜਗ੍ਹਾ ਨੂੰ ਬੇਸਹਾਰਾ, ਅਪਾਹਜਾਂ, ਲਾਵਾਰਸ ਮਰੀਜ਼ਾਂ ਦਾ ਘਰ ਬਣਾਇਆ ਗਿਆ ਹੈ।ਪ੍ਰੋਗਰਾਮ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ।ਉਪਰੰਤ ਪਿੰਗਲਵਾੜੇ ਦੇ ਬੱਚਿਆਂ ਵੱਲੋਂ ਗੁਰਬਾਣੀ ਦੇ ਮਨੋਹਰ ਕੀਰਤਨ ਕੀਤਾ ਗਿਆ।ਇਸ ਤੋਂ ਬਾਅਦ ਵਾਹਿਗੁਰੂ ਦੀਆਂ ਸ਼ੁਭ ਅਸੀਸਾਂ, ਮਰੀਜ਼ਾਂ ਦੀ ਚੜ੍ਹਦੀ ਕਲਾ ਅਤੇ ਨਵੀਂ ਬ੍ਰਾਂਚ ਦਿੱਲੀ ਵਿੱਚ ਸਥਾਪਨਾ ਦੀ ਅਰਦਾਸ ਕੀਤੀ ਗਈ।ਸਮਾਪਤੀ ਤੋਂ ਬਾਅਦ ਗੁਰੂ ਦਾ ਲੰਗਰ ਵਰਤਾਇਆ ਗਿਆ। ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਚੱਲਦਿਆਂ ਡਾ. ਇੰਦਰਜੀਤ ਕੌਰ ਦੀ ਰਹਿਨੁਮਾਈ ਹੇਠਾਂ ਰਾਜਬੀਰ ਸਿੰਘ ਮੈਂਬਰ ਪਿੰਗਲਵਾੜਾ ਸੁਸਾਇਟੀ ਵੱਲੋਂ ਇਸ ਬ੍ਰਾਂਚ ਨੂੰ ਬਣਾਉਣ ਵਿੱਚ ਬਹੁਤ ਸਾਰਾ ਯੋਗਦਾਨ ਪਾਇਆ ਗਿਆ।ਡਾ. ਇੰਦਰਜੀਤ ਕੌਰ ਮੁੱਖ ਸੇਵਾਦਾਰ ਪਿੰਗਲਵਾੜਾ ਨੇ ਨਵੀਂ ਬ੍ਰਾਂਚ ਦੀ ਸਥਾਪਨਾ ਦੀ ਵਧਾਈ ਦਿੱਤੀ ਤੇ ਕਿਹਾ ਕਿ ਇਸ ਜਗ੍ਹਾ ਬੇਸਹਾਰਾ, ਅਪਾਹਜਾਂ, ਲਾਵਾਰਸ ਮਰੀਜ਼ਾਂ ਦੇ ਰੱਖਣ ਦਾ ਬੰਦੋਬਸਤ ਕਰ ਦਿੱਤਾ ਗਿਆ ਹੈ।ਇਸ ਮੌਕੇ ਮੀਤ ਪ੍ਰਧਾਨ ਡਾ. ਜਗਦੀਪਕ ਸਿੰਘ, ਹਰਜੀਤ ਸਿੰਘ ਅਰੋੜਾ ਪਿੰਗਲਵਾੜਾ ਮੈਂਬਰ, ਭਾਈ ਸਾਹਿਬ ਭਾਈ ਰਣਜੀਤ ਸਿੰਘ ਹੈੱਡ ਗ੍ਰੰਥੀ ਬੰਗਲਾ ਸਾਹਿਬ, ਡਾ. ਇੰਦਰਜੀਤ ਕੌਰ ਰੇਨੂੰ, ਮਿਸਜ਼ਿ ਡਾ. ਹੰਸ, ਸਾਬਕਾ ਕੌਂਸਲਰ ਜੈਨ ਕੁਮਾਰ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਪਾਣੀਪਤ, ਭਗਵੰਤ ਸਿੰਘ ਦਿਲਵਾਰੀ ਉਘੇ ਸਮਾਜ ਸੇਵਕ, ਅਮਰਜੀਤ ਸਿੰਘ ਵਾਈਸ ਚੇਅਰਮੈਨ ਚੌਂਤਾ ਕਲਾਂ, ਪਰਮਦਨ ਸਿੰਘ ਦਿੱਲੀ ਵਾਲੇ, ਕੰਵਰਜੀਤ ਸਿੰਘ ਮੁੰਗਾ, ਡਾ. ਇਕਬਾਲ ਦੇ ਪਰਿਵਾਰ ਵੱਲੋਂ ਗੁਰਸ਼ਰਨ ਸਿੰਘ, ਸਮੇਤ ਪਰਿਵਾਰ ਨੇ ਹਾਜ਼ਰੀ ਭਰੀ। ਤਿਲਕ ਰਾਜ, ਗੁਲਸ਼ਨ ਰੰਜਨ ਸ਼ੋਸਲ ਵਰਕਰ, ਸ਼ੇਲਇੰਦਰਜੀਤ ਸਿੰਘ, ਹਰਪਾਲ ਸਿੰਘ ਸ਼ੋਸਲ ਵਰਕਰ ਪਲਸੋਰਾ, ਸਰਦਾਰਾ ਸਿੰਘ ਚੀਮਾ ਇੰਚਾਰਜ ਪਲਸੋਰਾ, ਬੀਬੀ ਗੀਟਾ ਸ਼ਰਮਾ, ਬੀ. ਐਸ. ਕਪੂਰ, ਬੀਬੀ ਰਣਜੀਤ ਕੌਰ ਸ਼੍ਰੋਮਣੀ ਪ੍ਰਬੰਧਕ ਕਮੇਟੀ ਮੈਂਬਰ ਅਤੇ ਬਹੁਤ ਸਾਰੀਆਂ ਦੂਰ-ਦੁਰਾਡੇ ਤੋਂ ਆਈਆਂ ਸੰਗਤਾਂ ਨੇ ਪਿੰਗਲਵਾੜਾ ਸੰਸਥਾ ਭੇਟਾ ਦੀ ਸੇਵਾ ਕੀਤੀ ਅਤੇ ਪਿੰਗਲਵਾੜਾ ਸਮੂਹ ਪਰਿਵਾਰ ਹਾਜ਼ਰ ਸਨ।

# ਖ਼ਾਲਸਾ ਕਾਲਜ ਆਫ ਐਜੂਕੇਸ਼ਨ ਵਿਖੇ 'ਅਸੀਂ ਅਤੇ ਕੁਦਰਤ' ਵਿਸ਼ੇ 'ਤੇ ਸੈਮੀਨਾਰ ਆਯੋਜਿਤ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਖਾਲਸਾ ਕਾਲਜ ਆਫ਼ ਐਜੂਕੇਸ਼ਨ ਰਣਜੀਤ ਐਵੀਨਿਊ ਵਿਖੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਦੀ ਅਗਵਾਈ ਹੇਠ ਸਟੇਟ ਨੋਡਲ ਏਜੰਸੀ ਅਤੇ ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਬਦਲਾਅ ਮੰਤਰਾਲੇ ਦੀ ਅਗਵਾਈ ਹੇਠ ਦੋ ਦਿਨਾ ਵਾਤਾਵਰਣ ਸਿੱਖਿਆ ਪ੍ਰੋਗਰਾਮ 'ਵਿਜ਼ਨ 2028: ਅਸੀਂ ਅਤੇ ਕੁਦਰਤ' ਕਰਵਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਮਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਇਸ ਸਮਾਗਮ 'ਚ ਵਾਤਾਵਰਣ ਨਾਲ ਸਬੰਧਿਤ ਵਿਸ਼ਿਆਂ 'ਤੇ 6 ਮੁਕਾਬਲੇ ਅਤੇ 4 ਵਰਕਸ਼ਾਪਾਂ ਆਯੋਜਿਤ ਕੀਤੀਆਂ ਗਈਆਂ। ਇਸ ਸਬੰਧੀ ਪ੍ਰਿੰ: ਡਾ. ਮਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਮੁਕਾਬਲੇ ਦਾ ਵਿਸ਼ਾ ਵਿਸ਼ਵ ਵਾਤਾਵਰਣ ਦਿਵਸ 2025 ਦੇ 'ਸਾਡੀ ਜ਼ਮੀਨ, ਸਾਡਾ ਭਵਿੱਖ' ਦੇ ਨਾਲ ਮੇਲ ਖਾਂਦਾ ਸੀ।ਉਨ੍ਹਾਂ ਕਿਹ ਕਿ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਲਈ ਦੋ ਸ਼੍ਰੇਣੀਆਂ ਦੇ ਮੁਕਾਬਲੇ ਕਰਵਾਏ ਗਏ ਸਨ।ਸਕੂਲ ਮੁਕਾਬਲਿਆਂ 'ਚ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ, ਰੰਗੋਲੀ ਅਤੇ ਬੇਸਟ ਆਊਟ ਆਫ਼ ਵੇਸਟ ਸ਼ਾਮਿਲ ਕੀਤਾ ਗਿਆ।ਡਾ. ਮਨਦੀਪ ਕੌਰ ਨੇ ਕਿਹਾ ਕਿ ਉਕਤ ਸਮਾਗਮ ਦਾ ਉਦਘਾਟਨ ਰਾਜੇਸ਼ ਖੰਨਾ, ਡਿਪਟੀ ਡੀਈਓ, ਸੈਕੰਡਰੀ ਸਿੱਖਿਆ, ਅੰਮ੍ਰਿਤਸਰ ਅਤੇ ਨਰਿੰਦਰ ਸਿੰਘ, ਜ਼ਿਲ੍ਹਾ ਨੋਡਲ ਅਫ਼ਸਰ ਵੱਲੋਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਹਰੇਕ ਪ੍ਰੋਗਰਾਮ 'ਚ ਪਹਿਲੇ, ਦੂਜੇ, ਤੀਜੇ ਅਤੇ ਹੌਸਲਾ ਅਫਜ਼ਾਈ ਇਨਾਮ ਹਰਭਗਵੰਤ ਸਿੰਘ ਵੜੈਚ, ਜ਼ਿਲ੍ਹਾ ਸਿੱਖਿਆ ਅਫ਼ਸਰ, ਸੈਕੰਡਰੀ ਸਿੱਖਿਆ, ਅੰਮ੍ਰਿਤਸਰ ਵੱਲੋਂ ਤਕਸੀਮ ਕੀਤੇ ਗਏ।ਵਰਕਸ਼ਾਪਾਂ 'ਚ ਵੱਖ-ਵੱਖ ਨਾਮਵਰ ਸੰਸਥਾਵਾਂ ਦੇ ਮਾਹਿਰਾਂ ਨੇ ਸਰੋਤ ਵਿਅਕਤੀਆਂ ਵਜੋਂ ਸ਼ਿਰਕਤ ਕੀਤੀ।ਉਕਤ ਦੋਵੇਂ ਦਿਨਾਂ ਦੇ ਪ੍ਰੋਗਰਾਮ 'ਚ ਭਾਗੀਦਾਰਾਂ ਨੂੰ ਵਾਤਾਵਰਣ-ਅਨੁਕੂਲ ਤਰੀਕਿਆਂ ਨਾਲ ਸੋਚਣ ਅਤੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਗਿਆ।ਇਸ ਪ੍ਰੋਗਰਾਮ 'ਚ 500 ਤੋਂ ਵਧੇਰੇ ਭਾਗੀਦਾਰਾਂ ਨੂੰ ਆਪਣੇ ਜੀਵਨ 'ਚ ਉਚਿਤ ਅਤੇ ਸਹੀ ਆਦਤਾਂ ਅਪਨਾਉਣ ਸਬੰਧੀ ਸਹੁੰ ਵੀ ਚੁਕਾਈ ਗਈ।

# ਅੱਗੇ ਵਧਣ ਦੀ ਚਾਹਤ ਰੱਖ ਕੇ ਚੱਲਣ ਵਾਲੇ ਮਨੁੱਖ ਨੂੰ ਹਮੇਸ਼ਾ ਦੋ ਪੱਖਾਂ ਦਾ ਸਾਹਮਣਾ ਕਰਨਾ ਪੈਂਦਾ: ਕੁਲਦੇਵੀ ਭਾਰਤੀ




ਤਰਨ ਤਾਰਨ (ਪ੍ਰਿਤਪਾਲ ਸਿੰਘ)-ਦਿਵਯ ਜਯੋਤੀ ਜਾਗਰਤੀ ਸੰਸਥਾਨ ਦੁਆਰਾ ਤਰਨ ਤਾਰਨ ਵਿਖੇ ਸਪਤਾਹਿਕ ਸਤਿਸੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸ੍ਰੀ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ਯਾ ਸਾਧਵੀ ਕੁਲਦੇਵੀ ਭਾਰਤੀ ਨੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਸੰਸਾਰ ਅੰਦਰ ਜਦੋਂ ਵੀ ਮਨੁੱਖ ਅੱਗੇ ਵਧਣ ਦੀ ਚਾਹਤ ਰੱਖ ਕੇ ਚੱਲਦਾ ਹੈ ਤਾਂ ਉਸਨੂੰ ਹਮੇਸ਼ਾ ਦੋ ਪੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਕਿਉਂਕਿ ਸਧਾਰਨ ਦ੍ਰਿਸ਼ਟੀ ਨਾਲ ਦੇਖੀਏ ਤਾਂ ਪਰਮਾਤਮਾ ਨੇ ਵੀ ਆਪਣੀ ਸ੍ਰਿਸ਼ਟੀ ਅੰਦਰ ਦੋ ਵਿਕਲਪਾਂ ਨੂੰ ਚੁਣਿਆ ਹੈ।ਜਿਵੇਂ ਦਿਨ-ਰਾਤ, ਹਨੇਰਾ-ਪ੍ਰਕਾਸ਼, ਨੇਕੀ-ਬਦੀ, ਸੱਚ-ਝੂਠ ਆਦਿ।ਪ੍ਰੰਤੂ ਇੱਥੇ ਗੌਰ ਕਰਨ ਵਾਲੀ ਗੱਲ ਹੈ ਕਿ ਜਿੱਥੇ ਇੱਕ ਪੱਖ ਨਕਾਰਾਤਮਕ ਹੈ ਉਥੇ ਦੂਸਰਾ ਪੱਖ ਸਾਕਾਰਾਤਮਕ ਅਤੇ ਉੱਜਲ ਹੈ।ਇਸ ਲਈ ਸੰਸਾਰ ਅੰਦਰ ਵਿਚਰਨ ਕਰਦਿਆਂ ਇਨਸਾਨ ਦੇ ਸਾਹਮਣੇ ਹਮੇਸ਼ਾ ਦੋ ਤਰ੍ਹਾਂ ਦੇ ਪੰਧ ਆਉਂਦੇ ਹਨ।ਪਹਿਲਾ ਜਿਸ ਉਪਰ ਚੱਲ ਕੇ ਉਸਨੂੰ ਆਪਣੀ ਮੰਜ਼ਿਲ ਦੀ ਪ੍ਰਾਪਤੀ ਹੁੰਦੀ ਹੈ ਅਤੇ ਦੂਸਰਾ ਜਿਸ ਤੇ ਕਦਮ ਰੱਖ ਕੇ ਸਿਰਫ ਠੋਕਰਾਂ, ਥਕਾਣ ਹੀ ਪੱਲੇ ਪੈਂਦੀ ਹੈ। ਇਸ ਲਈ ਅਜਿਹੇ ਮਾਰਗ ਨੂੰ ਮਹਾਂਪੁਰਸ਼ਾਂ ਨੇ ਉਜੜ ਕਹਿ ਕੇ ਸੰਬੋਧਿਤ ਕੀਤਾ ਹੈ।ਦੋਵਾਂ ਮਾਰਗਾਂ ਵਿੱਚੋਂ ਕਿਸ ਦੀ ਚੋਣ ਕਰਨੀ ਹੈ, ਇਹ ਮਨੁੱਖ ਦਾ ਆਪਣਾ ਫੈਸਲਾ ਹੈ।ਪਹਿਲਾ ਰਸਤਾ ਜਿਸ ਦੀ ਇੱਕ ਮੰਜ਼ਿਲ ਹੈ, ਇੱਕ ਸਥਾਈ ਪੜਾਅ ਹੈ। ਦੂਸਰਾ ਜਿਸ ਦੀ ਕੋਈ ਮੰਜ਼ਿਲ ਨਹੀਂ ਹੈ ਇਸ ਉਪਰ ਚਲਣਾ ਹਮੇਸ਼ਾ ਬੇਅਰਥ ਹੀ ਨਿਕਲਦਾ ਹੈ।ਠੀਕ ਇਸੇ ਹੀ ਪ੍ਰਕਾਰ ਅਧਿਆਤਮਕ ਮਾਰਗ ਤੇ ਚੱਲਣ ਵਾਲੇ ਪਾਂਧੀਆਂ ਨੂੰ ਵੀ ਆਪਣੇ ਸਹੀ ਪੰਧ ਅਤੇ ਮੰਜ਼ਿਲ ਦੀ ਜਾਣਕਾਰੀ ਹੋਣੀ ਬਹੁਤ ਹੀ ਜ਼ਰੂਰੀ ਹੈ।ਇਸ ਮੰਜ਼ਿਲ ਦੀ ਜਾਣਕਾਰੀ ਗੁਰੂ ਸਾਨੂੰ ਕਰਵਾਉਂਦਾ ਹੈ।ਗੁਰੂ ਸਾਨੂੰ ਮਾਰਗ ਦਿਖਾਉਂਦਾ ਹੈ।ਉਸ ਉਪਰ ਚਲਾਉਂਦਾ ਹੈ ਪ੍ਰੰਤੂ ਯਾਤਰਾ ਅਸੀਂ ਖੁਦ ਤੈਅ ਕਰਨੀ ਹੈ।ਜੇਕਰ ਇੱਕ ਯਾਤਰੀ ਦੇ ਕੋਲ ਸਫਰ ਕਰਨ ਦਾ ਟਿਕਟ ਵੀ ਹੈ ਪ੍ਰੰਤੂ ਉਹ ਸਫਰ ਨਹੀਂ ਕਰਦਾ ਤਾਂ ਇਹ ਉਸ ਵਿਅਕਤੀ ਦੀ ਮੂਰਖਤਾ ਹੀ ਹੋਵੇਗੀ। ਇਸ ਪ੍ਰਕਾਰ ਇੱਕ ਸਾਧਕ ਨੂੰ ਗੁਰੂ ਗਿਆਨ ਦੇ ਮਾਰਗ 'ਤੇ ਅੱਗੇ ਵਧਣ ਲਈ ਨਿਰੰਤਰ ਗੁਰੂ ਦੁਆਰਾ ਦੱਸੇ ਰਾਹ ਉਪਰ ਚੱਲਣਾ ਪਵੇਗਾ।ਪ੍ਰੋਗਰਾਮ ਦੇ ਦੌਰਾਨ ਸਾਧਵੀ ਲਖਵਿੰਦਰ ਭਾਰਤੀ, ਸਾਧਵੀ ਪਰਮਜੀਤ ਭਾਰਤੀ ਨੇ ਗੁਰਬਾਣੀ ਸ਼ਬਦ, ਭਜਨਾਂ ਦਾ ਗਾਇਨ ਕੀਤਾ।

# ਬਾਰ ਐਸੋਸੀਏਸ਼ਨ ਪੱਟੀ ਦੀ ਸਰਬਸੰਮਤੀ ਨਾਲ ਚੋਣ

## * ਐਡਵੋਕੇਟ ਕਵਲਜੀਤ ਸਿੰਘ ਬਾਠ ਪ੍ਰਧਾਨ ਤੇ ਨਕੁਲ ਦੇਵਗਨ ਸੈਕਟਰੀ ਬਣੇ



ਪੱਟੀ (ਸ਼ਮਸ਼ੇਰ ਸਿੰਘ ਯੋਧਾ)-ਬਾਰ ਐਸੋਸੀਏਸ਼ਨ ਪੱਟੀ ਦੀ ਸਾਲਾਨਾ ਚੋਣ ਸਰਬਸੰਮਤੀ ਨਾਲ ਮੁਕੰਮਲ ਹੋਈ।ਇਸ ਚੋਣ ਦੌਰਾਨ ਐਡਵੋਕੇਟ ਕਵਲਜੀਤ ਸਿੰਘ ਬਾਠ ਦੇ ਸਿਰ ਬਾਰ ਐਸੋਸੀਏਸ਼ਨ ਦੀ ਪ੍ਰਧਾਨਗੀ ਦਾ ਤਾਜ ਸਜਿਆ ਅਤੇ ਐਡਵੋਕੇਟ ਰਣਜੀਤ ਸਿੰਘ ਭੁੱਲਰ ਮੀਤ ਪ੍ਰਧਾਨ, ਨਕੁਲ ਦੇਵਗਨ ਸੈਕਟਰੀ, ਪਲਵਿੰਦਰ ਕੌਰ ਜੁਆਇੰਟ ਸੈਕਟਰੀ ਅਤੇ ਗੁਰਪ੍ਰੀਤ ਸਿੰਘ ਲਵ ਖਜਾਨਚੀ ਬਣੇ।ਜ਼ਿਕਰਯੋਗ ਹੈ ਕਿ ਕਵਲਜੀਤ ਸਿੰਘ ਬਾਠ ਪਹਿਲਾਂ ਵੀ ਤਿੰਨ ਵਾਰ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਇਸ ਵਾਰ ਫਿਰ ਹੋਈ ਸਲਾਨਾ ਚੋਣ ਦੌਰਾਨ ਐਡਵੋਕੇਟ ਕਵਲਜੀਤ ਸਿੰਘ ਬਾਠ ਬਿਨ੍ਹਾਂ ਮੁਕਾਬਲਾ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ।ਇਸ ਮੌਕੇ ਆਰ. ਓ. ਬਲਦੇਵ ਸਿੰਘ ਬੇਗੇਪੁਰ, ਏ. ਆਰ. ਓ. ਐੱਮ. ਪੀ. ਸੋਨੀ ਅਤੇ ਏ. ਆਰ. ਓ. ਬਲਜਿੰਦਰ ਸਿੰਘ ਬਾਠ ਨੇ ਸਰਬਸੰਮਤੀ ਨਾਲ ਚੁਣੇ ਗਏ ਨੁਮਾਇੰਦਿਆਂ ਨੂੰ ਵਧਾਈ ਦਿੰਦਿਆਂ ਸ਼ੁੱਭਕਾਨਾਵਾਂ ਦਿੱਤੀਆਂ।

ਇਸ ਮੌਕੇ ਸੀਨੀਅਰ ਐਡਵੋਕੇਟ ਪ੍ਰੀਤਮ ਸਿੰਘ ਭੁੱਲਰ, ਐਡ. ਸੁਰਿੰਦਰ ਸਿੰਘ ਘਰਿਆਲਾ, ਐਡ. ਅਮਨਦੀਪ ਸਿੰਘ ਢਿੱਲੋਂ, ਐਡ. ਅਸ਼ੋਕ ਕੁਮਾਰ ਸ਼ਰਮਾ, ਐਡ. ਵਿਜੇ ਕੁਮਾਰ ਧਵਨ, ਐਡ. ਜਗਮੀਤ ਸਿੰਘ ਭੁੱਲਰ, ਐਡ. ਜਸਬੀਰ ਸਿੰਘ ਗਿੱਲ, ਐਡ. ਗੁਰਜੀਤ ਸਿੰਘ, ਸੁਖਬੀਰ ਸਿੰਘ ਸ਼ਹੀਦ, ਐਡ. ਬਲਜੀਤ ਸਿੰਘ ਢਿੱਲੋਂ, ਐਡ. ਜਗਦੀਪ ਮਹਿਤਾ, ਐਡ. ਅਕਾਸ਼ਦੀਪ ਸਿੰਘ, ਐਡ. ਸਰਬਜੀਤ ਸਿੰਘ ਜੰਡਾ, ਐਡ. ਅਮਰਜੀਤ ਸਿੰਘ ਐਡ. ਗੁਰਜੀਤ ਸਿੰਘ, ਐਡ. ਦਲਜੀਤ ਕੁਮਾਰ, ਐਡ. ਜਗਬੀਰ ਸਿੰਘ ਜੱਸਲ, ਐਡ. ਸ਼ਿਵਦੀਪ ਮਹਿਤਾ, ਐਡ. ਹਰਵਿੰਦਰ ਸਿੰਘ ਭੁੱਲਰ, ਐਡ. ਭਵਨੀਤ ਕੁਮਾਰ, ਐਡ. ਵਰੁਨ ਜੈਨ, ਐਡ. ਜਸਵਿੰਦਰ ਬੇਦੀ, ਐਡ. ਵਿਸ਼ਾਲ ਕਟਾਰੀਆ, ਐਡ. ਜਗਰੂਪ ਸਿੰਘ ਬੈਕਾ, ਐਡ. ਪ੍ਰਿਨੈ ਪ੍ਰਭਾਕਰ, ਐਡ. ਓਮਨਪ੍ਰੀਤ ਸਿੰਘ, ਐਡ. ਅਰਜਨ ਸਿੰਘ, ਐਡ. ਸੁਖਭੇਜ ਸਿੰਘ, ਐਡ. ਪਰਭਜੀਤ ਸਿੰਘ ਵਾਲੀਆ, ਐਡ. ਰਾਜਨਪ੍ਰੀਤ ਸਿੰਘ ਸੱਗੂ, ਐਡ. ਹਰਿੰਦਰਪਾਲ ਸਿੰਘ ਰਾੜੀਆ, ਐਡ. ਸ਼ਮਸ਼ੇਰ ਸਿੰਘ ਸਾਂਧਰਾ, ਐਡ. ਹਰਪ੍ਰੀਤ ਸਿੰਘ ਬਾਠ, ਐਡ. ਰਣਬੀਰ ਸਿੰਘ ਬਰਾੜ, ਐਡ. ਲਵਪ੍ਰੀਤ ਸੰਧੂ, ਐਡ. ਅੰਕੁਸ਼ ਢੰਡ, ਐਡ. ਗਗਨਦੀਪ ਗੁਪਤਾ, ਐਡ. ਜੋਬਨਜੀਤ ਸਿੰਘ, ਐਡ. ਗਗਨਦੀਪ ਸਿੰਘ, ਐਡ. ਨਿਧੀ ਭੱਲਾ, ਐਡ. ਗੋਲਡਨਜੀਤ ਕੌਰ, ਐਡ. ਅੰਜਨਾ ਧਵਨ, ਐਡ. ਬਲਜੀਤ ਕੌਰ, ਐਡ. ਰਾਜਵਿੰਦਰ ਕੌਰ, ਐਡ. ਹਰਵਿੰਦਰ ਕੌਰ ਆਦਿ ਹੋਰ ਵੀ ਵਕੀਲ ਸਾਹਿਬਾਨ ਹਾਜ਼ਰ ਸਨ।

# ਅਖਰੋਟਾ ਵਿਖੇ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ 'ਤੇ ਸ਼ੋਭਾ ਯਾਤਰਾ ਸਜਾਈ



ਪਠਾਨਕੋਟ, (ਦਵਿੰਦਰ ਸਿੰਘ)-ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪਰਵ ਨੂੰ ਸਮਰਪਿਤ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਅਖਰੋਟਾ ਵਿਖੇ ਸ਼ੋਭਾ ਯਾਤਰਾ ਕੱਢੀ ਗਈ ਹੈ। ਇਸ ਮੌਕੇ ਉਨ੍ਹਾਂ ਵੱਲੋਂ ਸਾਰੇ ਇਲਾਕਾ ਨਿਵਾਸੀਆ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪਰਵ ਦੀਆਂ ਲੱਖ ਲੱਖ ਵਧਾਈਆਂ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਅਖਰੋਟਾ ਵਿਖੇ ਸਜਾਈ ਗਈ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਣ ਮਗਰੋਂ ਜਾਣਕਾਰੀ ਦਿੰਦਿਆਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀ. ਸੀ. ਵਿੰਗ ਆਮ ਆਦਮੀ ਪਾਰਟੀ, ਪਵਨ ਕੁਮਾਰ ਬਲਾਕ ਪ੍ਰਧਾਨ, ਕੁਲਦੀਪ ਭਟਵਾਂ ਬਲਾਕ ਪ੍ਰਧਾਨ, ਨਵਦੀਪ ਕੁਮਾਰ ਬੰਪੀ ਪ੍ਰਧਾਨ ਰਵਿਦਾਸ ਸਭਾ ਅਖਰੋਟਾ, ਮੱਖਣ ਸਕੱਤਰ, ਮਨਮੋਹਣ ਪ੍ਰਸਾਦ ਚੇਅਰਮੈਨ, ਅਮਨਦੀਪ, ਨਰੇਸ਼ ਕੁਮਾਰ ਸਰਪੰਚ, ਸੁਨੀਲ ਕੁਮਾਰ ਫੌਜੀ, ਅੰਮਿਤ ਕੁਮਾਰ, ਅਜੈ ਕੁਮਾਰ, ਸਾਹਿਲ, ਰਮਨ ਕੁਮਾਰ ਸਰਪੰਚ, ਰਵਿੰਦਰ ਕੁਮਾਰ ਬਿੱਟੂ ਅਤੇ ਹੋਰ ਪਾਰਟੀ ਕਾਰਜਕਰਤਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਵੀ ਹਾਜ਼ਰ ਸਨ। ਸ਼ੋਭਾ ਯਾਤਰਾ ਪਿੰਡ ਅਖਰੋਟਾ ਤੋਂ ਸ਼ੁਰੂ ਕੀਤੀ ਗਈ ਜੋ ਪਿੰਡ ਭਾਦਾਂ, ਭਰਿਆਲ ਲਾਹੜੀ, ਧੋਬੜਾ, ਬਲਸੂਆ, ਪਠਾਨਚੱਕ, ਕੋਠਿਆਂ, ਨੌਸ਼ਹਿਰਾ ਅਤੇ ਅਖਰੋਟਾ ਵਿਖੇ ਸਮਾਪਤ ਕੀਤੀ ਗਈ। ਪਿੰਡ ਨੌਸ਼ਹਿਰਾ ਵਿਖੇ ਗੁਰੂ ਦਾ ਲੰਗਰ ਵੀ ਲਗਾਇਆ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਕਟਾਰੂਚੱਕ ਨੇ ਕਿਹਾ ਕਿ ਅਜਿਹੇ ਸਮਾਰੋਹ ਸਾਨੂੰ ਸਾਰਿਆਂ ਨੂੰ ਮਿਲ ਕੇ ਮਨਾਉਣੇ ਚਾਹੀਦੇ ਹਨ ਅਤੇ ਸਾਰਿਆਂ ਨੂੰ ਮਾਨਵਤਾ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦੇਣਾ ਚਾਹੀਦਾ ਹੈ।ਸ੍ਰੀ ਗੁਰੂ ਰਵਿਦਾਸ ਮੰਦਰ ਕਮੇਟੀ ਅਖਰੋਟਾ ਵੱਲੋਂ ਮੁੱਖ ਮਹਿਮਾਨ ਨੂੰ ਸਿਰੋਪਾ ਪਾ ਕੇ ਅਤੇ ਯਾਦਗਾਰ ਚਿੱਤਰ ਭੇਟ ਕਰਕੇ ਸਨਮਾਨਤ ਕੀਤਾ ਗਿਆ।

# ਮੰਗਾਂ ਨਾ ਮੰਨੀਆਂ ਤਾਂ ਪੰਜਾਬ ਸਰਕਾਰ ਖਿਲਾਫ ਤਿੱਖਾ ਸੰਘਰਸ਼ ਵਿੱਢਾਂਗੇ: ਰਾਜਦੀਪ/ਉੱਪਲ



ਵੇਰਕਾ(ਰਾਣਾ)-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ ਚੰਡੀਗੜ੍ਹ ਦੀ ਸੂਬਾ ਕਾਰਜਕਾਰਨੀ ਕਮੇਟੀ ਦੀ ਇੱਕ ਮੀਟਿੰਗ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਫੈਡਰੇਸ਼ਨ ਦੇ ਸੂਬਾਈ ਆਗੂ ਅਤੇ ਜ਼ਿਲ੍ਹਾ ਪ੍ਰਧਾਨ/ਜਨਰਲ ਸਕੱਤਰ, ਫੈਡਰੇਸ਼ਨ ਨਾਲ ਸਬੰਧਿਤ ਜਥੇਬੰਦੀਆਂ ਦੇ ਸੂਬਾਈ ਆਗੂ ਸ਼ਾਮਲ ਹੋਏ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੂਬਾ ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਮੁੱਖ ਜਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਗੁਰਮੇਲ ਸਿੰਘ ਮੈਲਡੇ, ਅਡੀਸ਼ਨਲ ਜਨਰਲ ਸਕੱਤਰ ਕਰਤਾਰ ਸਿੰਘ ਪਾਲ, ਵਿੱਤ ਸਕੱਤਰ ਮਨਜੀਤ ਸਿੰਘ ਗਿੱਲ, ਪਰਵੀਨ ਕੁਮਾਰ ਲੁਧਿਆਣਾ, ਪ੍ਰੈੱਸ ਸਕੱਤਰ ਪ੍ਰਭਜੀਤ ਸਿੰਘ ਉਪਲ, ਟਹਿਲ ਸਿੰਘ ਸਰਾਭਾ, ਮੀਤ ਪ੍ਰਧਾਨ ਜਸਵਿੰਦਰ ਪਾਲ ਉੱਗੀ, ਜਗਮੇਲ ਸਿੰਘ ਪੱਖੋਵਾਲ, ਆਲ ਇੰਡੀਆ ਆਸ਼ਾ ਵਰਕਰਜ਼ ਯੂਨੀਅਨ ਦੇ ਸੂਬਾਈ ਆਗੂ ਬਲਵੀਰ ਕੌਰ ਗਿੱਲ, ਸੂਬਾ ਆਗੂ ਰਾਜਦੀਪ ਸਿੰਘ ਹੁਸ਼ਿਆਰਪੁਰ ਨੇ ਅੱਜ ਦਿੱਲੀ ਵਿਧਾਨ ਸਭਾ ਚੋਣਾਂ ਦੇ ਆਏ ਚੋਣ ਨਤੀਜਿਆਂ ਤੋਂ ਪੰਜਾਬ ਦੀ ਹੁਕਮਰਾਨ ਭਗਵੰਤ ਮਾਨ ਸਰਕਾਰ ਅਤੇ ਆਮ ਆਦਮੀ ਪਾਰਟੀ ਨੂੰ ਚੰਗਾ ਸਬਕ ਲੈਣ ਦਾ ਸੱਦਾ ਦਿੱਤਾ।ਮੀਟਿੰਗ ਦੌਰਾਨ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕਨਫੈਡਰੇਸ਼ਨ ਵੱਲੋਂ 11 ਅਪ੍ਰੈਲ ਨੂੰ ਜੰਤਰ ਮੰਤਰ ਨਵੀਂ ਦਿੱਲੀ ਵਿਖੇ ਰੋਸ ਰੈਲੀ ਕਰਨ ਤੋਂ ਬਾਅਦ ਪਾਰਲੀਮੈਂਟ ਵੱਲ ਰੋਸ ਮਾਰਚ ਵਿੱਚ ਪੰਜਾਬ ਦੇ ਮੁਲਾਜ਼ਮਾਂ ਵੱਲੋਂ ਭਰਵੀਂ ਸ਼ਮੂਲੀਅਤ ਨਾਲ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ।ਇਸ ਤੋਂ ਇਲਾਵਾ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਵੱਖ ਵੱਖ ਐਕਸ਼ਨ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਅਤੇ ਜ਼ਿਲਾ ਕਮੇਟੀਆਂ ਦਾ ਪੁਨਰ ਗਠਨ ਕਰਕੇ ਜਥੇਬੰਦਕ ਢਾਂਚਾ ਮਜਬੂਤ ਕਰਨ ਦਾ ਨਿਰਣਾ ਲਿਆ ਗਿਆ।ਫੈਸਲਾ ਕੀਤਾ ਗਿਆ ਕਿ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ ਅਨੁਸਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਮੂਹਿਕ ਵਫਦਾਂ ਵੱਲੋਂ ਸਾਰੇ ਜ਼ਿਲਿਆਂ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਂ 20 ਫਰਵਰੀ ਤੱਕ ਮੰਗ ਪੱਤਰ ਦਿੱਤੇ ਜਾਣਗੇ।ਮੀਟਿੰਗ ਦੌਰਾਨ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਮੂਹ ਕੱਚੇ, ਠੇਕਾ ਅਤੇ ਆਊਟ ਸੋਰਸ, ਸਕੀਮ ਵਰਕਰਾਂ ਨੂੰ ਪੂਰੇ ਤਨਖਾਹ ਸਕੇਲਾਂ ਤੇ ਭੱਤਿਆਂ ਸਮੇਤ ਰੈਗੂਲਰ ਕੀਤਾ ਜਾਵੇ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਸਾਢੇ ਪੰਜ ਸਾਲਾਂ ਦਾ ਤਨਖਾਹਾਂ ਅਤੇ ਪੈਨਸ਼ਨਾਂ ਦਾ ਬਣਦਾ ਬਕਾਇਆ ਅਤੇ ਸੋਧੀ ਹੋਈ ਲੀਵਇਨ ਕੈਸ਼ਮੈਂਟ ਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ 11 ਫੀਸਦੀ ਤਿੰਨ ਕਿਸ਼ਤਾਂ ਅਤੇ ਪਿਛਲੀਆਂ ਕਿਸ਼ਤਾਂ ਦਾ ਰਹਿੰਦਾ ਸਾਰਾ ਬਕਾਇਆ ਤੁਰੰਤ ਦਿੱਤਾ ਜਾਵੇ , ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਲਾਗੂ ਕੀਤਾ ਜਾਵੇ, ਸਮੂਹ ਕੱਚੇ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਤੁਰੰਤ ਬਹਾਲ ਕੀਤੀ ਜਾਵੇ, ਮਾਣਯੋਗ ਅਦਾਲਤਾਂ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹੱਕ ਵਿੱਚ ਕੀਤੇ ਗਏ ਸਾਰੇ ਫੈਸਲੇ ਤੁਰੰਤ ਲਾਗੂ ਕੀਤੇ ਜਾਣ ਅਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਮੰਗ ਪੱਤਰ ਵਿੱਚ ਦਰਜ ਸਮੂਹ ਮੰਗਾਂ ਦਾ ਪੰਜਾਬ ਸਰਕਾਰ ਵੱਲੋਂ ਤੁਰੰਤ ਨਿਪਟਾਰਾ ਕੀਤਾ ਜਾਵੇ।ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸਾਰੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਨਾ ਕੀਤਾ ਤਾਂ ਪੰਜਾਬ ਦੇ ਬਜਟ ਸੈਸ਼ਨ ਦੌਰਾਨ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਬਜਟ ਸੈਸ਼ਨ ਦੇ ਸਮਾਨ ਅੰਤਰ ਸੈਸ਼ਨ ਚਲਾਇਆ ਜਾਵੇਗਾ।ਮੀਟਿੰਗ ਵੱਲੋਂ ਕਲਾਸ ਫੋਰ ਯੂਨੀਅਨ ਵੱਲੋਂ 19 ਫਰਵਰੀ ਨੂੰ ਮੋਹਾਲੀ ਵਿਖੇ ਕੀਤੀ ਜਾ ਰਹੀ ਰਾਜ ਪੱਧਰੀ ਰੈਲੀ ਦੀ ਪੂਰਨ ਹਮਾਇਤ ਕੀਤੀ, 23 ਮਾਰਚ ਨੂੰ ਲੁਧਿਆਣਾ ਵਿਖੇ ਫੈਡਰੇਸ਼ਨ (1680) ਨਾਲ ਸਬੰਧਿਤ ਜਥੇਬੰਦੀਆਂ ਦੀ ਨੁਮਾਇੰਦਾ ਕਰਵੈਨਸ਼ਨ ਲੁਧਿਆਣਾ ਵਿਖੇ ਕੀਤੀ ਜਾਵੇਗੀ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਅਧਿਆਪਕ ਆਗੂ ਕੁਲਵੰਤ ਸਿੰਘ ਚਾਨੀ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਕੁਲਦੀਪ ਸਿੰਘ ਸਹਿਦੇਵ, ਗੁਰਪ੍ਰੀਤ ਸਿੰਘ ਮਾੜੀਮੇਘਾ, ਬਲਕਾਰ ਸਿੰਘ ਸਹੋਤਾ, ਨਿਸ਼ਾਨ ਸਿੰਘ, ਗਗਨਦੀਪ ਸਿੰਘ ਖਾਲਸਾ, ਸੁਰਿੰਦਰ ਬੈਂਸ, ਜਗਮੋਹਣ ਨੌਲੱਖਾ, ਮਾਧੋ ਰਾਹੀ, ਸੱਤਪਾਲ ਸਿੰਘ ਭੱਟੀ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦਿਪੇਸ਼ ਅਰੋੜਾ ਵੱਲੋਂ ਵਿਸ਼ੇਸ਼ ਸਪਲੀਮੈਂਟ




## ਸੁਖਬੀਰ ਸਿੰਘ ਬਾਦਲ ਨੇ ਕੀਤਾ ਪਿੰਡ ਬੱਲੋਮਾਜਰਾ ਦੇ ਮਹਾਂ ਕਬੱਡੀ ਕੱਪ ਦਾ ਉਦਘਾਟਨ

### ਅਕਾਲੀ ਦਲ ਦੀ ਸਰਕਾਰ ਆਉਣ 'ਤੇ ਮੁੜ ਸ਼ੁਰੂ ਕਰਾਂਗੇ ਵਰਲਡ ਕਬੱਡੀ ਕੱਪ: ਸੁਖਬੀਰ ਸਿੰਘ ਬਾਦਲ

**ਮੋਹਾਲੀ (ਗੁਰਜੀਤ ਬਿੱਲਾ)** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਵਲੋਂ ਅੱਜ ਮੁਹਾਲੀ ਦੇ ਪਿੰਡ ਬੱਲੋਮਾਜਰਾ ਦੇ ਕਬੱਡੀ ਕੱਪ ਦਾ ਰਸਮੀ ਉਦਘਾਟਨ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਕਬੱਡੀ ਨੂੰ ਪੰਜਾਬ ਦੀ ਸ਼ਾਨ ਅਤੇ ਮਾਂ ਖੇਡ ਦੱਸਦਿਆਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਦੌਰਾਨ ਕਬੱਡੀ ਖੇਡ ਨੂੰ ਵਿਸ਼ਵ ਪੱਧਰ 'ਤੇ ਲਿਜਾਣ ਲਈ ਬੇਹੱਦ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਪੰਜਾਬ 'ਚ ਵਿਸ਼ਵ ਕੱਪ ਕਬੱਡੀ ਦੇ ਵੱਡੇ ਟੂਰਨਾਮੈਂਟ ਕਰਵਾਏ ਗਏ ਸਨ, ਜਿਨ੍ਹਾਂ ਦੀ ਮਦਦ ਨਾਲ ਪੰਜਾਬ ਦੀ ਮਿੱਟੀ ਨਾਲ ਜੁੜੀ ਇਹ ਖੇਡ ਦੁਨੀਆ ਭਰ ਵਿੱਚ ਪ੍ਰਸਿੱਧ ਹੋ ਗਈ। ਮੌਜੂਦਾ ਸਰਕਾਰ ਨੇ ਕਬੱਡੀ ਖੇਡ ਦੀ ਬੇਹੱਦ ਅਣਦੇਖੀ ਕੀਤੀ ਹੈ, ਜਿਸ ਕਰਕੇ ਕਈ ਉੱਚ ਪੱਧਰੀ ਮੈਚ ਅਤੇ ਲੀਗ ਬੰਦ ਹੋ ਗਈਆਂ ਹਨ।ਉਨ੍ਹਾਂ ਅੱਗੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਮਾਂ ਖੇਡ ਕਬੱਡੀ ਨੂੰ ਮੁੜ ਸਿਖਰਾਂ 'ਤੇ ਲਿਜਾਣ ਲਈ ਯਤਨ ਕੀਤੇ ਜਾਣਗੇ ਅਤੇ ਮੁੜ ਤੋਂ ਵਰਲਡ ਕਬੱਡੀ ਕੱਪ ਸ਼ੁਰੂ ਕੀਤੇ



ਜਾਣਗੇ। ਉਨ੍ਹਾਂ ਕਿਹਾ ਕਿ ਪਿੰਡ ਬੱਲੋਮਾਜਰਾ ਦਾ ਕਬੱਡੀ ਕੱਪ ਪੰਜਾਬੀ ਨੌਜਵਾਨਾਂ ਲਈ ਇੱਕ ਵਧੀਆ ਮੰਚ ਹੈ, ਜਿਥੇ ਉਹ ਆਪਣੀ ਖੇਡ ਦੀ ਕਾਬਲੀਅਤ ਵਿਖਾਉਣਗੇ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਟੂਰਨਾਮੈਂਟ ਕਰਵਾਉਣ ਦਾ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਅਤੇ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ। ਉਹਨਾਂ ਇਹ ਕੱਪ ਕਰਵਾਉਣ ਵਾਲੇ ਆਯੋਜਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੋਰ ਉਹਨਾਂ ਨੂੰ ਵੀ ਇਸ ਵਾਸਤੇ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਅਕਾਲੀ ਦਲ ਦੇ ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਨੇ ਦੱਸਿਆ ਕਿ ਇਹ ਕਬੱਡੀ ਕੱਪ ਦੀ ਸ਼ੁਰੂਆਤ ਅੱਜ ਤੋਂ ਹੋ ਚੁੱਕੀ ਹੈ ਅਤੇ 9 ਫਰਵਰੀ ਨੂੰ ਇਥੇ 8 ਅਕੈਡਮੀਆ ਦੀਆਂ ਚੋਟੀ ਦੀਆਂ ਟੀਮਾਂ ਦੇ ਮੈਚ ਹੋਣਗੇ ਅਤੇ ਪੰਜਾਬੀ ਗਾਇਕ ਬੱਬੂ ਮਾਨ ਦਾ ਖੁੱਲ੍ਹਾ ਅਖਾੜਾ ਵੀ ਹੋਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਡੇਰਾਬੱਸੀ ਤੋਂ ਇੰਚਾਰਜ ਐਨ. ਕੇ. ਸ਼ਰਮਾ, ਰਣਜੀਤ ਸਿੰਘ ਗਿੱਲ ਪ੍ਰਧਾਨ ਹਲਕਾ ਖਰੜ, ਬਾਬਾ ਜਾਨਕੀ ਦਾਸ ਸਪੋਰਟਸ ਕਲੱਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਛਿੰਦੀ, ਜੱਸੀ ਬੱਲੋਮਾਜਰਾ ਸਰਪੰਚ, ਚਰਨਜੀਤ ਸਿੰਘ ਕਾਲੇਵਾਲ, ਮਨਮੋਹਨ ਸਿੰਘ, ਸੀ. ਏ. ਹਰਜੀਤ ਸਿੰਘ, ਹਰਮਨਪ੍ਰੀਤ ਸਿੰਘ ਪ੍ਰਿੰਸ, ਬਿੱਲਾ ਛੱਜੂਮਾਜਰਾ , ਅਵਤਾਰ ਸਿੰਘ ਦਾਉ, ਜਸਵੀਰ ਸਿੰਘ ਜੱਸੀ, ਰਣਧੀਰ ਸਿੰਘ ਧੀਰਾ ,ਹਰਜਿੰਦਰ ਸਿੰਘ ਬਲੌਂਗੀ, ਹਰਵਿੰਦਰ ਨੰਬਰਦਾਰ ਸੋਹਾਣਾ, ਸੋਨੀ ਬੜੀ, ਬਲਜੀਤ ਸਿੰਘ ਦੈੜੀ, ਅਮਨ ਪੂਨੀਆ, ਜਰਨੈਲ ਸਿੰਘ ਬਲੌਂਗੀ ਅਤੇ ਹੋਰ ਪ੍ਰਬੰਧਕ ਹਾਜ਼ਰ ਸਨ।

## 'ਨੇਵਾ' ਪ੍ਰੋਜੈਕਟ ਦੀ ਸ਼ੁਰੂਆਤ ਨਾਲ ਪੰਜਾਬ ਵਿਧਾਨ ਸਭਾ ਹੋਈ ਕਾਗਜ਼ ਰਹਿਤ : ਸੰਧਵਾਂ

**ਚੰਡੀਗੜ੍ਹ (ਗੁਰਜੀਤ ਬਿੱਲਾ)**— ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਤੇ ਗਤੀਸ਼ੀਲ ਅਗਵਾਈ ਹੇਠ ਪੰਜਾਬ ਵਿਧਾਨ ਸਭਾ, ਸਕੱਤਰੇਤ ਵਿੱਚ ਰਾਸ਼ਟਰੀ ਈ-ਵਿਧਾਨ ਐਪਲੀਕੇਸ਼ਨ (ਨੇਵਾ) ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਅਤੇ ਪੰਜਾਬ ਵਿਧਾਨ ਸਭਾ ਵਿੱਚ ਹੋਣ ਵਾਲੇ ਸਮਾਗਮਾਂ ਦੀ ਕਾਰਵਾਈ ਨੂੰ ਕਾਗਜ਼ ਰਹਿਤ ਬਣਾਇਆ ਗਿਆ ਹੈ। ਇਹ ਪੰਜਾਬ ਵਿਧਾਨ ਸਭਾ ਦੇ ਕੰਮਕਾਜ ਨੂੰ ਹੋਰ ਬਿਹਤਰ ਬਣਾਉਣ ਲਈ ਇੱਕ ਨਵੇਕਲਾ ਤੇ ਨਿਰਣਾਇਕ ਕਦਮ ਹੈ।ਸੰਧਵਾਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਡਿਜੀਟਾਈਜੇਸ਼ਨ ਸਦਕਾ ਵਿਧਾਇਕਾਂ ਦੀ ਜਨਤਾ ਦੇ ਪ੍ਰਮੁੱਖ ਮੁੱਦਿਆਂ ਨੂੰ ਉਠਾਉਣ ਵਿੱਚ ਕੁਸ਼ਲਤਾ ਹੋਰ ਵਧੇਗੀ ਅਤੇ ਵਿਧਾਨ ਸਭਾ ਦੇ ਕੰਮਕਾਜ ਨੂੰ ਕਾਗਜ਼ ਰਹਿਤ ਬਣਾਇਆ ਜਾਣਾ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਦਾ ਸੂਚਕ ਹੈ। ਪਾਰਦਰਸ਼ੀ ਅਤੇ ਜਵਾਬਦੇਹ ਢੰਗ ਨਾਲ ਜਾਣਕਾਰੀ ਸਾਂਝੀ ਕਰਨ ਦੇ ਮੰਤਵ ਨਾਲ ਫੈਸਲਿਆਂ ਅਤੇ ਰਿਕਾਰਡਾਂ ਨੂੰ ਟਰੈਕ ਕਰਨਾ ਹੁਣ ਆਸਾਨ ਹੋ ਗਿਆ ਹੈ।ਸਪੀਕਰ ਨੇ ਦੱਸਿਆ ਕਿ ਸਾਲ 2022 ਤੋਂ ਸਦਨ ਦੀ ਕਾਰਵਾਈ ਦਾ ਸਿੱਧਾ ਪ੍ਰਸਾਰਣ ਪੰਜਾਬ ਵਿਧਾਨ ਸਭਾ ਅਤੇ ਪੰਜਾਬ ਸਰਕਾਰ ਦੇ ਅਧਿਕਾਰਤ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਕੀਤਾ ਜਾ ਰਿਹਾ ਹੈ, ਜਿਸ ਰਾਹੀਂ ਆਮ ਲੋਕ ਵੀ ਸਦਨ ਦੀ ਕਾਰਵਾਈ ਨੂੰ ਆਸਾਨੀ ਨਾਲ ਦੇਖ ਸਕਦੇ ਹਨ। ਸਦਨ ਵਿੱਚ ਜਾਣਕਾਰੀ ਦੇ ਆਦਾਨ-ਪ੍ਰਦਾਨ ਨੂੰ ਆਸਾਨ ਬਣਾਉਣ ਲਈ 23 ਸਤੰਬਰ 2023 ਨੂੰ ਪੰਜਾਬ ਵਿਧਾਨ ਸਭਾ ਵਿੱਚ ਰਾਸ਼ਟਰੀ ਈ-ਵਿਧਾਨ ਐਪਲੀਕੇਸ਼ਨ ਦਾ ਉਦਘਾਟਨ ਕੀਤਾ ਗਿਆ ਸੀ।ਰਾਸ਼ਟਰੀ ਈ-ਵਿਧਾਨ ਐਪਲੀਕੇਸਨ (ਨੇਵਾ) ਭਾਰਤ ਸਰਕਾਰ ਦਾ ਇੱਕ ਮਿਸ਼ਨ ਮੋਡ ਪ੍ਰੋਜੈਕਟ ਹੈ, ਜਿਸ ਤਹਿਤ ਦੇਸ ਦੀਆਂ ਵੱਖ-ਵੱਖ ਵਿਧਾਨ ਸਭਾਵਾਂ ਦਾ ਕੰਮਕਾਜ ਕਾਗਜ ਰਹਿਤ ਢੰਗ ਨਾਲ ਕੀਤਾ ਜਾ ਰਿਹਾ ਹੈ ਅਤੇ ਇਸ ਪ੍ਰੋਜੈਕਟ ਦਾ ਉਦੇਸ਼ ਵਿਧਾਨ ਸਭਾਵਾਂ ਦੀ ਕਾਰਵਾਈ ਨੂੰ ਕੁਸ਼ਲ ਅਤੇ ਪਾਰਦਰਸ਼ੀ ਢੰਗ ਨਾਲ ਪੇਸ਼ ਕਰਨਾ ਹੈ।

## ਹੈਰੋਇਨ ਸਮੇਤ ਨਸ਼ਾ ਤਸਕਰ ਕਾਬੂ

**ਜਲੰਧਰ (ਸ਼ੈਲੀ ਅਲਬਰਟ, ਸੁਰਿੰਦਰ ਕੁਮਾਰ)** ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਇੱਕ ਮਹੱਤਵਪੂਰਨ ਸਫਲਤਾ ਹਾਸਲ ਕਰਦਿਆਂ ਜਲੰਧਰ ਦਿਹਾਤੀ ਪੁਲਿਸ ਨੇ ਕਰਤਾਰਪੁਰ ਖੇਤਰ ਵਿੱਚ ਕੀਤੇ ਗਏ ਇੱਕ ਵਿਸ਼ੇਸ਼ ਆਪ੍ਰੇਸ਼ਨ ਦੌਰਾਨ ਇੱਕ ਬਦਨਾਮ ਨਸ਼ੀਲੇ ਪਦਾਰਥਾਂ ਦੇ ਤਸਕਰ ਨੂੰ ਗ੍ਰਿਫਤਾਰ ਕਰਕੇ 50 ਗ੍ਰਾਮ ਹੈਰੋਇਨ ਜ਼ਬਤ ਕੀਤੀ ਹੈ।



ਗ੍ਰਿਫਤਾਰ ਕੀਤੇ ਗਏ ਦੋਸ਼ੀ ਦੀ ਪਛਾਣ ਬਲਦੇਵ ਸਿੰਘ ਉਰਫ਼ ਬੱਲੋ ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਜਗਤਪੁਰ, ਥਾਣਾ ਝਬਾਲ, ਜ਼ਿਲ੍ਹਾ ਤਰਨਤਾਰਨ ਵਜੋਂ ਹੋਈ ਹੈ। ਐਸ.ਐਸ.ਪੀ. ਜਲੰਧਰ ਦਿਹਾਤੀ ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਐਸਪੀ ਇਨਵੈਸਟੀਗੇਸ਼ਨ ਜਸਰੂਪ ਕੌਰ ਅਤੇ ਡੀਐਸਪੀ ਇਨਵੈਸਟੀਗੇਸ਼ਨ ਸਰਵਣਜੀਤ ਸਿੰਘ ਦੀ ਨਿਗਰਾਨੀ ਹੇਠ ਸੀਆਈਏ ਸਟਾਫ ਜਲੰਧਰ ਦਿਹਾਤੀ ਨੇ ਲਿੰਕ ਰੋਡ ਕਿਸ਼ਨਗੜ੍ਹ ਨੇੜੇ ਇਹ ਸਫਲਤਾ ਹਾਸਲ ਕੀਤੀ।ਉਨ੍ਹਾਂ ਦੱਸਿਆ ਕਿ ਇੰਸਪੈਕਟਰ ਪੁਸ਼ਪ ਬਾਲੀ ਨੇ ਆਪਣੀ ਟੀਮ ਨਾਲ ਇੱਕ ਵਿਅਕਤੀ ਨੂੰ ਚਿੱਟੇ ਟੀਵੀਐਸ ਅਪਾਚੇ ਮੋਟਰਸਾਈਕਲ (ਪੀਬੀ02-ਡੀਡੀ-3473) 'ਤੇ ਆਉਂਦੇ ਦੇਖਿਆ ਅਤੇ ਉਸਨੂੰ ਤੁਰੰਤ ਰੋਕਿਆ। ਪੂਰੀ ਤਲਾਸ਼ੀ ਲੈਣ 'ਤੇ, ਟੀਮ ਨੇ ਮੋਟਰਸਾਈਕਲ ਦੀ ਸੀਟ ਹੇਠ ਇੱਕ ਮੋਮ ਨਾਲ ਸੀਲਬੰਦ ਲਿਫਾਫੇ ਵਿੱਚ ਛੁਪਾਈ ਹੋਈ 50 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।

## ਪੰਜਾਬੀ ਵੀ ਭਾਜਪਾ ਨੂੰ ਮੌਕਾ ਦੇਣਗੇ : ਉੱਭਾ

**ਜਲੰਧਰ (ਸ਼ੈਲੀ ਅਲਬਰਟ )**-ਪੰਜਾਬ ਭਾਜਪਾ ਦੇ ਸੀਨੀਅਰ ਲੀਡਰ ਤੇ ਸੂਬਾ ਪ੍ਰੈੱਸ ਸਕੱਤਰ ਹਰਦੇਵ ਸਿੰਘ ਉੱਭਾ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ 'ਤੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਤੇ ਭਾਜਪਾ ਵਰਕਰਾਂ ਨੂੰ ਵਧਾਈਆਂ ਦਿੰਦੇ ਕਿਹਾ ਕਿ ਦਿੱਲੀ ਵਿੱਚੋਂ ਝੂਠ ਦਾ ਅਧਿਆਏ ਖ਼ਤਮ ਹੋ ਗਿਆ ਹੈ,ਇਸ ਲਈ ਦਿੱਲੀ ਵਾਸੀਆਂ ਨੂੰ ਹਾਰਦਿਕ ਵਧਾਈਆਂ ਤੇ ਬਹੁਤ ਬਹੁਤ ਧੰਨਵਾਦ। ਉਹਨਾਂ ਕਿਹਾ ਕਿ ਹੁਣ ਪੰਜਾਬ ਦੀ ਵਾਰੀ ਹੈ ਪੰਜਾਬੀ ਵੀ ਭਾਜਪਾ ਨੂੰ ਮੌਕਾ ਦੇਣਗੇ। ਹਰਦੇਵ ਸਿੰਘ ਉੱਭਾ ਨੇ ਕਿਹਾ ਕਿ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਿੱਲੀ ਦੀ ਜਨਤਾ ਨੂੰ ਸਾਫ ਸੁਥਰਾ ਪਾਣੀ ਤੇ ਹੋਰ ਲੋੜੀਂਦੀਆਂ ਸਹੂਲਤਾ ਮੁਹੱਈਆ ਕਰਵਾਉਣ ਵਿੱਚ ਨਾਕਾਮ ਸਾਬਿਤ ਹੋਈ, ਸਿਰਫ ਸ਼ਰਾਬ ਦਾ ਪ੍ਰਚਾਰ ਕਰਨ ਵਿਚ ਮਸਤ ਰਹੀ।ਉਹਨਾਂ ਕਿਹਾ ਕਿ ਦਿੱਲੀ ਦੀ ਭਾਜਪਾ ਸਰਕਾਰ ਦਿੱਲੀ ਵਾਸੀਆਂ ਦੀਆਂ ਉਮੀਦਾਂ 'ਤੇ ਖਰਾ ਉਤਰੇਗੀ ਤੇ ਦਿੱਲੀ ਦਾ ਵਿਕਾਸ ਕਰੇਗੀ।



## ਮੇਵਾਤ 'ਚ ਰੇਲ ਮਾਰਗ ਬਣਨ ਨਾਲ ਲੋਕਾਂ ਦੀ ਆਵਾਜਾਈ ਹੋਵੇਗੀ ਸਰਲ : ਨਾਇਬ ਸਿੰਘ ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਲ 2014 ਦੇ ਬਾਅਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਜਨ ਨੂੰ ਸਾਕਾਰ ਕਰਦੇ ਹੋਏ ਕੇਂਦਰ ਤੇ ਹਰਿਆਣਾ ਸੂਬੇ ਦੀ ਡਬਲ ਇੰਜਨ ਦੀ ਸਰਕਾਰ ਬਿਨਾਂ ਭੇਦਭਾਵ ਦੇ ਵਿਕਾਸ ਦੇ ਕੰਮ ਕਰ ਰਹੀ ਹੈ। ਇਸ ਲੜੀ ਵਿਚ ਸ਼ਹੀਦ ਹਸਨ ਖਾਨ ਮੇਵਾਤੀ ਤੋਂ ਪ੍ਰੇਰਣਾ ਲੈਂਦੇ ਹੋਏ ਮੇਵਾਤ ਵਿਚ ਵਿਕਾਸ ਦੇ ਕੰਮ ਕਰ ਰਹੀ ਹੈ। ਮੇਵਾਤ ਨੂੰ ਰੇਲਮਾਰਗ ਤੋਂ ਦਿੱਲੀ ਤੇ ਅਲਵਰ ਨਾਲ ਸਿੱਧਾ ਜੋੜਨ ਲਈ ਇੱਥੇ ਰੇਲ ਪਰਿਯੋਜਨਾ ਨੂੰ ਅਮਲੀਜਾਮਾ ਪਹਿਨਾਇਆ ਜਾਵੇਗਾ। ਇਸ ਦੇ ਲਈ ਸਰਕਾਰ ਨੇ ਬਜਟ ਦਾ ਵੀ ਪ੍ਰਾਵਧਾਨ ਕੀਤਾ ਹੈ। ਮੇਵਾਤ ਵਿਚ ਰੇਲਮਾਰਗ ਦਾ ਨਿਰਮਾਣ ਹੋਣ ਨਾਲ ਨਾ ਸਿਰਫ ਮੇਵਾਤ ਦੇ ਲੋਕਾਂ ਦੀ ਆਵਾਜਾਈ ਸਰਲ ਹੋਵੇਗੀ, ਸਗੋਂ ਇੱਥੇ ਦੇ ਨੌਜੁਆਨਾਂ ਲਈ ਰੁਜਗਾਰ ਲਈ ਵੀ ਨਵੇਂ ਰਸਤੇ ਖੁੱਲ੍ਹਣਗੇ।ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਜਨ ਵਿਕਾਸ ਪ੍ਰੋਗਰਾਮ ਤਹਿਤ ਦੇਸ਼ ਦੇ 115 ਪਿਛੜੇ ਜ਼ਿਲ੍ਹਿਆਂ ਨੂੰ ਚੋਣ ਕੀਤਾ ਗਿਆ ਹੈ, ਜਿਸ ਵਿੱਚੋਂ ਨੂੰਹ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੱਭ ਤੋਂ ਪਹਿਲਾਂ ਆਕਾਂਸ਼ੀ ਜ਼ਿਲ੍ਹਾ ਦਰਜ ਕੀਤਾ ਹੈ। ਪ੍ਰਧਾਨ ਮੰਤਰੀ ਖੁਦ ਇਸ ਜ਼ਿਲ੍ਹੇ ਦੇ ਸਿਹਤ, ਪੋਸ਼ਣ, ਸਿਖਿਆ, ਖੇਤੀ ਤੇ ਸਕਿਲ ਵਿਕਾਸ ਨਾਲ ਸਬੰਧਿਤ ਕੰਮਾਂ ਦੀ ਮਾਨੀਟਰਿੰਗ ਵੀ ਕਰਣਗੇ। ਮੁੱਖ ਮੰਤਰੀ ਇੱਥੇ ਆਪਣੇ ਨਿਵਾਸ ਸੰਤ ਕਬੀਰ ਕੁਟੀਰ ਵਿਚ ਆਲ ਇੰਡੀਆ ਮੇਵਾਤੀ ਪੰਚਾਇਤ ਦੇ ਪ੍ਰਤੀਨਿਧੀਆਂ ਨੂੰ ਸੰਬੋਧਿਤ ਕਰ ਰਹੇ ਸਨ। ਆਲ ਇੰਡੀਆ ਮੇਵਾਤੀ ਪੰਚਾਇਤ ਦੇ ਪ੍ਰਤੀਨਿਧੀਆਂ ਨੇ ਮੇਵਾਤ ਵਿਚ ਰੇਲਵੇ ਲਾਇਨ ਵਿਛਾਏ ਜਾਣ ਦੀ ਪਰਿਯੋਜਨਾ ਨੂੰ ਮੰਜੂਰੀ ਦਿੱਤੇ ਜਾਣ 'ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਪੱਗ ਪਹਿਨਾ ਕੇ ਸਨਮਾਨ ਕੀਤਾ।ਸੈਣੀ ਨੇ ਕਿਹਾ ਕਿ ਮੇਵਾਤ ਖੇਤਰ ਵਿਚ 178 ਏਕੜ ਜਮੀਨ 'ਤੇ ਐਲਟੀਐਲ ਬੈਟਰੀ ਉਦਯੋਗ ਲੱਗੇਗਾ, ਜਿਸ ਵਿਚ 7197 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ। ਇਸ ਪਰਿਯੋਜਨਾ ਨਾਲ ਮੇਵਾਤ ਖੇਤਰ ਦੇ ਕਰੀਬ 7 ਹਜਾਰ ਨੌਜੁਆਨਾਂ ਨੂੰ ਰੁਜਗਾਰ ਮਿਲੇਗਾ। ਇਸੀ ਤਰ੍ਹਾਂ ਨਾਲ ਸਰਕਾਰ ਨੇ ਮੇਵਾਤ ਖੇਤਰ ਵਿਚ ਆਈਐਮਟੀ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਇਸ ਖੇਤਰ ਵਿਚ ਉਦਯੋਗਾਂ ਨੂੰ ਪ੍ਰੋਤਸਾਹਨ ਮਿਲੇਗਾ ਅਤੇ ਰੁਜਗਾਰ ਦੇ ਨਵੇਂ ਮੌਕੇ ਸ੍ਰਿਜਤ ਹੋਣਗੇ। ਹਰਿਆਣਾ ਸਰਕਾਰ ਦੀ ਭਲਾਈਕਾਰੀ ਯੋਜਨਾਵਾਂ ਦਾ ਹੀ ਨਤੀਜਾ ਹੈ ਕਿ ਮੇਵਾਤ ਖੇਤਰ ਵਿਚ ਵੀ ਨਿਵੇਸ਼ਕਾਂ ਦਾ ਨਿਵੇਸ਼ ਕਰਨ ਦੇ ਪ੍ਰਤੀ ਰੁਝਾਨ ਵੱਧ ਰਿਹਾ ਹੈ। ਇੱਥੇ ਨਵੇਂ -ਨਵੇਂ ਉਦਯੋਗ ਸਥਾਪਿਤ ਹੋ ਰਹੇ ਹਨ।

## ਭਾਜਪਾ ਦੀ ਦਿੱਲੀ ਜਿੱਤ ਨਾਲ ਪੰਜਾਬ ਭਾਜਪਾ 'ਚ ਖ਼ੁਸ਼ੀ ਦੀ ਲਹਿਰ : ਸੁਰਿੰਦਰ ਜਾਜਾ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਓਂਕਾਰ ਸਿੰਘ)**- ਭਾਜਪਾ ਦੀ ਦਿੱਲੀ ਵਿੱਚ ਹੋਈ ਜਿੱਤ ਨਾਲ ਪੰਜਾਬ ਭਾਜਪਾ 'ਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।



ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਾਰਜਕਾਰਨੀ ਮੈਂਬਰ ਭਾਜਪਾ ਸੁਰਿੰਦਰ ਜਾਜਾ ਨੇ ਕੀਤਾ। ਉਨ੍ਹਾਂ ਪਾਰਟੀ ਦੇ ਵਰਕਰਾਂ ਸਮੇਤ ਦਿੱਲੀ ਵਿੱਚ ਭਾਜਪਾ ਦੀ ਹੋਈ ਸ਼ਾਨਦਾਰ ਜਿੱਤ ਅਤੇ 27 ਸਾਲ ਬਾਅਦ ਬਣਨ ਜਾ ਰਹੀ ਸਰਕਾਰ ਦੀ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਲੀ ਵਿੱਚ ਕੀਤੇ ਗਏ ਇਤਿਹਾਸਿਕ ਵਿਕਾਸ ਅਤੇ ਲੋਕਾਂ ਨੂੰ ਦਿੱਤੀਆਂ ਗਈਆਂ ਸਹੂਲਤਾਂ ਦੇ ਮੱਦੇ ਨਜ਼ਰ ਹੀ ਭਾਜਪਾ ਨੂੰ ਇਹ ਜਿੱਤ ਪ੍ਰਾਪਤ ਹੋਈ ਹੈ। ਇਸ ਮੌਕੇ ਉਨਾਂ ਹੋਰ ਕਿਹਾ ਕਿ ਆਮ ਆਦਮੀ ਪਾਰਟੀ ਨੇ ਹੁਣ ਤੱਕ ਦਿੱਲੀ ਵਿੱਚ ਝੂਠ ਦੀ ਰਾਜਨੀਤੀ ਕਰਕੇ ਲੋਕਾਂ ਨੂੰ ਗੁਮਰਾਹ ਕੀਤਾ ਹੈ।ਸੁਰਿੰਦਰ ਜਾਜਾ ਨੇ ਹੋਰ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਭਾਜਪਾ ਪੰਜਾਬ ਵਿੱਚ ਇੱਕ ਮਜਬੂਤ ਪਾਰਟੀ ਬਣ ਕੇ ਉਭਰੇਗੀ। ਇਸ ਮੌਕੇ ਬੌਬੀ ਰਾਜਪੁਰ ,ਬੀਨੂ ਪੰਡਿਤ, ਵਿਜੇ ਮੱਟੂ ਰਾਜਾ ਹਰਸੀ ਪਿੰਡ, ਜਸਵੰਤ ਸਿੰਘ ਢਡਿਆਲਾ ,ਗੋਗਾ ਮਸੀਤੀ, ਗੋਪੀ, ਹੈਪੀ ਹਰਸੀ ਪਿੰਡ, ਮਨੋਜ ਗੋਪੀ, ਭੂਪਾ ਹਰਸੀ ਪਿੰਡ, ਗੌਰਵ, ਗਗਨ ਦਸ਼ਮੇਸ਼ ਨਗਰ, ਅਸ਼ੋਕ ਕੁਮਾਰ ਜਾਜਾ, ਦੀਪੂ, ਅਸ਼ਵਨੀ ਕੁਮਾਰ, ਨਿੱਕਾ ਕੁਮਾਰ ਦਾਰਾਪੁਰ ਆਦਿ ਵੀ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਪਾਰੁਸ਼ੀ ਡੱਲਾ
ਪਿਤਾ : ਮੋਨੂੰ ਡੱਲਾ
ਮਾਤਾ : ਰੂਬੀ ਡੱਲਾ
ਵਾਸੀ : ਪ੍ਰੀਤ ਵਿਹਾਰ ਨਾਭਾ



ਜੰਨਤ ਰਿਆੜ
ਪਿਤਾ : ਬਿਕਰਮਜੀਤ ਸਿੰਘ ਰਿਆੜ
ਮਾਤਾ : ਨਵਨੀਤ ਕੌਰ ਰਿਆੜ
ਵਾਸੀ : ਭਰਥ

## ਸਰਕਾਰੀ ਹਾਈ ਸਕੂਲ ਮਹਾਲੋਂ ਨੇ ਦੋਆਬਾ ਗਰੁੱਪ ਆਫ਼ ਕਾਲਜਿਜ਼ ਦਾ ਵਿੱਦਿਅਕ ਟੂਰ ਕੀਤਾ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਸਰਕਾਰੀ ਹਾਈ ਸਕੂਲ ਮਹਾਲੋਂ ਵਿਖੇ ਦੋਆਬਾ ਗਰੁੱਪ ਆਫ਼ ਕਾਲਜਿਜ਼ ਦਾ ਵਿੱਦਿਅਕ ਦੌਰਾ ਕੀਤਾ ਗਿਆ। ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੇ ਮੌਕਿਆਂ ਅਤੇ ਕਾਲਜ ਕੈਂਪਸ ਦੀ ਜ਼ਿੰਦਗੀ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸੀ।ਦੌਰੇ ਦੌਰਾਨ, ਵਿਦਿਆਰਥੀਆਂ ਨੇ ਅਤਿ-ਆਧੁਨਿਕ ਕੈਂਪਸ ਦੀ ਪੜਚੋਲ ਕੀਤੀ ਅਤੇ ਵੱਖ-ਵੱਖ ਅਕਾਦਮਿਕ ਪ੍ਰੋਗਰਾਮਾਂ, ਸਹੂਲਤਾਂ ਅਤੇ ਸਰਕਾਰ ਬਾਰੇ ਜਾਣਿਆ। ਅਕਾਦਮਿਕ ਉੱਤਮਤਾ ਨੂੰ ਉਤਸ਼ਾਹਿਤ ਕਰਨ ਲਈ ਇਕ ਛੋਟਾ ਜਿਹਾ ਟੈਸਟ ਕਰਵਾਇਆ ਗਿਆ ਅਤੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪ੍ਰਦਰਸ਼ਨ ਦੀ ਮਾਨਤਾ ਦਿੰਦੇ ਹੋਏ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿਚ ਡਾ. ਰਾਜੇਸ਼ਵਰ ਸਿੰਘ (ਡਾਇਰੈਕਟਰ) ਨੇ ਸਕੂਲ ਸਟਾਫ਼ ਨੂੰ ਵਿਦਿਆਰਥੀਆਂ ਦੇ ਵਿਕਾਸ ਲਈ ਉਨ੍ਹਾਂ ਦੇ ਸਮਰਪਣ ਲਈ ਪ੍ਰਸ਼ੰਸਾ ਦੇ ਚਿੰਨ੍ਹ ਵਜੋਂ ਮੋਮੈਂਟੋ ਨਾਲ ਸਨਮਾਨਿਤ ਕੀਤਾ। ਜਿੱਥੇ ਵਿਦਿਆਰਥੀਆਂ ਨੇ ਆਪਣੀ ਰਿਫਰੈਸ਼ਮੈਂਟ ਦਾ ਵੀ ਆਨੰਦ ਮਾਣਿਆ। ਇਹ ਦੌਰਾ ਇਕ ਭਰਪੂਰ ਅਨੁਭਵ ਸੀ, ਜੋ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਅਤੇ ਕਰੀਅਰ ਦੀ ਸਫਲਤਾ ਲਈ ਟੀਚਾ ਰੱਖਣ ਲਈ ਪ੍ਰੇਰਿਤ ਕਰਦਾ ਸੀ।

## ਨੌਜਵਾਨ ਵਰਗ ਸਮਾਜਿਕ ਬੁਰਾਈਆਂ ਤੋਂ ਦੂਰ ਰਹੇ : ਮੋਮੀ, ਸੈਣੀ

**ਟਾਂਡਾ ਉੜਮੁੜ (ਉਂਕਾਰ ਸਿੰਘ)** ਪੰਜਾਬ ਦੇ ਨੌਜਵਾਨਾਂ ਨੂੰ ਰਲ ਕੇ ਜਿੱਥੇ ਨਸ਼ਿਆਂ ਵਿਰੁੱਧ ਮੁਹਿੰਮ ਚਲਾਉਣੀ ਚਾਹੀਦੀ ਹੈ ਉਥੇ ਇਕੱਠੇ ਹੋ ਕੇ ਸਮਾਜਿਕ ਬੁਰਾਈਆਂ ਖਿਲਾਫ ਵੀ ਵਿਸ਼ੇਸ਼ ਮੁਹਿੰਮ ਚਲਾਉਣੀ ਚਾਹੀਦੀ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਧਾਰਮਿਕ ਆਗੂ ਤੇ ਸਮਾਜ ਸੇਵਕ ਸਰਬਜੀਤ ਸਿੰਘ ਮੋਮੀ ਅਤੇ ਗੁਰਵਿੰਦਰ ਸਿੰਘ ਸੈਣੀ ਨੇ ਸਾਂਝੇ ਤੌਰ 'ਤੇ ਗੱਲਬਾਤ ਕਰਨ ਦੌਰਾਨ ਕੀਤਾ। ਉਹਨਾਂ ਕਿਹਾ ਕਿ ਸਮਾਜ ਵਿੱਚ ਵੱਧ ਰਹੀਆਂ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਸਮੁੱਚੇ ਨੌਜਵਾਨ ਵਰਗ ਨੂੰ ਇਕੱਠੇ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਅਤੇ ਪਿੰਡ-ਪਿੰਡ ਜਾ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਕੈਂਪ ਲਗਾਉਣੇ ਚਾਹੀਦੇ ਹਨ। ਉਕਤ ਆਗੂਆਂ ਨੇ ਹੋਰ ਕਿਹਾ ਕਿ ਨੌਜਵਾਨਾਂ ਵਿੱਚ ਵੱਧ ਰਹੀ ਨਸ਼ਿਆਂ ਦੀ ਆਦਤ ਅਤੇ ਦਹੇਜ ਪ੍ਰਥਾ ਦੀ ਆਦਤ ਨੂੰ ਰੋਕਣ ਲਈ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ। ਸਾਡੇ ਗੁਰੂਆਂ ਨੇ ਕੌਮ ਦੀ ਖਾਤਰ ਜੋ ਕੁਰਬਾਨੀਆਂ ਦਿੱਤੀਆਂ ਅੱਜ ਦੇ ਨੌਜਵਾਨਾਂ ਨੂੰ ਉਹਨਾਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਗੁਰੂ ਸਾਹਿਬ ਵਲੋਂ ਦਿੱਤੇ ਗਏ ਉਪਦੇਸ਼ਾਂ 'ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ 'ਤੇ ਉਹਨਾਂ ਦੇ ਨਾਲ ਮਨਦੀਪ ਸਿੰਘ ਸੈਣੀ ਸ਼ਾਹਪੁਰ, ਕੁਲਜੀਤ ਸਿੰਘ ਲੱਕੀ, ਗੁਰਪ੍ਰੀਤ ਸਿੰਘ ਸ਼ਾਲਾਪੁਰ, ਮਨਪ੍ਰੀਤ ਸਿੰਘ ਬੁੱਢੀ ਪਿੰਡ, ਸਵਰਨ ਸਿੰਘ ਬੁੱਢੀ ਪਿੰਡ, ਅਵਨਿੰਦਰ ਸਿੰਘ ਪੰਡੋਰੀ ,ਅਮਰੀਕ ਸਿੰਘ ਰਾਜਪੁਰ ਗਹੋਤ, ਗੁਰਸੇਵਕ ਸਿੰਘ ਮੂਨਕ ਖੁਰਦ, ਲਖਬੀਰ ਸਿੰਘ ਲੱਖਾ ਗੰਬੋਵਾਲ, ਅਜੀਤ ਸਿੰਘ ਮੂਨਕ ਕਲਾਂ, ਹਰਪ੍ਰੀਤ ਸਿੰਘ ਰਾਜਪੁਰ, ਮਿਸਤਰੀ ਗੁਰਦੀਪ ਸਿੰਘ ਮੂਨਕ ਖੁਰਦ, ਜਸਵੰਤ ਸਿੰਘ ਕਲੋਆ, ਹਰਭਜਨ ਸਿੰਘ ਕਲੋਆ, ਜਸਵਿੰਦਰ ਸਿੰਘ ਓਹੜਪੁਰ ਤੋਂ ਇਲਾਵਾ ਹੋਰ ਕਈ ਨੌਜਵਾਨ ਹਾਜ਼ਰ ਸਨ।




ਪਬਲਿਕ ਨੋਟਿਸ

ICICI Bank
Registered Office: ICICI Bank Tower, Near Chakli Circle, Old Padra Road, Vadodara- 390 007
Corporate Office: ICICI Bank Towers, Bandra-Kurla Complex Mumbai 400051

ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ("ਆਈ ਸੀ ਆਈ ਸੀ ਆਈ ਬੈਂਕ") ਤੋਂ ਲਏ ਗਏ ਕਰਜ਼ੇ ("ਸਹੂਲਤ") ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 20 ਫਰਵਰੀ 2025 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ ਬਾਅਦ ਦੁਪਹਿਰ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜਾ ਖਾਤਾ ਨੰ. | ਗਾਹਕ ਦਾ ਨਾਮ |
|---|---|
| ਬਰਾਂਚ ਦਾ ਨਾਂਅ : ਅਬੋਹਰ | |
| 189462003454 | ਗੁਰਾਦੇਵ ਸਿੰਘ |
| 189462003490 | ਰਵੀਇੰਦਰ ਸਿੰਘ |
| ਬਰਾਂਚ ਦਾ ਨਾਂਅ : ਅਹਿਮਦਗੜ੍ਹ | |
| 096862002769 | ਮਜੀਦਾ ਮਜੀਦਾ |
| 096862004660 | ਮਜੀਦਾ ਮਜੀਦਾ |
| ਬਰਾਂਚ ਦਾ ਨਾਂਅ : ਅਜਨਾਲਾ | |
| 108362008686 | ਸੁਖਦੇਵ ਸਿੰਘ |
| ਬਰਾਂਚ ਦਾ ਨਾਂਅ : ਅਮਲੋਹ | |
| 151462001766 | ਅਮਨਦੀਪ ਕੌਰ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ - ਰਣਜੀਤ ਐਵੀਨਿਊ | |
| 060862001621 | ਸਹਿਜਪਾਲ ਸਿੰਘ |
| ਬਰਾਂਚ ਦਾ ਨਾਂਅ : ਅਟਾਰੀ | |
| 390605000492 | ਗੁਰਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਬਲਾਚੌਰ, ਪੰਜਾਬ | |
| 357262001482 | ਉਂਕਾਰ ਸਿੰਘ |
| ਬਰਾਂਚ ਦਾ ਨਾਂਅ : ਬੰਗਾ | |
| 152062001496 | ਵਿਜੇ ਕੁਮਾਰ |
| 152062001497 | ਮਨਜੀਤ ਕੌਰ |
| ਬਰਾਂਚ ਦਾ ਨਾਂਅ : ਬੱਸੀ ਪਠਾਣਾ | |
| 383462001861 | ਕਮਲ ਕ੍ਰਿਸ਼ਨ |
| 383462002163 | ਮਨਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਭੋਗਪੁਰ | |
| 374562000531 | ਵਰਿੰਦਰ ਕੁਮਾਰ |
| ਬਰਾਂਚ ਦਾ ਨਾਂਅ : ਭੁਚੋ ਮੰਡੀ, ਪੰਜਾਬ | |
| 357962001722 | ਅਰਸ਼ਦੀਪ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ - ਸੈਕਟਰ 9ਸੀ | |
| 001362013766 | ਸੰਜੇ ਸਿੰਘ |
| ਬਰਾਂਚ ਦਾ ਨਾਂਅ : ਡੇਰਾਬੱਸੀ | |
| 096705004183 | ਮੁਹੰਮਦ ਨਦੀਮ |
| ਬਰਾਂਚ ਦਾ ਨਾਂਅ : ਦੀਨਾਨਗਰ, ਪੰਜਾਬ | |
| 355962002189 | ਵਰਿੰਦਰ ਕੁਮਾਰ |
| ਬਰਾਂਚ ਦਾ ਨਾਂਅ : ਦੋਰਾਹਾ | |
| 078762002648 | ਹਰਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਫਤਿਹਗੜ੍ਹ ਚੂੜੀਆਂ | |
| 283062002841 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਗਿੱਦੜਬਾਹਾ | |
| 199905004479 | ਹਰਨੇਚਲ ਸਿੰਘ |
| 199962004289 | ਦਲਜਿੰਦਰ ਸਿੰਘ |
| 199962004315 | ਬਲਵੀਰ ਕੁਮਾਰ |
| 199962004332 | ਗੁਰਵਿੰਦਰ ਸਿੰਘ |
| 199962004757 | ਸੁਖਦੀਪ ਕੌਰ |
| ਬਰਾਂਚ ਦਾ ਨਾਂਅ : ਗੋਨਿਆਣਾ ਮੰਡੀ | |
| 380362001586 | ਅਮਰੀਕ ਸਿੰਘ |
| 380362002484 | ਬਲਵਿੰਦਰ ਕੌਰ |
| ਬਰਾਂਚ ਦਾ ਨਾਂਅ : ਗੁਰਦਾਸਪੁਰ | |
| 050162002836 | ਪਲਵਿੰਦਰ ਸਿੰਘ |
| 050162004454 | ਪਲਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਹੁਸ਼ਿਆਰਪੁਰ | |
| 023662002593 | ਹਰਪਾਲ ਸਿੰਘ |
| ਬਰਾਂਚ ਦਾ ਨਾਂਅ : ਜਲਾਲਾਬਾਦ | |
| 211862005307 | ਛਿੰਦਰ ਸਿੰਘ |
| ਬਰਾਂਚ ਦਾ ਨਾਂਅ : ਜਲੰਧਰ - ਮਕਸੂਦਾਂ | |
| 432205000530 | ਬੇਬੀ ਗਾਂਧੀ |
| ਬਰਾਂਚ ਦਾ ਨਾਂਅ : ਜਲੰਧਰ - ਅਰਬਨ ਅਸਟੇਟ | |
| 361262000475 | ਮੁਨੀਸ਼ ਆਨੰਦ |
| ਬਰਾਂਚ ਦਾ ਨਾਂਅ : ਜੰਡਿਆਲਾ | |
| 151362001692 | ਗੁਰਪ੍ਰਸ਼ਾਦ ਸਿੰਘ |
| ਬਰਾਂਚ ਦਾ ਨਾਂਅ : ਕਲਾਨੌਰ - ਪੰਜਾਬ | |
| 357405003747 | ਕਵਲਜੀਤ ਕੌਰ |
| 357462001181 | ਭਜਨ ਕੌਰ |
| 357462002008 | ਰਣਜੀਵ ਸਿੰਘ |
| ਬਰਾਂਚ ਦਾ ਨਾਂਅ : ਕਪੂਰਥਲਾ | |
| 044905001448 | ਰਮਨ ਦੀਪ ਸਿੰਘ |
| 044962003111 | ਸ਼ਰਨਜੀਤ ਕੌਰ |
| ਬਰਾਂਚ ਦਾ ਨਾਂਅ : ਖਮਾਣੋ | |
| 199462001617 | ਸੰਦੀਪ ਕੌਰ |
| 199462002139 | ਸਮਨਦੀਪ ਕੌਰ |
| ਬਰਾਂਚ ਦਾ ਨਾਂਅ : ਖਰੜ | |
| 079162003575 | ਹਰਜੀਤ ਸਿੰਘ |
| ਬਰਾਂਚ ਦਾ ਨਾਂਅ : ਲੋਹੀਆਂ ਖਾਸ | |
| 374862000436 | ਗੁਰਦੀਪ ਸਿੰਘ |
| ਬਰਾਂਚ ਦਾ ਨਾਂਅ : ਲੌਂਗੋਵਾਲ | |
| 178162003083 | ਅਰਸ਼ਦੀਪ ਸਿੰਘ |
| ਬਰਾਂਚ ਦਾ ਨਾਂਅ : ਲੁਧਿਆਣਾ - ਸਿਵਲ ਲਾਈਨਜ਼ | |
| 237762001315 | ਵਨੀਤਾ ਗੁਪਤਾ |
| ਬਰਾਂਚ ਦਾ ਨਾਂਅ : ਲੁਧਿਆਣਾ - ਰਾਹੋਂ ਰੋਡ | |
| 336462000534 | ਗਗਨਦੀਪ ਕੁਮਾਰ |
| ਬਰਾਂਚ ਦਾ ਨਾਂਅ : ਲੁਧਿਆਣਾ - ਫਾਇਰ ਸਟੇਸ਼ਨ | |
| 631905016493 | ਇਕਬਾਲ ਸਿੰਘ |
| 631905016347 | ਪੁਨੀਤ ਸ਼ਰਮਾ |
| ਬਰਾਂਚ ਦਾ ਨਾਂਅ : ਮਜੀਠਾ, ਪੰਜਾਬ | |
| 357005001615 | ਦਿਆਲ ਮਸੀਹ |
| ਬਰਾਂਚ ਦਾ ਨਾਂਅ : ਮਲੌਦ | |
| 397962000946 | ਮਨਦੀਪ ਸਿੰਘ |
| 397962001166 | ਅਮਰ ਸਿੰਘ |
| ਬਰਾਂਚ ਦਾ ਨਾਂਅ : ਮਲੌਟ | |
| 151962004981 | ਮਨਦੀਪ ਸ਼ਰਮਾ |
| ਬਰਾਂਚ ਦਾ ਨਾਂਅ : ਮਾਨਸਾ | |
| 044662004769 | ਹਰਬੰਸ ਸਿੰਘ |
| 044662005339 | ਤਾਰਾ ਕੌਰ |
| 044662005220 | ਤਾਰਾ ਕੌਰ |
| ਬਰਾਂਚ ਦਾ ਨਾਂਅ : ਮੌੜ ਮੰਡੀ, ਪੰਜਾਬ | |
| 355662003811 | ਲਖਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਮੋਹਾਲੀ | |
| 005862010397 | ਸੁਸ਼ਮਾ ਚੌਧਰੀ |
| ਬਰਾਂਚ ਦਾ ਨਾਂਅ : ਮੋਰਿੰਡਾ, ਪੰਜਾਬ | |
| 358262001061 | ਇੰਦਰਜੀਤ ਸਿੰਘ |
| 358262001663 | ਇੰਦਰਜੀਤ ਸਿੰਘ |
| ਬਰਾਂਚ ਦਾ ਨਾਂਅ : ਨਾਭਾ | |
| 078962001210 | ਇੰਦਰਜੀਤ ਸਿੰਘ ਸੰਧੂ |
| 078905004259 | ਸਰਬਜੀਤ ਸਿੰਘ |
| 078905004735 | ਵਰਿੰਦਰ ਸਿੰਘ ਪੂਨੀਆਂ |
| ਬਰਾਂਚ ਦਾ ਨਾਂਅ : ਨੰਗਲ | |
| 152362002404 | ਵਿਸ਼ਾਲ ਵਿਸ਼ਾਲ |
| ਬਰਾਂਚ ਦਾ ਨਾਂਅ : ਨਥਾਣਾ | |
| 447062000199 | ਲਖਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਨਿਊ ਅੰਮ੍ਰਿਤਸਰ | |
| 733562000235 | ਹਰਪਾਲ ਸਿੰਘ |
| 733562000401 | ਹਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਪਠਾਨਕੋਟ | |
| 027105002637 | ਗਿਰੀਰਾਜ ਸਿੰਘ |
| ਬਰਾਂਚ ਦਾ ਨਾਂਅ : ਪਟਿਆਲਾ - ਲੀਲਾ ਭਵਨ | |
| 016205007945 | ਅਥਾਰੂਸੁਮੋ ਨਰਸਿੰਗ |
| ਬਰਾਂਚ ਦਾ ਨਾਂਅ : ਪਾਤੜਾਂ | |
| 283162004397 | ਗੁਰਦੀਪ ਸਿੰਘ |
| 283162004418 | ਪਰਮਜੀਤ ਸਿੰਘ |
| ਬਰਾਂਚ ਦਾ ਨਾਂਅ : ਫਗਵਾੜਾ | |
| 632162003000 | ਰਘੂ ਸ਼ਰਮਾ |
| ਬਰਾਂਚ ਦਾ ਨਾਂਅ : ਕਾਦੀਆਂ | |
| 411805001596 | ਮਨੋਜ ਕੁਮਾਰ |
| ਬਰਾਂਚ ਦਾ ਨਾਂਅ : ਰਾਜਪੁਰਾ | |
| 047762007713 | ਨਰਿੰਦਰ ਸਿੰਘ |
| ਬਰਾਂਚ ਦਾ ਨਾਂਅ : ਰੋਪੜ | |
| 055362002231 | ਦਵਿੰਦਰ ਕੁਮਾਰ |
| ਬਰਾਂਚ ਦਾ ਨਾਂਅ : ਸਾਦਿਕ, ਪੰਜਾਬ | |
| 357162002512 | ਗੁਰਦੀਪ ਸਿੰਘ |
| ਬਰਾਂਚ ਦਾ ਨਾਂਅ : ਸਾਹਨੇਵਾਲ | |
| 151762001492 | ਦਿਨੇਸ਼ ਚੋਪੜਾ |
| ਬਰਾਂਚ ਦਾ ਨਾਂਅ : ਸਮਾਣਾ | |
| 152162004969 | ਜੋਗਿੰਦਰ ਸਿੰਘ |
| 152162005994 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਸੰਗਰੂਰ | |
| 029362003333 | ਹਰਬੰਸ ਕੌਰ |
| ਬਰਾਂਚ ਦਾ ਨਾਂਅ : ਸ਼ਾਹਕੋਟ | |
| 216662001636 | ਹਰਵਿੰਦਰ ਕੌਰ |
| ਬਰਾਂਚ ਦਾ ਨਾਂਅ : ਸਰਹਿੰਦ | |
| 150662004110 | ਬਲਜੀਤ ਕੌਰ |
| ਬਰਾਂਚ ਦਾ ਨਾਂਅ : ਸੁਲਰਾਘਾਟ, ਪੰਜਾਬ | |
| 356362001413 | ਕਰਮਜੀਤ ਸਿੰਘ |
| 356362002006 | ਅਮਰੀਕ ਸਿੰਘ |
| ਬਰਾਂਚ ਦਾ ਨਾਂਅ : ਤਲਵੰਡੀ ਸਾਬੋ | |
| 150762006389 | ਜੱਸਾ ਸਿੰਘ |
| ਬਰਾਂਚ ਦਾ ਨਾਂਅ : ਟਾਂਡਾਉੜਮੁੜ | |
| 087862003099 | ਅਮਰਦੀਪ ਸ਼ਰਮਾ |
| 087862002249 | ਸ਼ਿੰਦਰ ਪਾਲ ਸਿੰਘ |
| 087862002267 | ਹਰਭਜਨ ਸਿੰਘ |
| ਬਰਾਂਚ ਦਾ ਨਾਂਅ : ਤਪਾ | |
| 417462001933 | ਬਲਵਿੰਦਰ ਸਿੰਘ |
| 417462002343 | ਸੁਖਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਤਰਨ-ਤਾਰਨ | |
| 050562003611 | ਬਿਕਰਮਜੀਤ ਸਿੰਘ |
| ਬਰਾਂਚ ਦਾ ਨਾਂਅ : ਜ਼ੀਰਕਪੁਰ | |
| 050762003529 | ਮਨਜੀਤ ਕੌਰ |
| ਬਰਾਂਚ ਦਾ ਨਾਂਅ : ਚੰਡੀਗੜ੍ਹ - ਸੈਕਟਰ 9 ਸੀ | |
| 001362013766 | ਸੰਜੇ ਸਿੰਘ |
| ਬਰਾਂਚ ਦਾ ਨਾਂਅ : ਪੋਰਟ ਬਲੇਅਰ - ਗਾਰਾਚਰਮਾ | |
| 387962000988 | ਪੀ ਵੀਰਸ਼ ਕੁਮਾਰ |

ਮਿਤੀ :- 10-02-2025
ਸਥਾਨ :- ਚੰਡੀਗੜ੍ਹ, ਲੁਧਿਆਣਾ, ਮਲੇਟਕੋਟਲਾ, ਮਾਨਸਾ, ਮੁਕਤਸਰ, ਪਠਾਨਕੋਟ, ਪਟਿਆਲਾ, ਰੂਪਨਗਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਤਰਨ-ਤਾਰਨ, ਅੰਮ੍ਰਿਤਸਰ, ਬਰਨਾਲਾ, ਬਠਿੰਡਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਹਾਲੀ

ਸਹੀ/- ਅਧਿਕਾਰਤ ਅਫ਼ਸਰ
ਵਾਸਤੇ ਆਈਸੀਆਈਸੀਆਈ ਬੈਂਕ ਲਿਮਿਟਡ